ISSN 2394-8507
ਭੇਟਾ : ₹ ੫/-

ਮਾਸਿਕ

ਗੁਰਮਤਿ ਪ੍ਰਕਾਸ਼

ਜਿਲਦ : ੬੯ ਪੋਹ-ਮਾਘ ਸੰਮਤ ਨਾਨਕਸ਼ਾਹੀ ੫੫੭ ਜਨਵਰੀ ੨੦੨੬ ਅੰਕ : ੧੦
Vol. : 69 January 2026 Issue : 10



ਗੁਰਦੁਆਰਾ ਜਨਮ ਅਸਥਾਨ ਬਾਬਾ ਦੀਪ ਸਿੰਘ ਜੀ,
ਪਹੁਵਿੰਡ (ਜ਼ਿਲ੍ਹਾ ਤਰਨ ਤਾਰਨ)

ਡਾਇਰੈਕਟੋਰੇਟ ਆਫ਼ ਐਜੂਕੇਸ਼ਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਸ਼੍ਰੋਮਣੀ ਕਮੇਟੀ ਦੇ ਸਕੂਲਾਂ ਦੀਆਂ ਵਿਸ਼ੇਸ਼ ਸਹੂਲਤਾਂ

- ਐਕਟੀਵਿਟੀ ਬੇਸਡ ਲਰਨਿੰਗ
- ਉੱਚ ਗੁਣਵੱਤਾ ਵਾਲੇ ਅਧਿਆਪਕ
- ਸਮਾਰਟ ਕਲਾਸਰੂਮ, ਪਲੇਅ ਸਟੇਸ਼ਨ
- ਸੈਂਟ੍ਰਲਾਈਜ਼ਡ ਸਿਲੇਬਸ ਅਤੇ ਪ੍ਰੀਖਿਆਵਾਂ
- ਮਾਡਰਨ ਸਾਇੰਸ, ਕੰਪਿਊਟਰ ਅਤੇ ਭਾਸ਼ਾ ਲੈਬਜ਼
- ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਹਰ ਸਾਲ ਵਜ਼ੀਫ਼ੇ
- ਪ੍ਰੈਕਟੀਕਲ ਗਿਆਨ ਅਤੇ ਸਕਿਲਜ਼ ਉੱਪਰ ਵਿਸ਼ੇਸ਼ ਧਿਆਨ
- ਉੱਚੀਆਂ ਕਦਰਾਂ ਕੀਮਤਾਂ ਅਤੇ ਨੈਤਿਕ ਸਿੱਖਿਆ ਦਾ ਪ੍ਰਬੰਧ
- ਆਰ.ਓ ਸਿਸਟਮ, ਸੀਸੀਟੀਵੀ ਕੈਮਰੇ, ਬੱਸਾਂ ਦੀ ਸਹੂਲਤ
- ਲਾਇਬ੍ਰੇਰੀ ਦੀ ਸਹੂਲਤ, ਵਿਸ਼ਾਲ ਖੇਡ ਸਟੇਡੀਅਮ
- ਪ੍ਰਤੀਯੋਗੀ ਪ੍ਰੀਖਿਆਵਾਂ 'ਤੇ ਵਿਸ ਧਿਆਨ

“ਆਪਣੇ ਬੱਚੇ ਨੂੰ ਮਿਆਰੀ ਸਿੱਖਿਆ ਦਿਵਾਉਣ ਤੋਂ ਇਲਾਵਾ ਸਿੱਖੀ ਸਿਧਾਂਤਾਂ ਪ੍ਰਤੀ ਜਾਗਰੂਕ ਕਰਨ ਅਤੇ ਸਰਬਪੱਖੀ ਸ਼ਖ਼ਸ਼ੀਅਤ ਦੇ ਵਿਕਾਸ ਲਈ ਨੈਤਿਕ ਸਿੱਖਿਆ ਨਾਲ ਭਰਪੂਰ ਜੀਵਨ ਜਿਉਣ ਦੀ ਜਾਚ ਦੀ ਸਿਖਲਾਈ ਲਈ ਨੇੜੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਵਿੱਚ ਦਾਖ਼ਲ ਕਰਵਾਓ।”

- ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ.ਗੁ.ਪ੍ਰ. ਕਮੇਟੀ

Special focus on Competitive exams

www.desgpc.org | 75270-07300 | Directorate of Education SGPC | Directorate of Education SGPC

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਪੋਹ-ਮਾਘ, ਸੰਮਤ ਨਾਨਕਸ਼ਾਹੀ ੫੫੭ ਜਨਵਰੀ 2026

ਜਿਲਦ ੬੯ (Vol. 69) ਅੰਕ ੧੦ (Issue 10)

ਸੰਪਾਦਕ
ਸਤਵਿੰਦਰ ਸਿੰਘ

ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

ਚੰਦਾ

(ਦੇਸ਼)		(ਵਿਦੇਸ਼)	
ਪ੍ਰਤੀ ਕਾਪੀ	₹ 5	ਸਾਲਾਨਾ	₹ 1250
ਸਾਲਾਨਾ	₹ 50	ਪੰਜ ਸਾਲ	₹ 5000
ਪੰਜ ਸਾਲ	₹ 250	ਲਾਈਫ਼	₹ 10000
ਲਾਈਫ਼	₹ 500		

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੫
ਸੰਪਾਦਕੀ		੬
ਧਰਮ ਦੀ ਚਾਦਰ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	-ਪ੍ਰੋ. ਕਿਰਪਾਲ ਸਿੰਘ ਬਡੂੰਗਰ	੮
ਧਰਮ ਹੇਤ ਸਾਕਾ ਜਿਨਿ ਕੀਆ		
ਧਰਮ ਦੀ ਰਾਖੀ ਲਈ ਅਦੁੱਤੀ ਸ਼ਹਾਦਤ	-ਸ. ਗੁਰਚਰਨਜੀਤ ਸਿੰਘ ਲਾਂਬਾ	੧੮
ਜਨਵਰੀ ਅਤੇ ਫਰਵਰੀ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ		੨੧
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ: ਸ਼ਬਦ ਤੋਂ ਸ਼ਹਾਦਤ ਤਕ	-ਡਾ. ਪਰਮਵੀਰ ਸਿੰਘ	੨੨
ਮਾਨਵਤਾ ਦੇ ਗੁਰੂ: ਸ੍ਰੀ ਗੁਰੂ ਗੋਬਿੰਦ ਸਿੰਘ ਜੀ	-ਡਾ. ਰੂਪ ਸਿੰਘ	੨੭
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਭੈ-ਮੁਕਤ ਸਮਾਜ ਦੇ		
ਸੰਕਲਪ ਦਾ ਇਤਿਹਾਸਿਕ ਪ੍ਰਭਾਵ	-ਡਾ. ਰਾਜਿੰਦਰ ਸਿੰਘ ਕੁਰਾਲੀ	੩੫
ਸ੍ਰੀ ਤੇਗ ਬਹਾਦਰ ਸਾਹਿਬ ਜੀ	-ਸ. ਤੀਰਥ ਸਿੰਘ ਢਿਲਵਾਂ	੩੭
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ...	-ਸ. ਗੁਰਦੀਪ ਸਿੰਘ	੪੦
ਸ਼ਹੀਦ ਬਾਬਾ ਦੀਪ ਸਿੰਘ ਜੀ	-ਡਾ. ਹਰਬੰਸ ਸਿੰਘ	੪੪
ਗੁਰਦਾਸ ਨੰਗਲ ਦਾ ਘੇਰਾ	-ਡਾ. ਸਰਬਜੀਤ ਸਿੰਘ ਛੀਨਾ	੫੪
ਪੰਜਾਬ ਦੇ ਦੋਆਬੇ	-ਸ. ਅਜ਼ਾਦ ਦੀਪ ਸਿੰਘ	੬੧
ਅਨਮੋਲ ਵਿਚਾਰ	-ਭਾਈ ਰੇਸ਼ਮ ਸਿੰਘ	੬੫
ਰਾਗੁ ਸੋਰਠਿ	-ਮਾ. ਬਲਬੀਰ ਸਿੰਘ ਹੰਸਪਾਲ	੭੧
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ	-ਸ. ਮਨਦੀਪ ਸਿੰਘ	੭੩
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਉਪਕਾਰ (ਕਵਿਤਾ)	-ਸ. ਸੁਰਜੀਤ ਸਿੰਘ	੮੧
ਕਿਤਾਬ ਬੋਲਦੀ ਹਾਂ... (ਕਵਿਤਾ)	-ਭਾਈ ਹਰਪ੍ਰੀਤ ਸਿੰਘ	੮੨
ਸਿੱਖ ਸਾਹਿਤ ਦੇ ਰੂ-ਬ-ਰੂ (੬)	-ਡਾ. ਰਣਜੀਤ ਕੌਰ ਪੰਨਵਾਂ	੮੩
ਮਤੇ		੮੫
ਖ਼ਬਰਨਾਮਾ		੮੭

ਗੁਰਬਾਣੀ ਵਿਚਾਰ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਪਉੜੀ ਦੇ ਅੰਦਰ ਮਾਘ ਮਹੀਨੇ ਦੀ ਬਹਾਰ ਅਤੇ ਵਾਤਾਵਰਨ ਦਾ ਸੰਕੇਤਕ ਵਰਣਨ ਕਰਦਿਆਂ ਮਨੁੱਖ ਨੂੰ ਵਿਕਾਰਾਂ ਤੇ ਔਗੁਣਾਂ ਨੂੰ ਤਿਆਗਣ ਅਤੇ ਗੁਣਾਂ ਨੂੰ ਅਪਣਾਉਣ ਦੀ ਨਿਰਮਲ ਗੁਰਮਤਿ ਸਿੱਖਿਆ ਬਖ਼ਸ਼ਿਸ਼ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਮਾਘ ਦੇ ਮਹੀਨੇ ਵਿਚ ਸਾਧੂਆਂ ਜਾਂ ਭਲੇ ਮਨੁੱਖਾਂ ਦੀ ਸੰਗਤ ਰੂਪ ਧੂੜੀ ਦਾ ਅਤਿਅੰਤ ਨਿਮਰਤਾ ਤੇ ਹਲੀਮੀ ਧਾਰਨ ਕਰ ਕੇ ਇਸ਼ਨਾਨ ਕਰੋ। ਇਸ ਮਹੀਨੇ ਪਰਮਾਤਮਾ ਦਾ ਨਾਮ ਧਿਆਵੋ। ਪਾਵਨ-ਪਵਿੱਤਰ ਨਾਮ ਨੂੰ ਸੁਣ ਕੇ ਪ੍ਰਾਪਤ ਹੋਇਆ ਨਾਮ-ਦਾਨ ਅੱਗੋਂ ਸਾਰਿਆਂ ਸੰਗ-ਸਾਥ ਵਾਲਿਆਂ ਨੂੰ ਵੰਡੋ। ਗੁਰੂ ਜੀ ਕਥਨ ਕਰਦੇ ਹਨ ਕਿ ਉਕਤ ਵਰਣਿਤ ਗੁਰਮਤਿ ਉਪਦੇਸ਼ ਅਮਲ ਵਿਚ ਲਿਆਓਗੇ ਤਾਂ ਜਨਮਾਂ-ਜਨਮਾਂ ਦੇ ਕੀਤੇ ਮਾੜੇ ਕਰਮਾਂ ਦੀ ਮੈਲ ਉਤਰ ਜਾਏਗੀ ਅਤੇ ਮਨ ਤੋਂ ਅਹੰਕਾਰ ਚਲਾ ਜਾਏਗਾ। ਕਾਮ ਅਤੇ ਕ੍ਰੋਧ ਵਰਗੇ ਵਿਕਾਰ ਤਦੋਂ ਨਹੀਂ ਖਿੱਚਣਗੇ। ਮਨੁੱਖੀ ਮਨ ਅੰਦਰੋਂ ਲੋਭ ਰੂਪੀ ਕੁੱਤਾ ਵੀ ਖ਼ਤਮ ਹੋ ਜਾਵੇਗਾ। ਇਹ ਸੱਚਾ ਰਸਤਾ ਹੈ ਜਿਸ 'ਤੇ ਤੁਰਨ ਨਾਲ ਸੁਭਾਵਿਕ ਹੀ ਸੰਸਾਰ ਵੀ ਸੱਚੀ ਪ੍ਰਸੰਸਾ ਕਰਦਾ ਹੈ। ਮਨੁੱਖ ਲਈ ਦਇਆ-ਭਾਵਨਾ ਭਾਵ ਗਰੀਬ ਦੇ ਪ੍ਰਤੀ ਤਰਸ ਅਤੇ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਦਾ ਖਿਆਲ ਕਰਨਾ ਬਹੁਤ ਮਹੱਤਵਪੂਰਨ ਹੈ, ਜਿਸ 'ਚ ਅਠਾਹਠ ਤੀਰਥਾਂ ਦਾ ਇਸ਼ਨਾਨ ਅਤੇ ਉੱਥੇ ਜਾ ਕੇ ਕਮਾਏ ਜਾਣ ਵਾਲੇ ਪੁੰਨ-ਕਰਮ ਸਹਿਜੇ ਹੀ ਸ਼ਾਮਲ ਹੁੰਦੇ ਹਨ ਭਾਵ ਇਨ੍ਹਾਂ ਦੇ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਨਾਮ-ਸਿਮਰਨ ਦੀ ਉੱਚੀ ਵਸਤੂ ਜਿਸ ਮਨੁੱਖ ਨੂੰ ਪ੍ਰਭੂ-ਦਇਆ ਨਾਲ ਮਿਲ ਜਾਂਦੀ ਹੈ। ਉਹ ਮਨੁੱਖ ਸਿਆਣਾ ਹੋ ਜਾਂਦਾ ਹੈ। ਹੇ ਨਾਨਕ! ਨਾਮ-ਸਿਮਰਨ ਕਰ ਕੇ ਜਿਨ੍ਹਾਂ ਨੂੰ ਮਾਲਕ ਮਿਲ ਗਿਆ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰਮਤਿ ਦੀ ਕਸਵੱਟੀ ਅਨੁਸਾਰ ਮਾਘ ਦੇ ਮਹੀਨੇ ਵਿਚ ਸੁੱਚੇ ਭਾਵ ਇਸ਼ਨਾਨ ਕਰਨ ਵਾਲੇ ਉਹ ਹੀ ਹਨ ਜਿਨ੍ਹਾਂ ਉੱਪਰ ਪੂਰਨ ਸਮਰੱਥ ਗੁਰੂ ਦੀ ਕਿਰਪਾ ਹੈ ਭਾਵ ਜੋ ਗੁਰੂ ਦੀ ਅਗਵਾਈ 'ਚ ਜੀਵਨ ਸਫ਼ਲਾ ਕਰ ਰਹੇ ਹਨ। ■

ਸੰਪਾਦਕੀ...

ਨਾ ਕੋ ਬੈਰੀ ਨਹੀ ਬਿਗਾਨਾ...

ਗੁਰਮਤਿ ਵਿਚਾਰਧਾਰਾ ਦੇ ਸੂਰਜ ਉਦੈ ਹੋਣ ਤੋਂ ਪਹਿਲਾਂ ਧਰਮ ਦਾ ਸਕਾਰਾਤਮਕ ਸਰੂਪ ਲਗਪਗ ਗਾਇਬ ਸੀ। ਇਸੇ ਹਾਲਤ ਨੂੰ 'ਧਰਮੁ ਪੰਖ ਕਰਿ ਉਡਰਿਆ' ਫੁਰਮਾਨ ਕੀਤਾ ਗਿਆ ਹੈ। ਮਨੁੱਖਤਾ ਦੀ ਭਲਾਈ, ਸਰਬ-ਸਾਧਾਰਨ ਲੋਕਾਂ 'ਚ ਆਪਣੀ ਭਾਈਚਾਰਕ ਸਾਂਝ ਨੂੰ ਮਹਿਸੂਸ ਕਰਵਾਉਣ ਅਤੇ ਅਮਲੀ ਰੂਪ 'ਚ ਇਹ ਸਾਂਝ ਸਥਾਪਿਤ ਕਰਨ ਦੇ ਕਾਰਨਾਮੇ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਪਹਿਲ ਕਦਮੀ ਅਤੇ ਦਸ ਗੁਰੂ ਸਾਹਿਬਾਨ ਦੀ ਅਥਾਹ ਘਾਲਣਾ ਨੇ ਹੀ ਸਰਅੰਜਾਮ ਦਿੱਤਾ। ਇਹ ਗੁਰੂ-ਘਰ ਹੀ ਹੈ ਜਿਸ ਨੇ 'ਖਹਿ ਮਰਦੇ ਬਾਮ੍ਹਣਿ ਮਉਲਾਣੇ' ਵੈਰ-ਵਿਰੋਧ ਕਮਾਉਣੋਂ ਰੋਕੇ। ਇਹ ਗੁਰੂ-ਘਰ ਹੀ ਹੈ ਜਿਸ ਨੇ 'ਸੱਜਣ' ਨਾਂ ਧਾਰ ਕੇ ਲੋਕਾਈ ਨੂੰ ਲੁੱਟਣ ਤੇ ਮਾਰ-ਖਪਾ ਛੱਡਣ ਵਾਲੇ ਬਗਲੇ-ਭਗਤਾਂ ਨੂੰ ਲੋਕ-ਹਿੱਤਾਂ ਵਾਸਤੇ ਧਰਮਸ਼ਾਲ ਚਲਾਉਣ ਵਾਲੇ ਪਰਉਪਕਾਰੀ ਸਿੱਖ ਬਣਾ ਕੇ ਲੋਕਾਈ ਦੇ ਕਲਿਆਣ ਦੇ ਜ਼ਾਮਨ ਬਣਾ ਦਿੱਤਾ। ਇੱਥੋਂ ਤਕ ਕਿ ਕੌਡੇ ਭੀਲ ਵਰਗੇ ਮਨੁੱਖਾਂ ਨੂੰ ਮਾਰ-ਮੁਕਾਉਣ ਵਾਲਿਆਂ ਨੂੰ ਵੀ ਸਭ ਬੰਦਿਆਂ ਨਾਲ ਸਾਂਝ ਮਹਿਸੂਸ ਕਰਨ ਦਾ ਰਾਹ ਦਿਖਾ ਦਿੱਤਾ। ਗੁਰੂ-ਘਰ ਨੇ ਭਾਈ ਘਨ੍ਹੱਈਆ ਜੀ ਵਰਗੇ ਸੇਵਾ ਤੇ ਪਰਉਪਕਾਰ ਦੇ ਅਨੋਖੇ ਵਿਸਮਾਦੀ ਮਾਡਲ ਭਾਵ ਆਦਰਸ਼ ਸਿੱਖ ਵਿਕਸਿਤ ਕੀਤੇ ਜਿਨ੍ਹਾਂ ਨੇ ਮੈਦਾਨ-ਏ-ਜੰਗ ਵਿਚ ਬਿਨਾਂ ਵਿਤਕਰੇ ਸਿੱਖ ਅਤੇ ਮੁਗ਼ਲ ਸਿਪਾਹੀਆਂ ਨੂੰ ਜਲ ਛਕਾ, ਠੰਡ/ਸੀਤਲਤਾ ਵਰਤਾਈ ਤੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਈ। ਐਸੀਆਂ ਅਨੇਕਾਂ ਹੋਰ ਉਦਾਹਰਨਾਂ ਸਰਬ-ਸਾਂਝੀਵਾਲਤਾ, ਮਨੁੱਖਤਾ ਦੀ ਨਿਸ਼ਕਾਮ ਸੇਵਾ, .ਗ਼ਰੀਬ/ਕਮਜ਼ੋਰ ਨਿਤਾਣੇ ਲੋਕਾਂ ਨੂੰ ਤਨੋ-ਮਨੋ ਨਿੱਗਰ ਮਦਦ ਦੇਣ ਸੰਬੰਧੀ ਗੁਰ-ਇਤਿਹਾਸ/ਸਿੱਖ ਇਤਿਹਾਸ ਦੇ ਪੰਨਿਆਂ 'ਚ ਸੁਨਿਹਰੀ ਅੱਖਰਾਂ 'ਚ ਅੰਕਿਤ ਹਨ।

ਦੁਨੀਆ ਭਰ ਵਿਚ ਵੀ ਸਰਬ-ਸਾਂਝੀਵਾਲਤਾ ਦੀ ਅਵਾਜ਼ ਬੁਲੰਦ ਕਰਨ ਦੀ ਪਹਿਲ ਕਰਨ ਦਾ ਮਾਣ ਵੀ ਸਿੱਖ ਗੁਰੂ ਸਾਹਿਬ ਨੂੰ ਹੀ ਪ੍ਰਾਪਤ ਹੈ। ਨਿਰਸੰਦੇਹ ਸਮੇਂ-ਸਮੇਂ ਇਸ ਸੁਦਿਸ਼ਾ 'ਚ ਉਸ ਅਕਾਲ ਪੁਰਖ ਦੁਆਰਾ ਥਾਪੇ ਹੋਰ ਧਾਰਮਿਕ ਆਗੂ ਉੱਦਮ ਕਰਦੇ ਰਹੇ ਹਨ, ਪਰ ਸਰਬ-ਸਾਂਝੀਵਾਲਤਾ ਨੂੰ ਇਕ ਲੋਕ-ਲਹਿਰ, ਇਕ ਜਨ-ਅੰਦੋਲਨ ਦੇ ਰੂਪ 'ਚ ਉਭਾਰਨ ਦਾ ਕਾਰਜ ਕੇਵਲ ਗੁਰੂ ਸਾਹਿਬਾਨ ਦੇ ਹੀ ਹਿੱਸੇ ਆਇਆ ਹੈ। ਇਹ ਸੱਚੇ ਆਤਮ-ਵਿਸ਼ਵਾਸ ਤੇ ਸਵੈ-ਭਰੋਸੇ ਨਾਲ ਕਿਹਾ ਜਾ ਸਕਦੈ। ਇਸ ਵਾਸਤਵਿਕਤਾ ਨੂੰ ਝੁਠਲਾਉਣਾ ਮੁਸ਼ਕਿਲ ਹੈ।

ਗੁਰੂ ਸਾਹਿਬਾਨ ਨੇ ਆਪਣੇ ਸਾਜੇ-ਨਿਵਾਜੇ ਸਿੱਖ-ਪੰਥ/ਖਾਲਸਾ-ਪੰਥ ਨੂੰ ਸਰਬ-ਸਾਂਝੀਵਾਲਤਾ ਦੇ ਉੱਤਮ ਨਮੂਨੇ (Specimen) ਵਜੋਂ ਸੰਸਾਰ ਨੂੰ ਇਕ ਦਾਤ-ਸੌਗਾਤ ਦੇ ਰੂਪ 'ਚ ਦਿੱਤਾ ਹੈ। ਸਿੱਖ ਪੰਥ ਦੀ ਇੰਨੀ ਨਿੱਗਰ ਸਿਖਲਾਈ ਗੁਰੂ-ਘਰ ਦੀ ਪਾਠਸ਼ਾਲਾ 'ਚ ਹੋਈ ਹੈ, ਗੁਰੂ-ਘਰ ਦੇ ਰੂਪ 'ਚ ਗੁਰੂ ਕੇ ਸਿੱਖਾਂ ਨੂੰ ਸੇਵਾ ਤੇ ਪਰਉਪਕਾਰ ਦੇ ਐਸੇ ਸਿਖਲਾਈ-

ਕੇਂਦਰਾਂ 'ਚੋਂ ਐਸੇ ਅਮਲੀ ਪਾਠ ਪੜ੍ਹਨ ਤੇ ਅਮਲ 'ਚ ਕਮਾਉਣ ਦੇ ਅਭਿਆਸ ਬਖ਼ਸ਼ੇ ਗਏ ਹਨ ਕਿ ਗੁਰੂ ਦਾ ਸੱਚਾ ਸਿੱਖ ਜਿੱਥੇ ਵੀ ਦੁਨੀਆ ਦੇ ਜਿਸ ਕੋਨੇ 'ਚ ਵੀ ਬੈਠਾ ਹੈ ਉਹ ਸਰਬੱਤ ਦਾ ਹੀ ਭਲਾ ਮੰਗਦਾ ਹੋਇਆ ਨਿੱਤ ਅਰਦਾਸ ਕਰਦਾ ਹੈ। ਉਹ ਹਰੇਕ ਕੌਮ, ਹਰੇਕ ਨਸਲ, ਹਰੇਕ ਦੇਸ਼, ਹਰੇਕ ਪ੍ਰਾਂਤ ਨੂੰ 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਅਤੇ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਜੈਸੇ ਗੁਰੂ-ਫ਼ੁਰਮਾਨਾਂ ਦੀ ਸੇਧ 'ਚ ਤੁਰਦਾ ਹੋਇਆ ਆਪਣਾ ਕਰਕੇ ਜਾਣਦਾ, ਪਛਾਣਦਾ ਤੇ ਵਰਤਦਾ ਹੈ। ਗੁਰੂ ਨਾਨਕ ਨਾਮ-ਲੇਵਾ ਸਿੱਖ ਦਾ ਇਹੀ ਕਰਮ ਹੈ, ਇਹੀ ਕਿਰਦਾਰ ਹੈ ਤੇ ਇਹੀ ਵਿਹਾਰ ਹੈ। ਉਹ ਨਸਲੀ ਘਿਰਣਾ ਦੀ ਜ਼ਹਿਰ ਦਾ ਅੰਸ਼-ਮਾਤਰ ਵੀ ਆਪਣੇ ਹਿਰਦੇ ਅੰਦਰ ਨਾ ਘੁਸਣ ਦੇਣ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਮਲ ਉਪਦੇਸ਼ ਕਰਕੇ ਪੂਰੀ ਤਰ੍ਹਾਂ ਸੁਚੇਤ ਤੇ ਸਾਵਧਾਨ ਰਹਿੰਦਾ ਹੈ।

ਅੱਜ ਸੰਸਾਰ 'ਚ ਮੁੜ ਨਸਲੀ ਨਫ਼ਰਤ ਦਾ ਕੁਚੱਕਰ ਚੱਲ ਰਿਹਾ ਹੈ। ਨਵੀਂ ਪ੍ਰਕਾਰ ਦੇ ਲੋਕ-ਲੋਟੂ ਸਾਮਰਾਜ ਹੋਂਦ 'ਚ ਆ ਚੁੱਕੇ ਹਨ। ਮਨੁੱਖਤਾ ਨੂੰ ਹੋਰ ਵੰਡਣ ਦਾ ਸਿਲਸਿਲਾ ਜਾਰੀ ਹੈ। ਹੋਰ ਤਾਂ ਹੋਰ ਸਰਬ-ਸਾਂਝੀਵਾਲਤਾ ਦਾ ਪੱਕੀ ਤਰ੍ਹਾਂ ਪੜ੍ਹਾਇਆ ਸਬਕ ਗੁਰੂ ਕੇ ਸਿੱਖਾਂ ਨੂੰ ਵੀ ਭੁਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਹ ਵਕਤ ਦਾ ਅਜਿਹਾ ਨਾਜ਼ੁਕ ਮੋੜ ਹੈ ਜਿੱਥੇ ਗੁਰੂ ਕੇ ਸਿੱਖ ਨੂੰ ਗੁਰੂ-ਸਿਧਾਂਤ ਤੇ ਗੁਰਮਤਿ ਵਿਚਾਰਧਾਰਾ, ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਉਨ੍ਹਾਂ ਦੀ ਸਦੀਵੀ ਅਗਵਾਈ ਵਾਸਤੇ ਹਾਜ਼ਰ ਹੈ, ਨਾਲ ਪ੍ਰਪੱਕ ਰੂਪ 'ਚ ਜੁੜੇ ਰਹਿਣ ਵਾਸਤੇ ਸਜੱਗ ਹੋਣ ਦੀ ਜ਼ਰੂਰਤ ਹੈ। ਗੁਰੂ ਕੇ ਸਿੱਖ ਲਈ ਆਪਣੀ ਪੰਥਕ ਹਸਤੀ ਨੂੰ ਵੀ ਆਨ-ਸ਼ਾਨ ਸਹਿਤ ਕਾਇਮ-ਦਾਇਮ ਰੱਖਣਾ ਹੈ, ਇਸ ਵਾਸਤੇ ਜੂਝਣ ਤੋਂ ਵੀ ਪਿੱਛੇ ਨਹੀਂ ਰਹਿਣਾ; ਆਪਣੀ ਅਣਖ, ਆਪਣਾ ਸਵੈਮਾਣ ਵੀ ਬਚਾਉਣਾ ਹੈ, ਸਿੱਖੀ ਸਰੂਪ ਨੂੰ ਹਰ ਹੀਲੇ ਕਾਇਮ ਰੱਖਣਾ ਹੈ, ਪਰ ਮਨੁੱਖਤਾ ਨਾਲ ਪਿਆਰ, ਸਦ-ਭਾਵਨਾ ਤੇ ਸਰਬ-ਸਾਂਝੀਵਾਲਤਾ ਦਾ ਗੁਰੂ ਸਾਹਿਬਾਨ ਦੁਆਰਾ ਦ੍ਰਿੜ੍ਹ ਕਰਵਾਇਆ ਸਬਕ ਉਸ ਨੇ ਕਦਾਚਿਤ ਵੀ ਨਹੀਂ ਭੁੱਲਣਾ। ਵਕਤ ਦੇ ਇਸ ਖਾਸ ਨਾਜ਼ੁਕ ਮੋੜ 'ਤੇ ਗੁਰੂ ਕੇ ਸਿੱਖ ਨੂੰ ਆਪਣੇ ਕਿਰਦਾਰ-ਵਿਹਾਰ ਦੀ ਸਵੈ-ਪੜਚੋਲ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਨੁੱਖਤਾਵਾਦੀ ਸਿਧਾਂਤ ਦੇ ਰੂ-ਬ-ਰੂ ਡੂੰਘੀ ਤਰ੍ਹਾਂ ਕਰਨ ਦੀ ਲੋੜ ਹੈ ਕਿ ਕਿਤੇ ਉਹ ਅਚੇਤ ਤੌਰ 'ਤੇ ਵੀ ਤਾਂ ਸਰਬ-ਸਾਂਝੀਵਾਲਤਾ ਦੇ ਸੁਮਾਰਗ ਤੋਂ ਥੋੜ੍ਹਾ ਹਟ ਕੇ ਤਾਂ ਨਹੀਂ ਚੱਲ ਰਿਹਾ? ਕੀ ਉਹ ਜਾਤ-ਪਾਤ ਤੇ ਛੂਤ-ਛਾਤ ਜਿਹੀਆਂ ਸਮਾਜਿਕ ਬਿਮਾਰੀਆਂ ਤੋਂ ਤਾਂ ਬਚਿਆ ਹੋਇਆ ਹੈ? ਕੀ ਉਹ 'ਇਸਤਰੀ' ਪ੍ਰਤੀ ਗੁਰੂ-ਦ੍ਰਿੜ੍ਹਾਏ ਗੁਰਮਤਿ ਸਿਧਾਂਤ ਤੋਂ ਸੁਚੇਤ ਜਾਂ ਅਚੇਤ ਰੂਪ 'ਚ ਕਿਤੇ ਦੂਰ ਤਾਂ ਨਹੀਂ ਜਾ ਰਿਹਾ? ਗੁਰੂ ਕੇ ਸਿੱਖ ਨੂੰ ਅਜੋਕੇ ਮੋੜ 'ਤੇ ਖੜੋਤਿਆਂ ਗੁਰੂ-ਦ੍ਰਿੜ੍ਹਾਈ ਭਾਈਚਾਰਕ ਸਾਂਝ ਨੂੰ ਵੀ ਬਰਕਰਾਰ ਰੱਖਣ ਦੀ ਅੱਜ ਵੱਡੀ ਜ਼ਰੂਰਤ ਹੈ। ਸਿੱਖ ਪੰਥ ਵਿਚ ਅੱਜ ਗੁਰੂ-ਕਾਲ ਵਾਲਾ ਹੀ ਆਪਸੀ ਡੂੰਘਾ ਪਿਆਰ, ਮਿਲਵਰਤਨ, ਆਪਸੀ ਸਹਿਯੋਗ ਦਾ ਮਾਹੌਲ ਮੁੜ ਕਾਇਮ ਹੋਣਾ ਚਾਹੀਦਾ ਹੈ।

ਧਰਮ ਦੀ ਚਾਦਰ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਦੁਨੀਆ ਵਿਚ ਅਜਿਹੇ ਰਹਿਬਰ ਬਹੁਤ ਘੱਟ ਹੋਏ ਹਨ ਜਿਨ੍ਹਾਂ ਨੇ ਲੋਕਾਂ ਦੇ ਹਿੱਤ ਵਿਚ ਆਪਣਾ ਆਪ ਕੁਰਬਾਨ ਕੀਤਾ ਹੋਵੇ। ਅਜਿਹਾ ਰਹਿਬਰ ਜਿਸ ਨੇ ਆਪਣੇ ਧਰਮ ਲਈ ਨਹੀਂ, ਸਗੋਂ ਦੂਜੇ ਧਰਮ ਦੀ ਅਜ਼ਾਦੀ ਅਤੇ ਰਾਖੀ ਲਈ ਕੁਰਬਾਨੀ ਦਿੱਤੀ ਹੋਵੇ। ਕੇਵਲ ਤੇ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ (ਹਿੰਦੂ ਧਰਮ) ਦੀ ਅਜ਼ਾਦੀ ਅਤੇ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ ਇਸੇ ਕਰਕੇ ਆਪ ਜੀ ਨੂੰ 'ਧਰਮ ਦੀ ਚਾਦਰ', 'ਸ੍ਰਿਸ਼ਟੀ ਦੀ ਚਾਦਰ', 'ਹਿੰਦ ਦੀ ਚਾਦਰ' ਕਹਿ ਕੇ ਵੀ ਸਨਮਾਨ ਦਿੱਤਾ ਜਾਂਦਾ ਹੈ। ਇਹ ਕੁਰਬਾਨੀ ਭਾਵੇਂ ਬਾਹਰੀ ਤੌਰ ਉਤੇ ਹਿੰਦੂ ਧਰਮ ਦੀ ਰਾਖੀ ਲਈ ਕਹੀ ਜਾਂਦੀ ਹੈ, ਪਰੰਤੂ ਇਹ ਤਾਂ ਸਾਰੀ ਲੋਕਾਈ ਦੀ ਧਾਰਮਿਕ ਅਜ਼ਾਦੀ ਅਤੇ ਮੌਲਿਕ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੀ ਕੁਰਬਾਨੀ ਸੀ। ਧਰਮ ਇਕ ਨਿੱਜੀ ਵਰਤਾਰਾ ਹੈ। ਇਹ ਅਵੱਸ਼ਕ ਤੌਰ 'ਤੇ ਵਿਰਾਸਤੀ ਵਰਤਾਰਾ ਨਹੀਂ ਹੈ। ਆਪਣੀ ਇੱਛਾ ਅਨੁਸਾਰ ਧਰਮ ਧਾਰਨ ਕਰਨਾ ਮਨੁੱਖ ਦਾ ਅਤਿ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ। ਧਰਮ ਜਨਮ ਕਰਕੇ ਹੀ ਨਹੀਂ, ਸਗੋਂ ਆਪਣੀ ਸਮਝ ਸੋਝੀ ਅਤੇ ਇੱਛਾ ਅਨੁਸਾਰ ਹੀ ਧਾਰਨ ਕੀਤਾ ਜਾਂਦਾ ਹੈ। ਜ਼ਰੂਰੀ ਨਹੀਂ ਕਿ ਈਸਾਈ ਦਾ ਬੱਚਾ ਈਸਾਈ ਬਣੇ ਜਾ ਹਿੰਦੂ ਦਾ ਬਚਾ ਹਿੰਦੂ ਬਣੇ। ਜਬਰ ਅਤੇ ਜ਼ੁਲਮ ਰਾਹੀਂ ਜਾਂ ਕਿਸੇ ਦੀ ਮਜਬੂਰੀ ਦਾ ਲਾਭ ਉਠਾ ਕੇ ਧਰਮ ਤਬਦੀਲ ਕਰਾਉਣਾ ਗ਼ੈਰ-ਮਨੁੱਖੀ ਹੈ, ਜੁਰਮ ਵੀ ਹੈ ਅਤੇ ਪਾਪ ਵੀ। ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਇਹ ਮਨੁੱਖੀ ਅਧਿਕਾਰਾਂ ਲਈ ਸੰਸਾਰ ਵਿਚ ਪਹਿਲੀ ਸ਼ਹੀਦੀ ਸੀ। ਇਹ ਰਸਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਦੇਸ਼ ਦੁਆਰਾ ਦਿਖਾਇਆ ਸੀ। ਉਸੇ ਸਿਧਾਂਤ ਉੱਤੇ ਪਹਿਰਾ ਦਿੰਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਜਬਰੀ ਮੁਸਲਮਾਨ ਬਣਾਉਣ ਦੇ ਖ਼ਿਲਾਫ਼ ਆਪਣਾ ਮਹਾਨ ਬਲੀਦਾਨ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੀ ਵਡਿਆਈ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਹੈ:

ਦੋਹਰਾ॥
ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥ (ਬਚਿਤ੍ਰ ਨਾਟਕ)

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਵੈਸਾਖ ਵਦੀ ੫ ਸੰਮਤ ੧੬੭੮ ਬਿਕ੍ਰਮੀ

* ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮੦੫੧੦੦

ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਘਰ ਗੁਰੂ ਪਰਵਾਰ ਵਿਚ 'ਗੁਰੂ ਕੇ ਮਹਲ' ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਬਾਲਕ ਤੇਗ ਮੱਲ ਦੇ ਚੱਕਰ ਚਿਹਨ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫੁਰਮਾਇਆ ਕਿ ਇਹ ਬਾਲਕ ਸੱਚਾ ਸੰਤ, ਧਰਮ ਰੱਖਿਅਕ ਹੋਵੇਗਾ। ਪਿਤਾ ਗੁਰੂ ਅਤੇ ਮਾਤਾ ਜੀ ਨੇ ਆਪਦਾ ਦੁਨੀਆਵੀ ਨਾਮ ਤੇਗ ਮੱਲ ਰੱਖਿਆ। ਵੇਖਦਿਆਂ-ਵੇਖਦਿਆਂ ਹੀ ਗੁਰੂ ਜੀ ਸੁੰਦਰ, ਬਲਵਾਨ, ਵਿਦਵਾਨ, ਯੋਧੇ, ਧਰਮ ਅਤੇ ਰਾਜਨੀਤੀ ਦੇ ਗਿਆਤਾ ਬਣ ਗਏ ਸਨ। ਉਨ੍ਹਾਂ ਨੇ ਸੰਮਤ ੧੬੯੧ ਬਿਕ੍ਰਮੀ ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਲੜੇ ਗਏ ਕਰਤਾਰਪੁਰ ਦੇ ਯੁੱਧ ਵਿਚ ਬੜੀ ਵੀਰਤਾ ਵਿਖਾਈ। ਜਿਸ ਉੱਤੇ ਖੁਸ਼ ਹੋ ਕੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਦਾ ਨਾਮ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਅੱਸੂ ਸੁਦੀ ੧੫, ੧੬੮੬ ਬਿਕ੍ਰਮੀ ਨੂੰ ਕਰਤਾਰਪੁਰ ਦੇ ਵਾਸੀ ਖੱਤ੍ਰੀ, ਲਾਲ ਚੰਦ ਦੀ ਬੇਟੀ ਗੁਜਰੀ ਜੀ ਨਾਲ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਮਤ ੧੭੦੧ ਬਿਕ੍ਰਮੀ ਵਿਚ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਜੀ ਸਹਿਤ ਆਪਣੇ ਨਾਨਕੇ ਪਿੰਡ ਬਕਾਲੇ ਜਾ ਕੇ ਰਹਿਣ ਲੱਗੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ੩ ਵੈਸਾਖ ਸੰਮਤ ੧੭੨੧ ਬਿਕ੍ਰਮੀ ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਅੰਤਰ ਧਿਆਨ ਹੋ ਕੇ ਬਚਨ ਕੀਤਾ ਸੀ 'ਬਾਬਾ ਬਕਾਲੇ'। ਨੌਵੇਂ ਪਾਤਸ਼ਾਹ ਕੌਣ ਹੋਣਗੇ! ਇਹ ਉਸ ਵੱਲ ਭਰਪੂਰ ਸੰਕੇਤ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਅਤੇ ਫਿਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਦਾਦਾ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਗੁਰਿਆਈ ਸੌਂਪੀ। ਇਹ ਗੁਰੂ-ਘਰ ਵਿਚ ਇਕ ਅਨੋਖੀ ਮਿਸਾਲ ਸੀ ਕਿ ਪਹਿਲਾਂ ਦਾਦੇ ਨੇ ਪੋਤਰੇ ਨੂੰ ਗੁਰਿਆਈ ਦਿੱਤੀ ਅਤੇ ਫਿਰ ਪੋਤਰੇ ਨੇ ਦਾਦੇ ਨੂੰ ਗੁਰਿਆਈ ਸੌਂਪੀ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬਚਨਾਂ ਦਾ ਪਤਾ ਲੱਗਣ 'ਤੇ ਧੀਰ ਮੱਲ ਵਰਗੇ ਅਨੇਕ ਸੋਢੀਆਂ ਨੇ ਬਕਾਲੇ ਵਿਚ ਆ ਕੇ ਗੱਦੀਆਂ ਸਥਾਪਿਤ ਕਰ ਲਈਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਤਮਕ ਤੌਰ 'ਤੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲ ਲਈ ਸੀ, ਪਰ ਉਹ ਸੰਸਾਰਕ ਤੌਰ 'ਤੇ ਪ੍ਰਗਟ ਨਹੀਂ ਹੋਏ ਸਨ। ਸਿੱਖ ਸ਼ਰਧਾਲੂਆਂ ਅੰਦਰ ਸੱਚੇ ਗੁਰੂ ਬਾਰੇ ਬਹੁਤ ਭੰਬਲ-ਭੂਸਾ ਪਿਆ ਹੋਇਆ ਸੀ ਜਿਵੇਂ ਡੇਰਾਵਾਦ ਵਾਲੇ ਪਖੰਡੀ ਅਤੇ ਦੇਹਧਾਰੀ ਗੁਰੂ ਹੋਣ ਦਾ ਢੋਂਗ ਕਰਨ ਵਾਲੇ ਅੱਜ ਵੀ ਕੂੜ ਦੀਆਂ ਦੁਕਾਨਾਂ ਖੋਲ੍ਹੀ ਬੈਠੇ ਹਨ। ਕੁਝ ਸਮਾਂ ਬਾਅਦ ਇਕ ਸਿੱਖ ਮੱਖਣ ਸ਼ਾਹ ਲੁਬਾਣੇ ਨੇ ਸੱਚੇ ਗੁਰੂ ਦੀ ਪਹਿਚਾਣ ਕੀਤੀ। ਪਰਮਾਤਮਾ ਨੇ ਅਜਿਹੀ ਬਣਤ ਬਣਾਈ ਕਿ ਭਾਈ ਮੱਖਣ ਸ਼ਾਹ ਨੂੰ ਗੁਰੂ ਦੀ ਖੋਜ ਕਰਨੀ ਅਵੱਸ਼ਕ ਹੋ ਗਈ। ਭਾਈ ਮੱਖਣ ਸ਼ਾਹ ਇਕ ਵੱਡਾ ਵਪਾਰੀ ਸੀ। ਉਹ ਸਮੁੰਦਰੀ ਜਹਾਜ਼ ਵਿਚ ਆਪਣਾ ਮਾਲ ਲਿਆ ਰਿਹਾ ਸੀ ਕਿ ਉਸ

ਦਾ ਜਹਾਜ਼ ਬਰੇਤੇ ਰੇਤੇ ਵਿਚ ਫਸ ਗਿਆ। ਉਹ ਗੁਰੂ ਦਾ ਸਿੱਖ ਸੀ। ਸਤਿਗੁਰਾਂ ਦਾ ਉਪਦੇਸ਼ ਹੈ:

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੯)

ਉਸ ਨੇ ਸੱਚੇ ਦਿਲ ਨਾਲ ਸੱਚੇ ਸਤਿਗੁਰੂ ਅੱਗੇ ਅਰਦਾਸ ਕੀਤੀ ਕਿ ਉਸ ਦਾ ਫਸਿਆ ਹੋਇਆ ਜਹਾਜ਼ ਨਿਕਲ ਜਾਵੇ ਤਾਂ ਉਹ ਮੋਹਰਾਂ ਗੁਰੂ ਸਾਹਿਬ ਨੂੰ ਭੇਟ ਕਰੇਗਾ। ਉਸ ਦੀ ਅਰਦਾਸ ਸੁਣੀ ਗਈ ਜਹਾਜ਼ ਬਰੇਤੇ ਵਿੱਚੋਂ ਬਾਹਰ ਆ ਗਿਆ ਤੇ ਤਰਨ ਲੱਗਾ। ਭਾਈ ਮੱਖਣ ਸ਼ਾਹ ਆਪਣੀ ਸੁੱਖਣਾ ਪੂਰੀ ਕਰਨ ਹਿੱਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਨੇ ਬਕਾਲੇ ਵਿਚ ਆ ਕੇ ਵੇਖਿਆ ਕਿ ਇੱਥੇ ਤਾਂ ਅਨੇਕ ਹੀ ਗੁਰੂ ਬਣੇ ਹੋਏ ਹਨ। ਉਸ ਦੇ ਮਨ ਵਿਚ ਇਕ ਤਰਕੀਬ ਸੁਝੀ ਕਿ ਉਹ ਹਰ ਇਕ ਨੂੰ ਪਹਿਲਾਂ ਦੋ ਮੋਹਰਾਂ ਅੱਗੇ ਰੱਖ ਕੇ ਮੱਥਾ ਟੇਕੇਗਾ ਜਿਹੜਾ ਸੱਚਾ ਸਤਿਗੁਰੂ ਹੋਵੇਗਾ ਉਹ ਆਪਣੀ ਅਮਾਨਤ ਆਪ ਹੀ ਮੰਗ ਲਵੇਗਾ। ਉਸ ਨੇ ਇਸੇ ਤਰ੍ਹਾਂ ਕੀਤਾ। ਸਾਰੇ ਨਕਲੀ ਗੁਰੂ ਦੋ-ਦੋ ਮੋਹਰਾਂ ਲੈ ਕੇ ਹੀ ਚੁੱਪ ਕਰਕੇ ਬੈਠੇ ਰਹੇ। ਮੱਖਣ ਸ਼ਾਹ ਬਹੁਤ ਦੁਖੀ ਹੋ ਗਿਆ, ਕਿਉਂਕਿ ਉਸ ਦੀ ਸੁਧ ਆਤਮਾ ਸੱਚੇ ਸਤਿਗੁਰੁ ਦੇ ਦਰਸ਼ਨਾਂ ਲਈ ਬਹਿਬਲ ਸੀ। ਉਸ ਦੀ ਤਰਕੀਬ ਅਜੇ ਸਫ਼ਲ ਨਹੀਂ ਸੀ ਹੋਈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਾਂ ਦਿਖਾਵੇ ਲਈ ਕੋਈ ਗੱਦੀ ਨਹੀਂ ਸੀ ਲਾਈ। ਉਹ ਤਾਂ ਆਪਣੇ ਘਰ ਦੇ ਇਕ ਭੋਰੇ ਵਿਚ ਹੀ ਬਿਰਾਜਦੇ ਸਨ। ਮੱਖਣ ਸ਼ਾਹ ਨੇ ਤੰਗ ਆ ਕੇ ਕਿਸੇ ਹੋਰ ਮਹਾਂਪੁਰਖ ਸਾਧ ਫ਼ਕੀਰ ਦਾ ਪਤਾ ਪੁੱਛਿਆ। ਉਸ ਨੂੰ ਲੋਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਦੱਸਿਆ ਜੋ ਕਿ ਬਾਹਰ ਘੱਟ ਨਿਕਲਦੇ ਸਨ, ਸਾਰਾ ਦਿਨ ਪਰਮਾਤਮਾ ਦੇ ਧਿਆਨ ਵਿਚ ਹੀ ਰਹਿੰਦੇ ਸਨ। ਮੱਖਣ ਸ਼ਾਹ ਬਹੁਤ ਪਰੇਸ਼ਾਨ ਸੀ। ਉਸ ਨੇ ਸੋਚਿਆ ਚਲੋ ਉਨ੍ਹਾਂ ਨੂੰ ਵੀ ਮੱਥਾ ਟੇਕ ਲੈਂਦੇ ਹਾਂ। ਉਹ ਗੁਰੂ ਜੀ ਦੇ ਦਰਸ਼ਨਾਂ ਹਿੱਤ ਭੋਰੇ ਵਿਚ ਚਲਾ ਗਿਆ। ਗੁਰੂ ਜੀ ਅੰਤਰ-ਧਿਆਨ ਹੋਏ ਬੈਠੇ ਸਨ। ਮੱਖਣ ਸ਼ਾਹ ਨੇ ਉਨ੍ਹਾਂ ਦੇ ਅੱਗੇ ਕੁਝ ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਭਾਈ ਗੁਰੂ-ਘਰ ਨੂੰ ਮੋਹਰਾਂ ਅਤੇ ਮਾਇਕ ਪਦਾਰਥ ਦੀ ਖਿੱਚ ਨਹੀਂ ਹੈ। ਕੇਵਲ ਤੇਰਾ ਕੀਤਾ ਹੋਇਆ ਵਾਅਦਾ ਹੀ ਤੈਨੂੰ ਯਾਦ ਕਰਾਉਂਦੇ ਹਾਂ ਕਿ "ਭਾਈ ਸਿੱਖਾ! ਗੁਰੂ ਦੀ ਅਮਾਨਤ ਦਿੱਤੀ ਹੀ ਭਲੀ ਹੁੰਦੀ ਹੈ।" ਇਹ ਸੁਣ ਕੇ ਭਾਈ ਮੱਖਣ ਸ਼ਾਹ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹ ਗੁਰੂ ਚਰਨਾਂ 'ਤੇ ਢਹਿ ਪਿਆ। ਭਾਈ ਮੱਖਣ ਸ਼ਾਹ ਨੂੰ ਗੁਰੂ ਦੇ ਲੱਭਣ ਦੀ ਖੁਸ਼ੀ ਆਪਣੇ ਜਹਾਜ਼ ਦੇ ਬਰੇਤੀ ਵਿੱਚੋਂ ਨਿਕਲ ਜਾਣ ਤੋਂ ਵੀ ਕਿਤੇ ਵੱਧ ਹੋਈ ਸੀ। ਉਸ ਦੀ ਆਤਮਾ ਧੰਨ ਹੋ ਗਈ ਸੀ। ਉਹ ਗਦ-ਗਦ ਹੋ ਉੱਠਿਆ ਅਤੇ ਉਹ ਭੋਰੇ ਵਿੱਚੋਂ ਨਿਕਲ ਕੇ ਕੋਠੇ ਉੱਤੇ ਚੜ੍ਹ ਗਿਆ ਤੇ ਉੱਚੀ ਅਵਾਜ਼ ਵਿਚ ਚਾਦਰ ਹਵਾ ਵਿਚ ਲਹਿਰਾ ਕੇ ਸੰਗਤ ਨੂੰ ਪੁਕਾਰਨ ਲੱਗਿਆ— "ਸੱਚਾ ਗੁਰੂ ਲਾਧੋ ਰੇ! ਸੱਚਾ ਗੁਰੂ ਲਾਧੋ ਰੇ!"

ਗੁਰੂ ਦੇ ਤੌਰ 'ਤੇ ਪ੍ਰਗਟ ਹੋਣ ਤੋਂ ਬਾਅਦ ਧੀਰ ਮੱਲ ਉਨ੍ਹਾਂ ਨਾਲ ਦੁਸ਼ਮਣੀ ਕਰਨ

ਲੱਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਉਤੇ ਸੀਂਹੇਂ ਮਸੰਦ ਨੇ ਜਾਨਲੇਵਾ ਹਮਲਾ ਕਰਦਿਆਂ ਆਪਣੀ ਬੰਦੂਕ ਰਾਹੀਂ ਗੋਲੀ ਚਲਾ ਦਿੱਤੀ ਜੋ ਗੁਰੂ ਸਾਹਿਬ ਨੂੰ ਛੂੰਹਦੀ ਲੰਘ ਗਈ ਅਤੇ ਗੁਰੂ ਸਾਹਿਬ ਦਾ ਬਚਾਅ ਹੋ ਗਿਆ। ਸੀਂਹਾਂ ਮਸੰਦ ਗੁਰੂ ਸਾਹਿਬ ਦਾ ਸਾਮਾਨ ਵੀ ਲੁੱਟ ਕੇ ਲੈ ਗਿਆ। ਪਤਾ ਲੱਗਣ ਉੱਤੇ ਭਾਈ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਬੰਦਿਆਂ ਨੂੰ ਨਾਲ ਲੈ ਕੇ ਸੀਂਹੇ ਮਸੰਦ ਪਾਸੋਂ ਗੁਰੂ ਸਾਹਿਬ ਦਾ ਸਾਮਾਨ ਵਾਪਸ ਲੈ ਆਂਦਾ, ਪਰੰਤੂ ਗੁਰੂ ਸਾਹਿਬ ਨੇ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਬਦਲੇ ਦੀ ਭਾਵਨਾ ਨਾਲ ਕੁਝ ਵੀ ਕਰਨੋਂ ਰੋਕਦਿਆਂ ਉਹ ਸਾਮਾਨ ਵੀ ਵਾਪਸ ਪਰਤਾ ਦਿੱਤਾ। ਗੁਰੂ ਜੀ ਅੰਮ੍ਰਿਤਸਰ ਦਰਸ਼ਨ ਇਸ਼ਨਾਨ ਕਰਨ ਲਈ ਗਏ ਤਾਂ ਅੱਗੋਂ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਹਰੋਂ ਹੀ ਸ੍ਰੀ ਹਰਿਮੰਦਰ ਸਾਹਿਬ ਨੂੰ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ ਇੱਕ ਥੜ੍ਹੇ ਉੱਪਰ ਬਿਰਾਜ ਕੇ ਪਿੰਡ ਵੱਲੇ ਜਾ ਬਿਰਾਜੇ। ਜਿੱਥੇ ਪਿੰਡ ਦੀਆਂ ਸੁਆਣੀਆਂ ਨੇ ਆਪ ਦਾ ਬਹੁਤ ਆਦਰ ਸਤਿਕਾਰ ਕੀਤਾ। ਸਤਿਗੁਰਾਂ ਨੇ ਬਚਨ ਕੀਤਾ— "ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ।" ਸੱਚ ਹੈ! ਜਿੱਥੇ ਮਾਇਕ ਵਿਹਾਰ ਅਤੇ ਅਧਰਮ ਤਥਾ ਪਾਖੰਡ ਧਰਮ ਨੂੰ ਦਬਾਅ ਲਵੇ, ਉੱਥੇ ਸਦਾ ਝਗੜੇ ਅਤੇ ਕਲੇਸ਼ ਬਣੇ ਰਹਿੰਦੇ ਹਨ। ਉਹ ਚੜ੍ਹਾਵੇ ਤਥਾ ਪੂਜਾ ਦਾ ਧਾਨ ਜੋ ਧਰਮ ਅਰਥ ਲਾਉਣਾ ਹੁੰਦਾ ਹੈ ਉਹ ਵੱਢੀਆਂ, ਰਿਸ਼ਵਤਾਂ ਅਤੇ ਵਕੀਲਾਂ ਉੱਤੇ ਖਰਚਣਾ ਪੈਂਦਾ ਹੈ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ "ਜਿਨ੍ਹਾਂ ਨੂੰ ਸਤਿਗੁਰਾਂ ਦਾ ਇਹ ਫੁਰਮਾਨ— "ਅੰਮ੍ਰਿਤਸਰੁ ਸਿਫਤੀ ਦਾ ਘਰੁ" ਪਰਪੱਕ ਸੀ ਉਨ੍ਹਾਂ ਸਿੱਖ ਸੇਵਕਾਂ ਨੇ ਗੁਰੂ ਜੀ ਨੂੰ ਮੁੜ ਸ੍ਰੀ ਅੰਮ੍ਰਿਤਸਰ ਜਾਣ ਲਈ ਬੇਨਤੀ ਕੀਤੀ ਪਰੰਤੂ ਗੁਰੂ ਜੀ ਨਾ ਮੰਨੇ। ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਪੂਜਾ ਦਾ ਧਾਨ ਪਰਾਇਆ ਹੱਕ ਹੋ ਕੇ ਬਿਨਾਂ ਭਜਨ ਦੇ ਖਾਣ ਵਾਲੇ ਦੀ ਮੱਤ ਮੈਲੀ ਕਰ ਦਿੰਦਾ ਹੈ। ਜੋ ਆਪਣੀ ਕਿਰਤ ਕਮਾਈ ਦੀ ਮਾਇਆ ਹੋਵੇ ਓਹ ਹੀ ਛਕਣੀ-ਛਕਾਉਣੀ ਯੋਗ ਹੈ ਉਹ ਆਪਣਾ ਹੱਕ ਹੋਣ ਕਰਕੇ ਪਵਿੱਤ੍ਰ ਹੈ।" ਅਜੋਕੇ ਸਮੇਂ ਭਾਰੀ ਗਿਣਤੀ ਵਿਚ ਪੂਜਾ ਦਾ ਧਾਨ-ਚੜ੍ਹਾਵੇ ਦੀ ਮਾਇਆ ਤੇ ਪਦਾਰਥ ਹੜੱਪ ਕਰਨ ਵਾਲੇ ਲੋਕ ਹੀ ਧਰਮ ਦਾ ਮੁਖੌਟਾ ਪਾ ਕੇ ਭੋਲੀ-ਭਾਲੀ ਜਨਤਾ ਦਾ ਸ਼ੋਸ਼ਣ ਕਰ ਰਹੇ ਹਨ। ਬਸ *"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬ੍ਰੂਟੁ ਰਹਿਓ ਰੀ॥"* ਦੀ ਸਥਿਤੀ ਬਣੀ ਹੋਈ ਹੈ ਜਿਸ ਕਾਰਨ ਧਰਮ ਦੀ ਭਾਰੀ ਹਾਨੀ ਹੋ ਰਹੀ ਹੈ।

ਗੁਰੂ ਜੀ ਬਕਾਲੇ ਨੂੰ ਛੱਡ ਕੇ ਕੀਰਤਪੁਰ ਵੱਲ ਚੱਲ ਪਏ। ਆਪ ਪਰਵਾਰਿਕ ਸ਼ਰੀਕੇਬਾਜ਼ੀ ਤੋਂ ਦੂਰ ਰਹਿਣਾ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦੇ ਗੋਚਰੇ ਗੁਰੂ-ਘਰ ਦੇ ਮਹਾਨ ਕਾਰਜਾਂ ਦੀ ਜ਼ਿੰਮੇਵਾਰੀ ਸੀ। ਉਨ੍ਹਾਂ ਨੇ ਕੀਰਤਪੁਰ ਤੋਂ ਕੁਝ ਦੂਰ ਮਾਖੋਵਾਲ ਪਿੰਡ ਦੀ ਜ਼ਮੀਨ ਖਰੀਦ ਕੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਨਗਰ ਵਸਾਇਆ।

ਇੱਥੇ ਵੀ ਗੁਰੂ ਜੀ ਬਹੁਤ ਦੇਰ ਨਹੀਂ ਟਿਕੇ। ਉਹ ਪਰਵਾਰ ਸਮੇਤ ਕੁਝ ਸਿੱਖਾਂ ਨੂੰ ਨਾਲ ਲੈ ਕੇ ਧਰਮ ਪ੍ਰਚਾਰ ਹਿੱਤ ਇੱਥੋਂ ਸਫ਼ਰ ਤੇ ਨਿਕਲ ਪਏ। ਇੱਥੋਂ ਚੱਲ ਕੇ ਉਹ

ਭਰਤਗੜ੍ਹ, ਦੁਗਰੀ, ਕੋਟਲੀ, ਘੜੂੰਆਂ, ਨੰਦਪੁਰ ਕਲੋੜ, ਰੈਲੋ, ਬਹੇੜ, ਭਗੜਾਣਾ, ਨੌਲੱਖਾ, ਟਹਿਲਪੁਰ, ਉਗਾਣੀ, ਆਕੜ, ਗੁਣੀਕੇ, ਸੈਫਾਬਾਦ (ਸਨੌਰ) ਹੁੰਦੇ ਹੋਏ ਲਹਿਲ, ਗੁਰਦੁਆਰਾ ਮੋਤੀ ਬਾਗ ਸਾਹਿਬ ਵਾਲੀ ਥਾਂ ਮਾਲਵਾ ਦੇਸ ਵੱਲ ਗਏ। ਮਾਲਵੇ ਵਿਚ ਉਹ ਬੀਬੀਪੁਰ ਖੁਰਦ, ਕਰਹਾਲੀ ਦੀ ਸੰਗਤ ਨੂੰ ਗੁਰਮਤਿ ਦਾ ਉਪਦੇਸ਼ ਕਰਦੇ ਹੋਏ ਉਨ੍ਹਾਂ ਮੂਲੋਵਾਲ ਜਾ ਦਰਸ਼ਨ ਦਿੱਤੇ। ਇੱਥੋਂ ਤੁਰ ਕੇ ਉਨ੍ਹਾਂ ਨੇ ਗਾਗਾ (ਲਹਿਰਾਗਾਗਾ), ਮਕੋਰੜ, ਗੁਰਨਾ, ਸੇਖਾ, ਹੰਢਿਆਇਆ, ਸੋਹੀਵਾਲ, ਪੰਧੇਰ, ਢਿੱਲਵਾਂ ਮੌੜ, ਅਲੀਸ਼ੇਰ ਕਲਾਂ, ਗੋਬਿੰਦਪੁਰਾ, ਜੋਗਾ, ਭੂਪਾਲ, ਖੀਵਾ ਕਲਾਂ, ਭੀਖੀ, ਖਿਆਲਾ ਕਲਾਂ, ਕੋਟ ਧਰਮੂ, ਵਰ੍ਹੇ ਆਦਿ ਨਗਰਾਂ ਵਿਚ ਚਰਨ ਪਾਉਂਦੇ ਹੋਏ ਸਾਬੋ ਕੀ ਤਲਵੰਡੀ ਜਾ ਡੇਰਾ ਲਾਇਆ। ਇੱਥੋਂ ਚੱਲ ਕੇ ਉਹ ਮੋੜ, ਧਮਤਾਨ, ਕੈਥਲ, ਬਣੀ ਬਦਰਪੁਰ, ਸੁਢੈਲ, ਬਾਰਨੇ ਆਦਿ ਹੁੰਦੇ ਹੋਏ ਕੁਰੂਕਸ਼ੇਤਰ ਜਾ ਬਿਰਾਜੇ।

ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਅਤੇ ਅਨੇਕ ਪਰਉਪਕਾਰ ਦੇ ਕੰਮ ਖੂਹ ਆਦਿ ਲਗਵਾਉਣ ਤੋਂ ਬਾਅਦ ਪੂਰਬੀ ਇਲਾਕੇ ਦਾ ਦੌਰਾ ਅਰੰਭ ਕੀਤਾ। ਦਿੱਲੀ ਤੋਂ ਜਮਨਾ ਪਾਰ ਕਰ ਕੇ ਮਥੁਰਾ, ਆਗਰਾ ਵਿਚ ਦਰਸ਼ਨ ਦਿੰਦੇ ਹੋਏ ਤ੍ਰਿਬੇਣੀ (ਪ੍ਰਯਾਗ) ਜਾ ਕੇ ਕੁਝ ਦੇਰ ਠਹਿਰੇ। ਇੱਥੋਂ ਸਸਾਰਾਮ ਦੀ ਸੰਗਤ ਨੂੰ ਨਿਹਾਲ ਕਰਦੇ ਹੋਏ ਗਯਾ ਹੁੰਦੇ ਹੋਏ ਪਟਨੇ ਵੱਲ ਤੁਰ ਪਏ। ਪਟਨਾ ਸ਼ਹਿਰ ਵਿਚ ਗੁਰੂ ਜੀ ਕੁਝ ਦੇਰ ਰਹੇ ਤੇ ਫੇਰ ਪਰਵਾਰ ਨੂੰ ਉੱਥੇ ਹੀ ਛੱਡ ਕੇ ਬੰਗਾਲ ਅਤੇ ਅਸਾਮ ਦੀ ਯਾਤਰਾ ਤੇ ਨਿਕਲ ਪਏ। ਬਿਹਾਰ ਦੇ ਕਈ ਨਗਰਾਂ ਮਘੇਰ, ਭਾਗਲਪੁਰ ਆਦਿ ਵਿਚ ਧਰਮ ਦਾ ਪ੍ਰਚਾਰ ਕਰਦੇ ਹੋਏ ਬੰਗਾਲ ਵਿਚ ਦਾਖ਼ਲ ਹੋਏ ਅਤੇ ਢਾਕੇ ਦੀ 'ਹਜ਼ੂਰੀ ਸੰਗਤ' ਨੂੰ ਨਿਵਾਜਿਆ।

ਇੱਥੇ ਢਾਕੇ ਵਿਚ ਹੀ ਗੁਰੂ ਜੀ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਧਾਰਨ ਦੀ ਸੂਚਨਾ ਪ੍ਰਾਪਤ ਹੋਈ। ਬੰਗਾਲ ਵਿਚ ਹੀ ਸਿਲਹਟ, ਚਟਗਾਉਂ ਸੋਨਦੀਪ ਆਦਿ ਹੋਰ ਥਾਵਾਂ 'ਤੇ ਆਪ ਨੇ ਚਰਨ ਪਾਏ ਤੇ ਸੰਗਤ ਕਾਇਮ ਕੀਤੀ।

ਬੰਗਾਲ ਦੇ ਦੌਰੇ ਤੋਂ ਬਾਅਦ ਆਪ ਨੇ ਆਸਾਮ ਦੇ ਇਲਾਕੇ ਵੱਲ ਰੁਖ਼ ਕੀਤਾ। ਇੱਥੇ ਉਨ੍ਹਾਂ ਦਾ ਮੇਲ ਰਾਜਾ ਰਾਮ ਸਿੰਘ ਨਾਲ ਹੋਇਆ। ਰਾਜਾ ਰਾਮ ਸਿੰਘ ਅਸਾਮ ਦੇ ਰਾਜੇ ਵਿਰੁੱਧ ਮੁਗ਼ਲ ਸੈਨਾ ਨੂੰ ਲੈ ਕੇ ਆਇਆ ਸੀ। ਉਹ ਅਸਾਮ ਦੇ ਜਾਦੂ-ਟੂਣੇ ਦੀ ਸ਼ਕਤੀ ਤੋਂ ਬਹੁਤ ਭੈ ਮੰਨਦਾ ਸੀ। ਉਸ ਨੇ ਗੁਰੂ ਜੀ ਤੋਂ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਵਿਚ ਪੈ ਕੇ ਦੋਵਾਂ ਦੀ ਸੁਲਾਹ ਕਰਵਾ ਦਿੱਤੀ ਅਤੇ ਇਲਾਕਿਆਂ ਦੀ ਹੱਦਬੰਦੀ ਪੱਕੀ ਕਰਵਾ ਦਿੱਤੀ। ਗੁਰੂ ਜੀ ਦੀ ਯਾਦ ਵਿਚ ਬ੍ਰਹਮਪੁੱਤਰ ਦੇ ਸੱਜੇ ਕੰਢੇ 'ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਅਸਾਮ ਦਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਹੋ ਗਿਆ ਸੀ। ਗੁਰੂ ਜੀ ਦੇ ਬਚਨਾਂ ਨਾਲ ਉਸ ਦੇ ਘਰ ਲੜਕਾ ਪੈਦਾ ਹੋਇਆ ਸੀ। ਇਹ ਲੜਕਾ ਜਦੋਂ ਬਾਰ੍ਹਾਂ ਸਾਲਾਂ ਦਾ ਹੋਇਆ ਤਾਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਆਇਆ ਸੀ।

ਅਸਾਮ ਤੋਂ ਚੱਲ ਕੇ ਗੁਰੂ ਜੀ ਕਲਕੱਤੇ ਜਗਨਨਾਥ ਪੁਰੀ ਆਦਿ ਦੀ ਯਾਤਰਾ ਕਰਦੇ ਹੋਏ ਮੁੜ ਪਟਨੇ ਆ ਗਏ। ਇੱਥੇ ਤਿੰਨ ਕੁ ਮਹੀਨੇ ਠਹਿਰ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਚੱਲ ਪਏ। ਕਾਸ਼ੀ, ਆਯੁੱਧਿਆ, ਲਖਨਊ, ਮੁਰਾਦਾਬਾਦ ਤੇ ਹਰਿਦੁਆਰ ਹੁੰਦੇ ਹੋਏ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਜੀ ਦੇ ਅਨੰਦਪੁਰ ਸਾਹਿਬ ਪਹੁੰਚਣ ਨਾਲ ਸਿੱਖ ਸੰਗਤ ਦਰਸ਼ਨ ਕਰਨ ਲਈ ਆਉਣ ਲੱਗੀਆਂ। ਸ੍ਰੀ ਅਨੰਦਪੁਰ ਸਾਹਿਬ ਦੀ ਰੌਣਕ ਦਿਨੋਂ ਦਿਨ ਵਧਣ ਲੱਗੀ। ਗੁਰੂ ਜੀ ਨੇ ਪਰਵਾਰ ਨੂੰ ਵੀ ਪਟਨੇ ਤੋਂ ਇੱਥੇ ਬੁਲਾ ਲਿਆ। ੧੭੨੯ ਬਿਕ੍ਰਮੀ ਵਿਚ ਕੁਝ ਅਰਸੇ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ (ਗੋਬਿੰਦ ਰਾਏ) ਵੀ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਜੀ ਦੀ ਪੜ੍ਹਾਈ-ਲਿਖਾਈ ਤੇ ਪਾਲਨਾ ਦਾ ਪ੍ਰਬੰਧ ਕੀਤਾ ਗਿਆ।

ਦੇਸ਼ ਅੰਦਰ ਹਰ ਪੱਖੋਂ ਅਧੋਗਤੀ ਦਾ ਦੌਰ ਸੀ। ਦੇਸ਼ ਅੰਦਰ ਜਿਨ੍ਹਾਂ ਕਸ਼ੱਤਰੀਆਂ (ਖੱਤਰੀਆਂ) ਦਾ ਧਰਮ (ਫ਼ਰਜ਼) ਦੇਸ਼ ਦੇ ਧਰਮ, ਗੌਰਵ, ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਦਿਆਂ ਉਨ੍ਹਾਂ ਦੀ ਅਣਖ ਨੂੰ ਬਚਾਉਣਾ ਸੀ ਉਹ ਆਪਣੀ ਆਚਰਣਕ ਗਿਰਾਵਟ, ਐਸ਼-ਪ੍ਰਸਤੀ ਅੰਨ੍ਹੀ ਲੁੱਟ ਕਾਰਨ ਆਪਣਾ ਰਾਜ ਧਰਮ ਨਿਭਾਉਣ ਤੋਂ ਅਸਮੱਰਥ ਸਨ। ਸਤਿਗੁਰਾਂ ਨੇ ਇਸ ਅਧੋਗਤੀ ਬਾਰੇ ਇਉਂ ਫੁਰਮਾਇਆ ਹੈ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੩)

ਅਧਿਆਤਮਿਕ, ਆਤਮਿਕ ਅਤੇ ਬਲਹੀਣ ਵਾਲੀ ਅਧੋਗਤੀ ਵਾਲੇ ਹਾਲਾਤ ਦਾ ਲਾਭ ਉਠਾਉਂਦਿਆਂ ਅਤੇ ਆਪਣੇ ਇਸਲਾਮੀ ਮਿਸ਼ਨ ਦੀ ਪੂਰਤੀ ਲਈ ਔਰੰਗਜ਼ੇਬ ਨੇ ਕਸ਼ਮੀਰੀ ਲੋਕਾਂ ਨੂੰ ਜਬਰਦਰਸਤੀ ਮੁਸਲਮਾਨ ਬਣਾਉਣ ਦੇ ਹੁਕਮ ਦੇ ਦਿੱਤੇ ਸਨ। ਕਸ਼ਮੀਰ ਦਾ ਗਵਰਨਰ ਸ਼ੇਰ ਅਫ਼ਗਾਨ ਕਸ਼ਮੀਰੀਆਂ ਤੇ ਬਹੁਤ ਜ਼ੁਲਮ ਢਾਹੁਣ ਲੱਗਿਆ। ਜਦੋਂ ਇਸ ਨਾਲ ਵੀ ਉਹ ਸਫ਼ਲ ਨਾ ਹੋ ਸਕਿਆ ਤਾਂ ਉਸ ਨੇ ਸਿਰਫ਼ ਪੰਡਤਾਂ (ਬ੍ਰਾਹਮਣਾਂ) ਨੂੰ ਆਪਣਾ ਨਿਸ਼ਾਨਾ ਬਣਾਇਆ। ਬਹੁਤ ਸਾਰੇ ਪੰਡਤ ਡਰਦੇ ਮੁਸਲਮਾਨ ਹੋ ਗਏ। ਇਸ ਨੂੰ ਵੇਖਦੇ ਹੋਏ ਮੁਖੀ ਪੰਡਤਾਂ ਨੇ ਸ਼ੇਰ ਅਫ਼ਗਾਨ ਤੋਂ ੬ ਮਹੀਨੇ ਦੀ ਮੁਹਲਤ ਮੰਗੀ। ਸੰਸਾਰ ਇਤਿਹਾਸ ਗਵਾਹ ਹੈ ਕਿ ਜਦੋਂ ਕੌਮਾਂ ਅੰਦਰ ਆਪਣੀ ਅੰਦਰੂਨੀ ਕਮੀਆਂ-ਕਮਜ਼ੋਰੀਆਂ, ਲਾਲਚਾਂ, ਆਚਰਣਕ ਗਿਰਾਵਟ ਅਤੇ ਧਰਮ-ਸਿਧਾਂਤ ਤੋਂ ਕੋਰੇ ਹੋਈ ਭਰਮ, ਪਾਖੰਡ, ਕਰਮ-ਕਾਂਡ ਵਿਚ ਬਲਹੀਣ, ਬੁਧਹੀਣ, ਗ਼ੈਰਤਹੀਣ ਅਤੇ ਗੌਰਵਹੀਣ ਹੀ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਸਾਰੀਆਂ ਕੌਮਾਂ ਦਾ ਹਾਲ ਇਹੋ ਜਿਹਾ ਹੀ ਹੋ ਜਾਂਦਾ ਹੈ। ਸਾਰੇ ਪੰਡਤਾਂ ਨੇ ਅਮਰਨਾਥ ਦੇ ਮੰਦਿਰ ਵਿਚ ਬੈਠ ਕੇ ਵਿਚਾਰ ਕੀਤੀ ਕਿ ਇਸ ਸੰਕਟ ਤੋਂ ਬਚਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲਈ ਜਾਵੇ। ਰੱਖਿਆ ਦੀ ਆਸ ਲੈ ਕੇ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਉਹ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਏ। ਗੁਰੂ ਜੀ ਉਨ੍ਹਾਂ ਦੀ ਦੁਖਾਂ ਭਰੀ ਦਾਸਤਾਨ

ਸੁਣ ਕੇ ਵਿਚਾਰ ਕਰਨ ਲੱਗੇ। ਗੁਰੂ ਜੀ ਨੂੰ ਇਸ ਤਰ੍ਹਾਂ ਸੋਚਦੇ ਹੋਏ ਬੈਠੇ ਵੇਖ ਕੇ ਬਾਲਕ ਗੋਬਿੰਦ ਰਾਏ ਦੇ ਕਾਰਨ ਪੁੱਛਣ ਉੱਤੇ ਗੁਰੂ ਜੀ ਨੇ ਦੱਸਿਆ ਕਿ ਮੁਗ਼ਲ ਸਰਕਾਰ ਦੀਨ ਮੁਹੰਮਦੀ ਕਬੂਲ ਕਰਾਉਣ ਹਿੱਤ ਇਨ੍ਹਾਂ ਉੱਤੇ ਬਹੁਤ ਜ਼ੁਲਮ ਕਰ ਰਹੀ ਹੈ। ਅਜਿਹੇ ਸੰਕਟ ਦੇ ਸਮੇਂ ਕੋਈ ਮਹਾਂਖੁਰਖ ਹੀ ਇਨ੍ਹਾਂ ਦੀ ਰੱਖਿਆ ਕਰ ਸਕਦਾ ਹੈ। ਬਾਲਕ ਗੋਬਿੰਦ ਰਾਏ ਜੀ ਨੇ ਬਚਨ ਕੀਤਾ ਤੁਹਾਥੋਂ ਵੱਡਾ ਮਹਾਂਪੁਰਖ ਹੋਰ ਕੋਣ ਹੈ ਤੁਸੀਂ ਇਨ੍ਹਾਂ ਦੀ ਆਸ ਪੂਰੀ ਕਰੋ। ਬਾਲਕ ਗੋਬਿੰਦ ਰਾਏ ਜੀ ਦਾ ਬਚਨ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ *ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ* ਦੇ ਗੁਰਮਤਿ ਸਿਧਾਂਤ ਅਨੁਸਾਰ ਕਸ਼ਮੀਰੀ ਪੰਡਤਾਂ ਨੂੰ ਸਹਾਇਤਾ ਦਾ ਭਰੋਸਾ ਦਿਵਾਇਆ। ਉਨ੍ਹਾਂ ਨੂੰ ਕਹਿ ਦਿੱਤਾ ਕਿ ਤੁਸੀਂ ਸਾਰੀ ਗੱਲ ਸਾਡੇ 'ਤੇ ਸੁੱਟ ਦਿਓ ਕਿ ਜੇ ਉਹ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਕਸ਼ਮੀਰੀ ਪੰਡਤਾਂ ਦੇ ਆਗੂ ਬਣ ਕੇ ਗੁਰੂ ਜੀ ਨੇ ਮੁਗ਼ਲ ਹਕੂਮਤ ਦਾ ਸਾਰਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ।

ਪੰਡਤਾਂ ਨੂੰ ਉੱਥੋਂ ਵਿਦਾ ਕਰ ਕੇ ਗੁਰੂ ਜੀ ਨੇ ਵੀ ਤਿਆਰੀ ਆਰੰਭ ਦਿੱਤੀ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਆਪ ਜੀ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਚੱਲ ਪਏ। ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਉਹ ਜਨਤਾ ਵਿਚ ਵਿਚਰ ਕੇ ਲੋਕਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਅਤੇ ਧਰਮ ਵਿਚ ਦ੍ਰਿੜ੍ਹ ਰਹਿਣ ਅਤੇ ਉਨ੍ਹਾਂ ਦੀ ਅਣਖ, ਗੈਰਤ ਅਤੇ ਗੌਰਵ, ਜਿਸ ਤੋਂ ਉਹ ਹੁਣ ਬਿਲਕੁਲ ਕੋਰੇ ਹੋ ਗਏ ਸੀ, ਦੀ ਪੁਨਰ-ਸੁਰਜੀਤੀ ਕਰਨ ਲਈ ਪ੍ਰਚਾਰ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਹਿਲਾਂ ਪੰਜਾਬ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਉਹ ਰੋਪੜ ਤੋਂ ਛੋਟੇ-ਵੱਡੇ ਨਗਰਾਂ ਅਤੇ ਕਸਬਿਆਂ ਵਿੱਚੋਂ ਦੀ ਹੁੰਦੇ ਹੋਏ ਸੈਫ਼ਾਬਾਦ (ਸਨੌਰ) ਅਤੇ ਗੜ੍ਹੀ ਨਜ਼ੀਰ (ਸਮਾਣਾ) ਪਹੁੰਚੇ। ਇੱਥੇ ਗੁਰੂ ਜੀ ਕਾਫ਼ੀ ਦੇਰ ਠਹਿਰੇ। ਇੱਥੋਂ ਚੱਲ ਕੇ ਗੁਰੂ ਜੀ ਨੇ ਕਰਹਾਲੀ, ਚੀਕਾ, ਕਰ੍ਹਾ, ਖਰਕਾਂ, ਭੂਰਾਂ, ਖਟਕੜ, ਜੀਂਦ ਆਦਿ ਪਿੰਡਾਂ ਵਿਚ ਚਰਨ ਪਾਏ ਤੇ ਲੋਕਾਂ ਵਿਚ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਚੇਤਨਾ ਪੈਦਾ ਕੀਤੀ। ਬਾਂਗਰ ਦੇਸ਼ ਵਿਚ ਧਰਮ ਪ੍ਰਚਾਰ ਕਰਦੇ ਹੋਏ ਗੁਰੂ ਜੀ ਜੀਂਦ ਤੋਂ ਆਗਰੇ ਵੱਲ ਚੱਲ ਪਏ। ਆਗਰੇ ਵਿਚ ਕੁਝ ਦਿਨ ਮਾਈ ਭਾਗਵੰਤੀ ਦੇ ਘਰ ਠਹਿਰਨ ਪਿੱਛੋਂ ਗੁਰੂ ਜੀ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਉਨ੍ਹਾਂ ਦੇ ਨਾਲ ਕੇਵਲ ੫ ਸਿੱਖ ਸਨ। ਭਾਈ ਗੁਰਦਿੱਤਾ ਜੀ, ਦੀਵਾਨ ਮਤੀਦਾਸ, ਭਾਈ ਦਿਆਲਾ ਜੀ, ਭਾਈ ਊਦਾ ਤੇ ਭਾਈ ਸਤੀ ਦਾਸ। ਗ੍ਰਿਫ਼ਤਾਰੀ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ ਨੂੰ ਵਾਪਸ ਸ੍ਰੀ ਅਨੰਦਪੁਰ ਸਾਹਿਬ ਭੇਜ ਦਿੱਤਾ ਅਤੇ ਉਨ੍ਹਾਂ ਨੂੰ ਬਾਲਕ ਗੋਬਿੰਦ ਰਾਏ ਨੂੰ ਗੁਰਗੱਦੀ ਉੱਤੇ ਬਿਰਾਜਮਾਨ ਕਰਨ ਦਾ ਆਦੇਸ਼ ਦਿੱਤਾ।

ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਉਨ੍ਹਾਂ ਨੇ ਅੱਗੋਂ ਸੱਚ ਧਰਮ ਦੀ ਮਹੱਤਤਾ ਵਰਣਨ ਕਰ ਕੇ ਕਾਜ਼ੀਆਂ ਤੇ ਹਾਕਮਾਂ ਨੂੰ ਨਿਰੁੱਤਰ ਕਰ ਦਿੱਤਾ। ਗੁਰੂ

ਜੀ ਨਾਲ ਕੈਦ ਵਿਚ ਸਖ਼ਤ ਵਰਤਾਉ ਕਰਨਾ ਸ਼ੁਰੂ ਕਰ ਦਿੱਤਾ। ਮੁਗ਼ਲ ਹਕੂਮਤ ਇਹ ਸਮਝਦੀ ਸੀ ਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਇਸਲਾਮ ਧਰਮ ਕਬੂਲ ਕਰ ਲੈਣ ਤਾਂ ਸਾਰਾ ਕਸ਼ਮੀਰ ਤੇ ਪੰਜਾਬ ਮੁਸਲਮਾਨ ਹੋ ਜਾਵੇਗਾ ਤੇ ਹਿੰਦੁਸਤਾਨ ਦਾ ਰੇੜਕਾ ਖ਼ਤਮ ਹੋ ਜਾਵੇਗਾ। ਕਸ਼ਮੀਰ ਧਰਤੀ ਦਾ ਸਵਰਗ ਅਤੇ ਪੰਜਾਬ ਅੰਨ ਦਾ ਭੰਡਾਰ ਸਦਾ ਲਈ ਇਸਲਾਮੀਅਤ (ਦੀਨ ਮੁੰਹਮਦੀ) ਕਬੂਲ ਕਰ ਕੇ ਮੁਸਲਮਾਨ ਹਕੂਮਤ ਦੇ ਹੱਥ ਆ ਜਾਵੇਗਾ। ਗੁਰੂ ਜੀ ਆਪਣੇ ਫ਼ੈਸਲੇ ਤੇ ਅਡੋਲ ਰਹੇ। ਕੋਈ ਦੁੱਖ, ਕੋਈ ਲਾਲਚ, ਕੋਈ ਡਰਾਵਾ ਉਨ੍ਹਾਂ ਨੂੰ ਡੁਲਾ ਨਹੀਂ ਸਕਿਆ। ਗੁਰੂ ਜੀ ਨੂੰ ਭੈ ਭੀਤ ਕਰਨ ਹਿੱਤ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਨਾਲ ਆਏ ਸਿੱਖਾਂ ਵਿੱਚੋਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਉਸ ਤੋਂ ਮਗਰੋਂ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਿਆ ਗਿਆ। ਇਨ੍ਹਾਂ ਤਿੰਨਾਂ ਨੇ ਇਉਂ ਸ਼ਹੀਦੀਆਂ ਦੇ ਕੇ ਸਾਬਤ ਕਰ ਦਿੱਤਾ ਕਿ ਗੁਰ ਕਾ ਸਿੱਖ ਗੁਰੂ ਜੀ ਤੋਂ ਪਹਿਲਾਂ ਸ਼ਹੀਦੀ ਦਿੰਦਾ ਹੈ, ਕਿਉਂਕਿ ਉਸ ਨੇ ਗੁਰੂ ਜੀ ਨੂੰ ਆਪਣਾ ਸਭ ਕੁਝ ਸਮਰਪਿਤ ਕਰ ਕੇ ਸਿੱਖੀ ਹਾਸਲ ਕੀਤੀ ਹੁੰਦੀ ਹੈ। ਗੁਰਬਾਣੀ ਇਉਂ ਫੁਰਮਾਉਂਦੀ ਹੈ—*ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥* ਤਥਾ *ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥* ਮੁਗ਼ਲ ਹਕੂਮਤ ਦੇ ਸਾਰੇ ਹੀਲੇ ਗੁਰੂ ਜੀ ਨੂੰ ਭੈ-ਭੀਤ ਕਰਨ ਵਿਚ ਅਸਫ਼ਲ ਰਹੇ। ਜਦੋਂ ਉਨ੍ਹਾਂ ਤਿੰਨਾਂ ਸਿੱਖ ਸੂਰਮਿਆਂ ਨੂੰ ਆਖਰੀ ਇੱਛਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਆਖਰੀ ਸਮੇਂ ਉਨ੍ਹਾਂ ਦਾ ਮੂੰਹ ਸਤਿਗੁਰੂ ਜੀ ਵੱਲ ਕੀਤਾ ਜਾਵੇ। ਫੁਰਮਾਨ ਹੈ—*ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥* ਧੰਨ ਗੁਰਸਿੱਖੀ ! ਅਖ਼ੀਰ ਉਹ ਤਲਵਾਰ ਜੋ ਹਿੰਦੁਸਤਾਨ ਦੇ ਸਿਰ (ਪੰਜਾਬ ਅਤੇ ਕਸ਼ਮੀਰ) ਉੱਤੇ ਲਟਕ ਰਹੀ ਸੀ। ਉਸ ਦੇ ਵੇਗ ਨੂੰ ਠੱਲ੍ਹ ਪਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਅੱਗੇ ਕੀਤਾ। ਉਹ ਤਲਵਾਰ ਚੱਲੀ ਤੇ ਗੁਰੂ ਜੀ ਦਾ ਸੀਸ ਧੜ੍ਹ ਤੋਂ ਅਲੱਗ ਹੋ ਗਿਆ। ਇਹ ਮਹਾਨ ਸਾਕਾ ੧੬੭੫ ਈ. ਨੂੰ ਵਾਪਰਿਆ। ਗੁਰੂ ਜੀ ਦੇ ਪਵਿੱਤਰ ਸੀਸ ਨੂੰ ਰਾਤ ਵੇਲੇ ਭਾਈ ਜੈਤਾ ਜੀ ਪਹਿਰੇਦਾਰਾਂ ਤੋਂ ਅੱਖ ਬਚਾ ਕੇ ਚੁੱਕ ਲਿਆਏ ਅਤੇ ਅਨੇਕ ਔਕੜਾਂ ਝੱਲਦੇ ਹੋਏ, ਖੁਸ਼ਹਾਲੀ ਗੜ੍ਹੀ (ਬੱਡ ਖਾਲਸਾ), ਬਾਗਪਤ, ਤਰਾਵੜੀ, ਅੰਬਾਲਾ ਸ਼ਹਿਰ, ਨਾਭਾ ਸਾਹਿਬ ਤੋਂ ਹੁੰਦੇ ਹੋਏ ਕੀਰਤਪੁਰ ਸਾਹਿਬ ਲੈ ਆਏ। ਇੱਥੇ ਪੁੱਜ ਕੇ ਸਤਿਗੁਰਾਂ ਦਾ ਸੀਸ ਬਾਲਕ ਗੋਬਿੰਦ ਰਾਏ ਜੀ ਨੂੰ ਭੇਟ ਕੀਤਾ ਗਿਆ। ਬਾਲਕ ਗੋਬਿੰਦ ਰਾਏ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾ ਕੇ—*"ਰੰਘਰੇਟੇ ਗੁਰੂ ਕੇ ਬੇਟੇ"* ਦਾ ਮਾਣ ਬਖ਼ਸ਼ਿਆ ਜਿਸ ਦਾ ਨਿੱਘ ਅਤੇ ਗੌਰਵ ਅੱਜ ਵੀ ਰੰਘਰੇਟੇ ਵੀਰ ਮਹਿਸੂਸ ਕਰਦੇ ਹਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਦੇ ਸੀਸ ਦਾ ਸਸਕਾਰ ਕੀਤਾ ਗਿਆ। ਜਿੱਥੇ ਹੁਣ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ। ਦੂਜੇ ਪਾਸੇ ਗੁਰੂ ਜੀ ਦੀ ਪਵਿੱਤਰ ਦੇਹ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਗੱਡੇ ਵਿਚ ਲੱਦ ਕੇ ਆਪਣੇ ਘਰ ਲੈ ਗਿਆ। ਉਸ ਨੇ ਆਪਣੇ ਘਰ ਦੇ ਅੰਦਰ ਚਿਖਾ ਬਣਾਈ ਤੇ ਆਪਣੇ ਘਰ ਨੂੰ ਅਗਨ ਭੇਟ ਕਰ ਕੇ

ਗੁਰੂ ਜੀ ਦੀ ਪਵਿੱਤਰ ਦੇਹ ਦਾ ਸਸਕਾਰ ਕੀਤਾ ਤਾਂ ਕਿ ਕਿਸੇ ਨੂੰ ਇਸ ਦਾ ਸ਼ੱਕ ਨਾ ਪਵੇ। ਇਸੇ ਥਾਂ ਹੁਣ ਦਿੱਲੀ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ। ਗੁਰੂ ਜੀ ਨੇ ਹਿੰਦੁਸਤਾਨ ਨੂੰ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ (ਜਿਸ ਦੀ ਅੱਜ ਸਾਰੇ ਨੇਤਾ ਵਾਰ ਵਾਰ ਗੱਲ ਕਰਦੇ ਹਨ) ਇਕ ਰੱਖਣ ਲਈ ਤੇ ਹਿੰਦੁਸਤਾਨ ਦੇ ਸੀਸ (ਧਰਮ ਅਤੇ ਸਵੈਮਾਣ) ਨੂੰ ਕਾਇਮ ਰੱਖਣ ਲਈ ਅਤੇ ਸੰਸਾਰ ਦੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਬਰਾਬਰੀ, ਗ਼ੈਰਤ, ਗੌਰਵ ਅਤੇ ਅਣਖ (ਧਰਮ ਦੀ ਰਾਖੀ) ਲਈ ਆਪਣੇ ਸੀਸ ਦਾ ਬਲੀਦਾਨ ਦਿੱਤਾ ਸੀ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਲੌਕਿਕ ਅਤੇ ਇਤਿਹਾਸਿਕ ਸਾਕੇ ਬਾਰੇ ਇਉਂ ਬਿਆਨ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥

(ਬਚਿਤ੍ਰ ਨਾਟਕ)

ਗੁਰਮਤਿ ਇਹ ਤਨ, ਮਨ, ਧਨ, ਸਰੀਰ ਤਥਾ ਜ਼ਿੰਦਗੀ ਅਕਾਲ ਪੁਰਖ ਦੀ *"ਦਾਤਿ"* ਮੰਨਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਤਥਾ ਸਾਰੇ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨੇ ਸਾਬਤ ਕਦਮੀ ਇਸ ਵਿਸ਼ਵਾਸ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਭਗਤ ਕਬੀਰ ਜੀ ਇਉਂ ਫੁਰਮਾਉਂਦੇ ਹਨ—*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*

ਸੰਸਾਰ ਦਾ ਇਤਿਹਾਸ ਗਵਾਹ ਹੈ ਜਿੱਥੇ ਕੌਮਾਂ ਆਪਣਾ ਧਰਮ ਬਚਾਉਣ ਤੋਂ ਅਸਮਰੱਥ ਰਹੀਆਂ ਹਨ ਅਤੇ ਅੱਜ ਵੀ ਉੱਥੇ ਦੁਨੀਆ ਦੇ ਇਤਿਹਾਸ ਵਿਚ ਦੂਜਿਆ ਦੇ ਧਰਮ, ਜਿਸ ਵਿਚ ਉਸ ਦਾ ਆਪਣਾ ਇਤਕਾਦ-ਵਿਸ਼ਵਾਸ ਨਾ ਹੋਵੇ, ਦੀ ਰਾਖੀ ਲਈ ਇਹ ਪਹਿਲੀ ਅਤੇ ਆਖਰੀ ਸ਼ਹੀਦੀ ਹੀ ਸੀ। ਇਤਿਹਾਸ ਨੂੰ ਵਾਚਿਆਂ ਪਤਾ ਲੱਗਦਾ ਹੈ ਕਿ ਯੂਨਾਨੀ ਫ਼ਿਲਾਸਫ਼ਰ ਸੁਕਰਾਤ (੪੭੦-੩੯੦ ਪੂਰਬ ਈਸਵੀ) ਨੇ ਆਪਣੇ ਆਦਰਸ਼ ਅਤੇ ਸੱਚਾਈ ਦੀ ਪੁਸ਼ਟੀ ਲਈ ਜ਼ਹਿਰ ਦਾ ਪਿਆਲਾ ਪੀ ਕੇ ਸ਼ਹੀਦੀ ਦਿੱਤੀ। ਯਹੂਦੀ ਅਧਿਆਤਮਿਕ ਅਧਿਆਪਕ ਆਕਿਬਾ (੫੦-੧੩੦ ਈ.) ਨੂੰ ਸ਼ਾਹੀ ਫੁਰਮਾਨ ਦੀ ਉਲੰਘਣਾ ਕਰਦਿਆਂ ਆਪਣੀ ਧਰਮ-ਪੁਸਤਕ 'ਤੌਰੇਤ' ਦੇ ਪ੍ਰਚਾਰ-ਪਸਾਰ ਲਈ ਸ਼ਹੀਦ ਹੋਣਾ ਪਿਆ। ਈਸਾਈ ਧਰਮ ਦੇ ਸੰਚਾਲਕ ਯਸੂਹ ਮਸੀਹ ਨੂੰ ਆਪਣੇ ਵਿਸ਼ਵਾਸ ਦੀ ਸੁਰੱਖਿਆ ਲਈ ਸੂਲੀ ਉੱਤੇ ਚੜ੍ਹਨਾ ਪਿਆ। ਇਸਲਾਮ ਪਾਸ (ਸ਼ੀਆ ਮੁਸਲਮਾਨਾਂ ਲਈ) ਹਸਨ-ਹੁਸੈਨ (੬੦੫-੬੬੦ ਈ.) ਦੀਆਂ ਸ਼ਹਾਦਤਾਂ ਹਨ। ਉਹ ਇਸਲਾਮ ਦੀ ਲੜਾਈ ਲੜਦਿਆਂ ਇਰਾਕ ਦੇ ਸ਼ਹਿਰ ਕਰਬਲਾ ਦੇ ਮੈਦਾਨ-ਏ-ਜੰਗ ਵਿਚ ਸ਼ਹੀਦ ਹੋਏ। ਇਸੇ ਤਰ੍ਹਾਂ 'ਮਨਸੂਰ' ਨੂੰ ਅਖੌਤੀ ਤੋਰ 'ਤੇ ਕੁਫ਼ਰ ਤੋਲਣ ਦੇ ਦੋਸ਼ ਵਿਚ ਬੜੀ ਬੇਦਰਦੀ ਨਾਲ ਰੋੜੇ ਮਾਰ-ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਸਮਸ਼ਦੀਨ ਮੁਹੰਮਦ ਅਤੇ ਮਖਦੂਮ ਸ਼ਾਹ ਸ਼ਮਸ ਤਬਰੇਜ਼ ਨੂੰ ਵੀ ਆਪਣੇ ਵਿਸ਼ਵਾਸ ਦੀ ਪੁਸ਼ਟੀ ਲਈ ਪੁੱਠੀ ਖੱਲ ਲੁਹਾ ਕੇ ਸ਼ਹੀਦ ਹੋਣਾ ਪਿਆ।

ਹਿੰਦੂ ਧਰਮ ਦੇ ਧਾਰਮਿਕ ਵਿਸ਼ਵਾਸਾਂ, ਧਾਰਮਿਕ ਚਿੰਨ੍ਹਾਂ (ਤਿਲਕ-ਜੰਞੂ) ਨੂੰ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਮਾਨਤਾ ਨਹੀਂ ਸੀ ਦਿੱਤੀ ਪਰੰਤੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਨ੍ਹਾਂ ਦੀ ਰਾਖੀ ਕਰਦਿਆਂ ਆਪਣੀ ਬੇਮਿਸਾਲ ਸ਼ਹੀਦੀ ਦਿੱਤੀ। ਇਸ ਦਾ ਭਾਵ ਸੀ ਕਿ ਦੁਨੀਆ ਦੀ ਕਿਸੇ ਵੀ ਵੱਡੀ ਤੋਂ ਵੱਡੀ ਤਾਕਤ ਵੱਲੋਂ ਕਿਸੇ ਨੂੰ ਵੀ ਜਬਰਨ ਧਰਮ ਤਬਦੀਲੀ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਦੂਸਰਾ ਭਾਵ ਸੀ ਕਿ ਹੱਕ, ਸੱਚ, ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਇਹੀ ਭਾਵਨਾ ਅਤੇ ਸੰਕਲਪ ਹਿੰਦੂਆਂ ਵਿੱਚੋਂ ਅਲੋਪ ਹੋ ਚੁਕਿਆ ਸੀ ਅਤੇ ਆਪਣੀ ਜਾਨ ਬਚਾਉਣ ਲਈ ਉਹ ਆਪਣਾ ਧਰਮ ਤਿਆਗ ਕੇ ਅਧਰਮ ਸਵੀਕਾਰ ਕਰੀ ਜਾ ਰਹੇ ਸਨ। ਇਹ ਉਨ੍ਹਾਂ ਦਾ ਆਪਣੇ ਧਾਰਮਿਕ ਵਿਸ਼ਵਾਸ ਵਿਚ ਘਾਟ, ਮਾਨਸਿਕ ਕਮਜ਼ੋਰੀ ਅਤੇ ਜੀਵਨ ਜਿਊਣ ਦੀ ਲਾਲਸਾ ਕਾਰਨ ਹੀ ਸੀ।

ਜਬਰ-ਜ਼ੁਲਮ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਲਹਿਰ ਦਿਨੋਂ ਦਿਨ ਚੜ੍ਹਦੀ ਕਲਾ ਵਿਚ ਅੱਗੇ ਵਧਦੀ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਅਤੇ ਸਿਧਾਂਤ ਅਨੁਸਾਰ ਖਾਲਸਾ ਪੰਥ (ਸਚਿਆਰ ਮਨੁੱਖ) ਦੀ ਸਾਜਨਾ ਕੀਤੀ। ਖਾਲਸੇ ਨੇ ਅਣਗਿਣਤ ਕੁਰਬਾਨੀਆਂ ਦੇ ਕੇ ਪੰਜਾਬ ਅਤੇ ਕਸ਼ਮੀਰ ਦੇ ਸਾਰੇ ਇਲਾਕੇ 'ਤੇ ਆਪਣਾ ਰਾਜ ਕਾਇਮ ਕਰ ਲਿਆ ਸੀ। ਸੰਨ ੧੯੪੭ ਈ. ਵਿਚ ਭਾਰਤ ਦੀ ਵੰਡ ਸਮੇਂ ਸਾਡੇ ਨੇਤਾ ਆਪਣੀ ਰਾਜਨੀਤਕ ਲਾਲਸਾ ਪੂਰੀ ਕਰਨ ਲਈ ਕਾਹਲੇ ਪਏ ਹੋਏ ਹੋਣ ਕਾਰਨ ਦੇਸ਼ ਨੂੰ ਇਕ ਨਾ ਰੱਖ ਸਕੇ। ਇਸ ਦੇ ਦੋ ਟੁੱਕੜੇ ਹੋ ਗਏ। ਪੰਜਾਬ, ਬੰਗਾਲ ਅਤੇ ਕਸ਼ਮੀਰ ਦੋ ਭਾਗਾਂ ਵਿਚ ਵੰਡੇ ਗਏ। ਪੰਜਾਬ ਵਿਚ ਖਾਲਸੇ ਨੇ ਜੇ ਮੁਗ਼ਲ ਅਤੇ ਅੰਗਰੇਜ਼ੀ ਰਾਜ ਨੂੰ ਤੇਗ ਦਾ ਸੁਆਦ ਨਾ ਚਖਾਇਆ ਹੁੰਦਾ ਅਤੇ ਪੰਜਾਬ ਅਤੇ ਕਸ਼ਮੀਰ ਉੱਤੇ ਖਾਲਸਈ ਪਰਚਮ ਨਾ ਝੁਲਾਇਆ ਹੁੰਦਾ ਤਾਂ ਪਾਕਿਸਤਾਨ ਦੀ ਹੱਦ ਅੱਜ ਰਾਵੀ ਦੀ ਥਾਂ ਜਮਨਾ ਤੋਂ ਵੀ ਪਾਰ ਹੁੰਦੀ ਅਤੇ ਦਿੱਲੀ ਹਿੰਦੁਸਤਾਨ ਦੀ ਰਾਜਧਾਨੀ ਨਾ ਹੁੰਦੀ। ਜੇ ਅੱਜ ਦਿੱਲੀ ਹਿੰਦੁਸਤਾਨ ਦੀ ਰਾਜਧਾਨੀ ਹੈ ਤਾਂ ਸਿਰਫ਼ ਇਸ ਕਰਕੇ ਕਿ ਇੱਥੇ ਲਾਲ ਕਿਲ੍ਹੇ ਦੇ ਸਾਹਮਣੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਾਂਦਨੀ ਚੌਂਕ ਵਿਚ ਧਰਮ ਦੀ ਅਜ਼ਾਦੀ ਗੌਰਵ, ਸਵੈਮਾਣ ਅਤੇ ਅਣਖ ਬਚਾਉਣ ਹਿੱਤ ਆਪਣਾ ਸੀਸ ਭੇਟ ਕੀਤਾ ਸੀ। ਜਿਸ ਤਖ਼ਤ ਉੱਤੇ ਬੈਠ ਕੇ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਸੀ। ਸਮਾਂ ਆਉਣ ਉੱਤੇ ਬਾਬਾ ਬਘੇਲ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਦਿੱਲੀ ਫ਼ਤਿਹ ਕੀਤੀ ਅਤੇ ਇਸ ਉਪਰੰਤ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਹ ਤਖ਼ਤ (ਸਿੱਲ) ਜਿਸ ਉੱਪਰ ਰਾਜ ਸਿੰਘਾਸਨ ਹੁੰਦਾ ਸੀ ਚੁੱਕ ਕੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਆ ਪੇਸ਼ ਕਰ ਦਿੱਤੀ ਜੋ ਅੱਜ ਵੀ ਬੁੰਗਾ ਰਾਮਗੜ੍ਹੀਆ ਵਿਚ ਖ਼ਾਲਸੇ ਦੀ ਸ਼ਾਨਦਾਰ ਬਹਾਦਰੀ ਅਤੇ ਜਿੱਤ ਦੀ ਜ਼ਾਮਨੀ ਭਰ ਰਹੀ ਹੈ।

ਧਰਮ ਹੇਤ ਸਾਕਾ ਜਿਨਿ ਕੀਆ
ਧਰਮ ਦੀ ਰਾਖੀ ਲਈ ਅਦੁੱਤੀ ਸ਼ਹਾਦਤ

(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)

*-ਸ. ਗੁਰਚਰਨਜੀਤ ਸਿੰਘ ਲਾਂਬਾ**

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਵਿਚ ਵਚਿਤਰ, ਵਿਲੱਖਣ ਅਤੇ ਅਦੁੱਤੀ ਘਟਨਾ ਹੈ। ਸਤਿਗੁਰੂ ਜੀ ਦੀ ਸ਼ਹਾਦਤ ਦੀ ਗਵਾਹੀ ਅਤੇ ਕਾਰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਆਪਣੀ ਲੋਹ-ਕਲਮ ਨਾਲ ਬਚਿਤ੍ਰ ਨਾਟਕ ਵਿਚ ਅੰਕਿਤ ਕੀਤੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥੧੭॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਧਰਮ ਦੀ ਰਾਖੀ, ਧਰਮ ਦੀ ਪਾਲਣਾ ਦਾ ਸਿਖਰ ਸੀ ਕਿ ਦੂਸਰਿਆਂ ਦੇ ਧਾਰਮਿਕ ਅਕੀਦੇ ਅਤੇ ਚਿੰਨ੍ਹਾਂ ਦੀ ਰਾਖੀ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਸੀਸ ਵਾਰ ਦਿੱਤਾ। ਇਹ ਸ਼ਹਾਦਤ ਧਰਮ ਦੀ ਅਜ਼ਾਦੀ ਲਈ ਸੀ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਗਮਨ ਹੀ ਧਰਮ ਚਲਾਉਣ ਅਤੇ ਧਰਮ ਦੀ ਰੱਖਿਆ ਖਾਤਿਰ ਹੋਇਆ। ਕਲਗੀਧਰ ਪਿਤਾ ਬਚਨ ਕਰਦੇ ਹਨ:

ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥
ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥੪॥ਚੌਪਈ॥
ਤਿਨ ਇਹ ਕਲ ਮੋ ਧਰਮੁ ਚਲਾਯੋ॥ ਸਭ ਸਾਧਨ ਕੋ ਰਾਹੁ ਬਤਾਯੋ॥
ਜੋ ਤਾਂ ਕੇ ਮਾਰਗ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ॥੫॥ (ਬਚਿਤ੍ਰ ਨਾਟਕ)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅੱਗੇ ਜ਼ਿਕਰ ਕਰਦੇ ਹਨ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਜਿਨ੍ਹਾਂ ਨੇ ਧਰਮ ਦਾ ਵਾਧਾ (ਪ੍ਰਚੁਰ) ਕੀਤਾ:

ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰ ਇਹ ਜਗ ਮੋ ਕਰਾ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਕਸਦ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਅਰੰਭੇ ਇਸ ਨਾਨਕ ਨਿਰਮਲ ਪੰਥ ਨੂੰ ਚਲਾਣਾ, ਧਰਮ ਦੀ ਰਾਖੀ ਕਰਨਾ

* *New Jersey. U.S.A. Mo: +1 9736990950 Email: santsipahi@gmail.com*

ਅਤੇ ਧਰਮ-ਵਿਰੋਧੀਆਂ ਨਾ ਨਾਸ਼ ਕਰਨਾ ਸੀ ਸਤਿਗੁਰੂ ਜੀ ਦੇ ਆਪਣੇ ਬਚਨ ਹਨ:

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥

(ਬਚਿਤ੍ਰ ਨਾਟਕ)

ਸੋ ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਧਰਮ ਹੇਤ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਕੀਤੇ ਧਰਮ ਦੀ ਰਾਖੀ ਲਈ ਹੋਈ, ਧਰਮ ਭਾਵੇਂ ਕਿਸੇ ਦਾ ਵੀ ਹੋਵੇ।

ਤਿਲਕ ਅਤੇ ਜੰਞੂ ਦੀ ਖ਼ਾਤਰ ਇਹ ਸ਼ਹਾਦਤ ੧੬੭੫ ਈ. ਵਿਚ ਹੋਈ। ਇਸ ਘਟਨਾ ਤੋਂ ੨੭੩ ਸਾਲ ਬਾਅਦ ੧੦ ਦਸੰਬਰ, ੧੯੪੮ ਈ. ਨੂੰ ਯੂਨਾਈਟਡ ਨੇਸ਼ਨਸ ਨੇ ਯੂਨੀਵਰਸਲ ਡੈਕਲੇਰੇਸ਼ਨ ਆਫ਼ ਹਿਊਮਨ ਰਾਈਟਸ ਅਪਣਾਇਆ। ਇਸ ਐਲਾਨਨਾਮੇ 'ਤੇ ੪੮ ਮੁਲਕਾਂ ਨੇ ਦਸਤਖ਼ਤ ਕੀਤੇ। ਭਾਰਤ ਵੀ ਇਸ ਵਿਚ ਸ਼ਾਮਲ ਸੀ। ਇਸ ਡੈਕਲੇਰੇਸ਼ਨ ਦੀਆਂ ਤੀਹ ਮੱਦਾਂ ਸਨ ਪਰ ਇਸ ਦਾ ਆਰਟੀਕਲ (ਮੱਦ) ੧ ਅਤੇ ੧੮ ਬਹੁਤ ਹੀ ਮਹੱਤਵਪੂਰਨ ਹੈ: "Everyone has the right to freedom of thought, conscience and religion; this right includes freedom to change his religion or belief, and freedom, either alone or in community with others and in public or private, to manifest his religion or belief in teaching, practice, worship and observance."

ਹਰੇਕ ਵਿਅਕਤੀ ਨੂੰ ਵਿਚਾਰ, ਅੰਤਰ-ਆਤਮਾ ਅਤੇ ਧਰਮ ਦੀ ਅਜ਼ਾਦੀ ਦਾ ਹੱਕ ਹੈ; ਇਸ ਹੱਕ ਵਿਚ ਆਪਣਾ ਧਰਮ ਜਾਂ ਵਿਸ਼ਵਾਸ ਬਦਲਣ ਦੀ ਅਜ਼ਾਦੀ ਅਤੇ ਇਕੱਲੇ ਜਾਂ ਸਮੂਹ ਵਿਚ, ਲੋਕਾਂ ਸਾਹਮਣੇ ਜਾਂ ਗੁਪਤ ਰੂਪ ਵਿਚ, ਸਿੱਖਿਆ, ਅਮਲ, ਇਬਾਦਤ ਅਤੇ ਰਸਮਾਂ ਰਾਹੀਂ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਪ੍ਰਗਟ ਕਰਨ ਦੀ ਅਜ਼ਾਦੀ ਸ਼ਾਮਲ ਹੈ।

ਜਾਪਦਾ ਹੈ ਕਿ ਸੰਯੁਕਤ ਰਾਸ਼ਟਰ ਦਾ ਇਹ ਐਲਾਨਨਾਮਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਅਸੂਲਾਂ ਨੂੰ ਧਿਆਨ ਵਿਚ ਰੱਖ ਕੇ ਹੀ ਲਿਖਿਆ ਗਿਆ ਹੈ।

ਸਿੱਖ ਲਈ ਧਰਮ ਹੀ ਬੁਨਿਆਦ ਹੈ। ਰੋਜ਼ਾਨਾ ਅਰਦਾਸ ਵਿਚ ਵੀ ਇਹੀ ਦੁਹਰਾਇਆ ਜਾਂਦਾ ਹੈ, "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ... ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ।"

ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਦੋ ਮੱਦਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਦੇ ਫ਼ਲਸਫ਼ੇ ਨੂੰ ਆਧਾਰ ਬਣਾ ਕੇ ਹੀ ਲਿਖੀਆਂ ਗਈਆਂ ਹਨ।

ਭਾਰਤ ਦੇ ਸੰਵਿਧਾਨ ਵਿਚ ਵੀ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਧਿਕਾਰਾਂ ਲਈ ਵੱਖਰੀਆਂ ਮੱਦਾਂ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਮਨੁੱਖੀ ਅਧਿਕਾਰ ਅਤੇ ਧਾਰਮਿਕ ਘੱਟ-ਗਿਣਤੀ ਕਮਿਸ਼ਨ ਮੁਕੱਰਰ ਕੀਤੇ ਗਏ ਹਨ। ਇਸ ਤਰ੍ਹਾਂ ਮਨੁੱਖੀ ਅਧਿਕਾਰ ਅਤੇ ਧਾਰਮਿਕ ਅਧਿਕਾਰ ਵੱਖਰੇ-ਵੱਖਰੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਧਰਮ ਦੀ ਰਾਖੀ ਲਈ ਹੋਈ ਹੈ; ਪਰ ਕੁਝ ਚਿਰ ਤੋਂ ਪੰਥਕ ਅਤੇ ਧਾਰਮਿਕ ਸ਼ਬਦਾਵਲੀ ਦੀ ਥਾਵੇਂ ਧਰਮ ਨਿਰਪੱਖਤਾ ਦੇ ਲਫ਼ਜ਼ ਵਰਤਣ ਦੀ ਰੁਚੀ ਪ੍ਰਗਟ ਹੋ ਰਹੀ ਹੈ। ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂਆਂ ਦੇ ਤਿਲਕ ਅਤੇ ਜੰਞੂ ਨੂੰ ਬਚਾਉਣ ਦੀ ਖ਼ਾਤਰ ਆਪਣਾ ਸੀਸ ਕੁਰਬਾਨ ਕਰ ਦਿੱਤਾ ਅਤੇ ਇਹ ਅਦੁੱਤੀ ਸ਼ਹਾਦਤ 'ਧਰਮ ਹੇਤ' ਹੋਈ ਤਾਂ ਫ਼ਿਰ ਇਨ੍ਹਾਂ ਸਪੱਸ਼ਟ ਕਾਰਨਾਂ ਅਤੇ ਸ਼ਬਦਾਵਲੀ ਨੂੰ ਅੱਖੋਂ-ਪਰੋਖੇ ਕਰ ਕੇ ਹਿਊਮਨ ਰਾਈਟਸ ਜਾਂ ਮਨੁੱਖੀ ਅਧਿਕਾਰਾਂ ਬਾਰੇ ਹੋਈ ਕਹਿਣਾ ਅਣਜਾਣੇ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਦੇ ਮਕਸਦ ਨੂੰ ਪੇਤਲਾ ਕਰਨਾ ਹੈ।

ਧਰਮ ਦੀ ਖਾਤਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸੰਸਾਰ ਨੂੰ ਇਹ ਪ੍ਰੇਰਨਾ ਦਿੰਦੀ ਹੈ ਕਿ ਹਰ ਕਿਸੇ ਨੂੰ ਜੇ ਦੂਜੇ ਦੇ ਧਰਮ ਦੀ ਰਾਖੀ ਨਹੀਂ ਕਰ ਸਕਦਾ, ਉਸ ਦੇ ਧਰਮ ਦਾ ਸਤਿਕਾਰ ਤਾਂ ਕਰੇ। ਜੇ ਇਹ ਵੀ ਨਹੀਂ ਤਾਂ ਉਸ ਦਾ ਨਿਰਾਦਰ ਨਾ ਕਰੇ। ਪਰ ਘੱਟੋ-ਘੱਟ ਆਪਣੇ ਧਰਮ, ਅਕੀਦੇ ਅਤੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਕਰੇ ਅਤੇ ਅਡਿੱਗ ਰਹੇ। ਇਸ ਦੇ ਨਾਲ ਹੀ ਇਕ ਹੋਰ ਬਹੁਤ ਹੀ ਮਹੱਤਵਪੂਰਨ ਮੁੱਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਤਸਵੀਰਾਂ ਬਿਨਾਂ ਪ੍ਰਕਾਸ਼ ਚੱਕਰ ਦੇ ਪ੍ਰਚਲਿਤ ਕਰਨਾ ਦਾ। ਗੁਰੂ ਸਾਹਿਬ ਜੀ ਅਤੇ ਆਮ ਇਨਸਾਨ ਵਿਚ ਫ਼ਰਕ ਦਰਸਾਉਂਦਾ ਸੀਸ ਦੇ ਪਿੱਛੇ ਪ੍ਰਕਾਸ਼ ਚੱਕਰ ਦੇਣਾ ਲਾਜ਼ਮੀ ਹੁੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਵੱਡੀ ਗਿਣਤੀ ਵਿਚ ਹੋਰਡਿੰਗ ਲਗਾਏ ਗਏ ਹਨ। ਇਨ੍ਹਾਂ ਵਿਚ ਬਿਹਾਰ ਸਰਕਾਰ ਅਤੇ ਹਰਿਆਣਾ ਸਰਕਾਰ ਵੱਲੋਂ ਲਗਾਏ ਗਏ ਹੋਰਡਿੰਗ ਵਿਚ ਗੁਰੂ ਸਾਹਿਬ ਜੀ ਦੀ ਸੀਸ ਦੇ ਪਿੱਛੇ ਪ੍ਰਕਾਸ਼ ਚੱਕਰ (halo) ਦਿੱਤਾ ਗਿਆ ਹੈ ਪਰ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਹੋਰਡਿੰਗ ਵਿਚ ਇਹ ਪ੍ਰਕਾਸ਼ ਚੱਕਰ ਨਹੀਂ ਹੈ। ਇਹ ਬਹੁਤ ਵੱਡੀ ਅਵੱਗਿਆ ਹੈ ਅਤੇ ਦਰੁਸਤਗੀ ਦੀ ਮੰਗ ਕਰਦੀ ਹੈ। ਵੈਸੇ ਵੀ ਸਿੱਖ ਰਹਿਤ ਮਰਯਾਦਾ ਦੀ ਮੱਦ (੪) (ਗੁਰਦੁਆਰੇ) (ਕ) ਵਿਚ ਸਪੱਸ਼ਟ ਅੰਕਤ ਹੈ... ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮੱਤ ਹਨ। ਇਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣ ਦੀ ਆਗਿਆ ਹੈ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਵੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸੁਸ਼ੋਭਿਤ ਹਨ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਿਨਾਂ ਪ੍ਰਕਾਸ਼ ਚੱਕਰ ਦੇ ਅਵੱਗਿਆ ਹੈ। ■

ਜਨਵਰੀ ਅਤੇ ਫਰਵਰੀ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ	੨੩ ਪੋਹ ੦੬ ਜਨਵਰੀ
ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ)	੦੧ ਮਾਘ ੧੪ ਜਨਵਰੀ
ਜੋੜ ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ)	੦੧ ਮਾਘ ੧੪ ਜਨਵਰੀ
ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ)	੦੭ ਮਾਘ ੨੦ ਜਨਵਰੀ
ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ- (ਗੁਰੂ ਕਾ ਲਾਹੌਰ)	੧੦ ਮਾਘ ੨੩ ਜਨਵਰੀ
ਬਸੰਤ ਪੰਚਮੀ	੧੦ ਮਾਘ ੨੩ ਜਨਵਰੀ
ਜਨਮ-ਦਿਹਾੜਾ ਬਾਬਾ ਦੀਪ ਸਿੰਘ ਜੀ	੧੪ ਮਾਘ ੨੭ ਜਨਵਰੀ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ	੧੮ ਮਾਘ ੩੧ ਜਨਵਰੀ
ਜਨਮ ਦਿਹਾੜਾ ਭਗਤ ਰਵਿਦਾਸ ਜੀ	੧੯ ਮਾਘ ੦੧ ਫਰਵਰੀ
ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ)	੨੭ ਮਾਘ ੦੯ ਫਰਵਰੀ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ	੨੯ ਮਾਘ ੧੧ ਫਰਵਰੀ
ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ)	੧੦ ਫੱਗਣ ੨੧ ਫਰਵਰੀ
ਜੈਤੋ ਦਾ ਮੋਰਚਾ (ਫਰੀਦਕੋਟ)	੧੦ ਫੱਗਣ ੨੧ ਫਰਵਰੀ
ਸਲਾਨਾ ਜੋੜ-ਮੇਲਾ (ਵੱਡੇ ਘੱਲੂਘਾਰੇ ਦੀ ਯਾਦ 'ਚ) ਗਹਿਲ, (ਬਰਨਾਲਾ)	੧੦ ਤੋਂ ੧੨ ਫੱਗਣ ੨੧ ਤੋਂ ੨੩ ਫਰਵਰੀ

ਪੂਰਨਮਾਸੀ	੨੦ ਪੋਹ ੦੩ ਜਨਵਰੀ
ਸੰਗਰਾਂਦ	੦੧ ਮਾਘ ੧੪ ਜਨਵਰੀ
ਮੱਸਿਆ	੦੫ ਮਾਘ ੧੮ ਜਨਵਰੀ
ਪੂਰਨਮਾਸੀ	੧੯ ਮਾਘ ੦੧ ਫਰਵਰੀ
ਸੰਗਰਾਂਦ	੦੧ ਫੱਗਣ ੧੨ ਫਰਵਰੀ
ਮੱਸਿਆ	੦੬ ਫੱਗਣ ੧੭ ਫਰਵਰੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ: ਸ਼ਬਦ ਤੋਂ ਸ਼ਹਾਦਤ ਤਕ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮਾਜ ਵਿਚ ਸੇਵਾ, ਸਿਮਰਨ, ਸਦਾਚਾਰ, ਸਹਿਜ ਅਤੇ ਸਦਭਾਵਨਾ ਪੈਦਾ ਕਰਨ ਲਈ ਬਾਣੀ ਦੀ ਰਚਨਾ ਕੀਤੀ ਜਿਹੜੀ ਕਿ ਮਨੁੱਖ ਨੂੰ ਪਦਾਰਥ ਤੋਂ ਮੁਕਤ ਕਰ ਕੇ ਪਰਮਾਰਥ ਦੇ ਮਾਰਗ ਪਾਉਣ ਦਾ ਦਰਸ਼ਨ ਪ੍ਰਦਾਨ ਕਰਦੀ ਹੈ। ਪਰਮਾਰਥ ਦੇ ਮਾਰਗ 'ਤੇ ਚੱਲਣ ਵਾਲਾ ਮਨੁੱਖ ਹੀ ਵਿਕਾਰਾਂ ਤੋਂ ਮੁਕਤ ਹੋ ਕੇ ਦੂਜਿਆਂ ਦੀ ਭਲਾਈ ਕਰਨ ਦੇ ਯੋਗ ਹੋ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਜੀਵਨ, ਯਾਤਰਾਵਾਂ ਅਤੇ ਬਾਣੀ ਨੂੰ ਨਿਰੰਤਰਤਾ ਵਿਚ ਰੱਖ ਕੇ ਦੇਖਣ ਦੀ ਲੋੜ ਹੈ। ਗੁਰੂ ਜੀ ਦੀ ਬਾਣੀ ਮਨੁੱਖ ਦਾ ਅਜਿਹਾ ਕਿਰਦਾਰ ਪੈਦਾ ਕਰਨ ਵਿਚ ਸਹਾਇਤਾ ਕਰਦੀ ਹੈ ਜਿਹੜਾ ਕਿ ਸਮਾਜ ਵਿਚ ਪ੍ਰਭੂ-ਮੁਖੀ ਕਾਰਜ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ ਅਤੇ ਜੇਕਰ ਲੋੜ ਪਵੇ ਤਾਂ ਇਸ ਕਾਰਜ ਲਈ ਆਪਣੀ ਸ਼ਹਾਦਤ ਦੇਣ ਦੀ ਸਮਰੱਥਾ ਰੱਖਦਾ ਹੈ। ਜਿਹੜੇ ਵਿਦਵਾਨਾਂ ਨੇ ਗੁਰੂ ਜੀ ਦੀ ਬਾਣੀ ਦਾ ਗਹਿਨ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਹੈ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਗੁਰੂ ਸਾਹਿਬ ਦੀ ਬਾਣੀ ਵਿੱਚੋਂ ਇਹ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ :

੧. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪ੍ਰਭੂ-ਮੁਖੀ, ਰਾਗ-ਮਈ, ਗਿਆਨ-ਮਈ, ਭਗਤੀ-ਮਈ ਅਤੇ ਸੂਰਬੀਰਤਾ ਭਰਪੂਰ ਹੈ।

੨. ਵਹਿਮਾਂ-ਭਰਮਾਂ, ਪਾਖੰਡਾਂ ਅਤੇ ਕਰਮ-ਕਾਂਡਾਂ ਤੋਂ ਮੁਕਤੀ ਪ੍ਰਦਾਨ ਕਰਦੀ ਹੈ।

੩. ਪ੍ਰੇਮ, ਭਾਈਚਾਰੇ ਅਤੇ ਸ਼ਾਂਤੀ ਦੀ ਸਥਾਪਨਾ ਕਰਦੀ ਹੈ।

੪. ਸਹਿਜ ਅਤੇ ਤਿਆਗ ਦੀ ਭਾਵਨਾ ਪੈਦਾ ਕਰਨ 'ਤੇ ਜ਼ੋਰ ਦਿੰਦੀ ਹੈ।

੫. ਸੰਸਾਰ ਅਤੇ ਸੰਬੰਧੀਆਂ ਦੀ ਨਾਸ਼ਮਾਨਤਾ ਦਾ ਅਹਿਸਾਸ ਕਰਾਉਂਦੀ ਹੈ।

੬. ਮਨ ਨੂੰ ਦੁਨਿਆਵੀ ਤੋਂ ਦੈਵੀ ਜੀਵਨ ਉਦੇਸ਼ ਵੱਲ ਲੈ ਕੇ ਜਾਂਦੀ ਹੈ।

੭. ਪਰਉਪਕਾਰ ਦੀ ਭਾਵਨਾ ਨੂੰ ਬਲਵਾਨ ਕਰਦੀ ਹੈ।

ਪਰਉਪਕਾਰ ਦੇ ਮਾਰਗ 'ਤੇ ਚੱਲਣ ਵਾਲਾ ਮਨੁੱਖ ਹੀ ਦੂਜਿਆਂ ਦੇ ਦੁੱਖ ਨੂੰ ਸਮਝ ਸਕਦਾ ਹੈ, ਉਹਨਾਂ ਪ੍ਰਤੀ ਸੇਵਾ, ਪ੍ਰੇਮ ਅਤੇ ਹਮਦਰਦੀ ਦੀ ਭਾਵਨਾ ਦਾ ਪ੍ਰਗਟਾਵਾ ਕਰ ਸਕਦਾ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖ ਦੇ ਆਦਿ ਤੋਂ ਅੰਤਿਮ

* *ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੯੮੭੨੦-੭੪੩੨੨*

ਸਮੇਂ ਤਕ ਦੇ ਵਿਭਿੰਨ ਪੜਾਵਾਂ ਦਾ ਜ਼ਿਕਰ ਕਰਦੀ ਹੋਈ ਕੇਵਲ ਪਰਮਾਤਮਾ ਨੂੰ ਹੀ ਸਥਿਰ ਅਤੇ ਸਦੀਵੀ ਦੱਸਦੀ ਹੈ ਅਤੇ ਉਸੇ ਨਾਲ ਜੁੜਨ ਦੀ ਪ੍ਰੇਰਨਾ ਪੈਦਾ ਕਰਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਨੇ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ ਅਤੇ ਮਨੁੱਖ ਇਸ ਵਿਚ ਸ੍ਰੇਸ਼ਟ ਜੀਵ ਹੈ ਜਿਹੜਾ ਕਿ ਕਈ ਜਨਮਾਂ ਵਿੱਚੋਂ ਜੀਵਨ ਬਸਰ ਕਰਕੇ ਇਸ ਸ੍ਰੇਸ਼ਟ ਜੂਨ ਵਿਚ ਪੁੱਜਾ ਹੈ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਦਰਜ *ਫਿਰਤ ਫਿਰਤ ਬਹੁਤੇ ਜੁਗ ਹਾਰਿਓ, ਬਹੁਤੁ ਜਨਮ ਭਰਮਤ ਤੈ ਹਾਰਿਓ* ਆਦਿ ਪੰਕਤੀਆਂ ਮਨੁੱਖ ਦੇ ਮਨ ਵਿਬ *ਮਾਨਸ ਦੇਹ ਪਾਇ ਪਦ ਹਰਿ ਭਜੁ* ਦੀ ਪ੍ਰੇਰਨਾ ਪੈਦਾ ਕਰਦੀਆਂ ਹਨ।

ਬਚਪਨ, ਜਵਾਨੀ ਅਤੇ ਬੁਢਾਪਾ ਮਨੁੱਖੀ ਜੀਵਨ ਦੇ ਵੱਖੋ-ਵੱਖਰੇ ਪੜਾਅ ਹਨ ਅਤੇ ਇਨ੍ਹਾਂ ਪੜਾਵਾਂ ਵਿੱਚੋਂ ਲੰਘਦਾ ਹੋਇਆ ਮਨੁੱਖ ਉਹ ਸਮੂਹ ਦੁਨਿਆਵੀ ਕਾਰ-ਵਿਹਾਰ ਕਰਦਾ ਹੈ ਜਿਹੜੇ ਕਿ ਸਮਾਜ ਦੀ ਦ੍ਰਿਸ਼ਟੀ ਵਿਚ ਸੁਚਾਰੂ ਮੰਨੇ ਜਾਂਦੇ ਹਨ। ਗੁਰੂ ਸਾਹਿਬ ਦੀ ਬਾਣੀ ਪਰਮਾਤਮਾ ਦੀ ਪ੍ਰਾਪਤੀ ਲਈ ਇਸ ਦੁਨਿਆਵੀ ਕਾਰ-ਵਿਹਾਰ ਤੋਂ ਮੁਕਤੀ ਪ੍ਰਾਪਤ ਕਰਕੇ ਇਕਾਂਤਵਾਸੀ ਹੋਣ ਦੀ ਸਿੱਖਿਆ ਪ੍ਰਦਾਨ ਨਹੀਂ ਕਰਦੀ ਬਲਕਿ ਗ੍ਰਹਿਸਤੀ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ *ਸਭ ਕਿਛੁ ਜੀਵਤ ਕੋ ਬਿਵਹਾਰ* ਦੱਸਦੀ ਹੋਈ ਇਸ ਤੋਂ ਨਿਰਲੇਪ ਰਹਿਣ ਦੀ ਸਿੱਖਿਆ ਪ੍ਰਦਾਨ ਕਰਦੀ ਹੈ।

ਮਨੁੱਖ ਦੇ ਜੀਵਨ ਦੀ ਦਿਸ਼ਾ ਨਿਰਧਾਰਿਤ ਕਰਨ ਵਿਚ ਮਨ ਦੀ ਮਹੱਤਵਪੂਰਨ ਭੂਮਿਕਾ ਮੰਨੀ ਗਈ ਹੈ। ਇਹ ਮਨੁੱਖ ਦੇ ਦਿਮਾਗ ਅਤੇ ਸਰੀਰ ਨੂੰ ਸੰਚਾਲਿਤ ਕਰਦਾ ਹੈ। ਜਿਹੋ ਜਿਹੇ ਫੁਰਨੇ ਮਨ ਵਿਚ ਪੈਦਾ ਹੁੰਦੇ ਹਨ, ਮਨੁੱਖ ਉਹੋ ਜਿਹੇ ਕਾਰਜ ਕਰਨ ਲਈ ਆਪਣੇ ਦਿਮਾਗ ਅਤੇ ਸਰੀਰ ਦੀ ਵਰਤੋਂ ਕਰਦਾ ਹੈ। ਗੁਰੂ ਸਾਹਿਬ ਮਨ ਦੀ ਸਥਿਤੀ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਮਨ ਚੰਚਲ ਹੈ, ਦਸਾਂ ਦਿਸ਼ਾਵਾਂ ਵਿਚ ਭੱਜਿਆ ਫਿਰਦਾ ਹੈ ਅਤੇ ਕਿਸੇ ਵੀ ਸਥਿਤੀ ਵਿਚ ਇਹ ਲੰਮਾ ਸਮਾਂ ਸਥਿਰ ਨਹੀਂ ਰਹਿ ਸਕਦਾ। ਇਸ ਦੀ ਅਸਥਿਰਤਾ ਦਾ ਵੱਡਾ ਕਾਰਨ ਇਸ ਵਿਚ ਕਾਮ ਦੀ ਪ੍ਰਬਲਤਾ ਦੱਸਿਆ ਗਿਆ ਹੈ ਜਿਹੜਾ ਕਿ ਜੋਗੀ, ਜੰਗਮ, ਸੰਨਿਆਸੀ, ਗ੍ਰਹਿਸਤੀ ਆਦਿ ਸਭ ਨੂੰ ਕਾਬੂ ਕਰ ਲੈਂਦਾ ਹੈ:

ਪਾਪੀ ਹੀਐ ਮੈ ਕਾਮੁ ਬਸਾਇ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥ਰਹਾਉ॥
ਜੋਗੀ ਜੰਗਮ ਅਰੁ ਸੰਨਿਆਸ॥
ਸਭ ਹੀ ਪਰਿ ਡਾਰੀ ਇਹ ਫਾਸ॥੧॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)*

ਕਾਮਨਾ ਵੱਸ ਮਨੁੱਖ ਆਪਣੇ ਦੇਸ਼, ਸਮਾਜ, ਭਾਈਚਾਰੇ ਅਤੇ ਪਰਵਾਰ ਨਾਲ ਜੁੜਿਆ ਰਹਿੰਦਾ ਹੈ। ਉਸ ਨੂੰ ਆਪਣੇ ਨੇੜਲੇ ਸਕੇ-ਸੰਬੰਧੀ ਹੀ ਸਭ ਤੋਂ ਚੰਗੇ ਲੱਗਦੇ ਹਨ ਅਤੇ ਉਹ ਸਮਝਦਾ ਹੈ ਕਿ ਕਿਸੇ ਵੀ ਸਥਿਤੀ ਵਿਚ ਉਹ ਉਸ ਨੂੰ ਛੱਡ ਕੇ ਨਹੀਂ

ਜਾ ਸਕਦੇ। ਗੁਰੂ ਸਾਹਿਬ ਦੁਨਿਆਵੀ ਰਿਸ਼ਤਿਆਂ ਨੂੰ ਜਗਤ ਦੀ ਝੂਠੀ ਪ੍ਰੀਤ ਦੱਸਦੇ ਹੋਏ ਮਨੁੱਖ ਨੂੰ ਸਮਝਾਉਂਦੇ ਹਨ- *ਕਹਾ ਭੂਲਿਓ ਰੇ ਝੂਠੇ ਲੋਭ ਲਾਗ॥* ਪਲ ਭਰ ਵਿਚ ਵਿਛੜ ਜਾਣ ਵਾਲੇ ਰਿਸ਼ਤੇ ਅਤੇ ਸੰਬੰਧੀ ਸਦੀਵੀ ਨਹੀਂ ਹੋ ਸਕਦੇ। ਗੁਰੂ ਸਾਹਿਬ ਕਹਿੰਦੇ ਹਨ ਕਿ ਗ੍ਰਹਿਸਤੀ ਜੀਵਨ ਦੌਰਾਨ ਮਨੁੱਖ ਜਿਨ੍ਹਾਂ ਨੂੰ ਆਪਣਾ ਸਮਝਦਾ ਹੈ, ਸਮਾਂ ਪਾ ਕੇ ਉਹ ਸਵਾਰਥਾਂ ਤਕ ਹੀ ਸੀਮਿਤ ਹੋ ਜਾਂਦੇ ਹਨ। ਜਦੋਂ ਮਨੁੱਖ ਨੂੰ ਜੀਵਨ ਦੀ ਇਸ ਸੱਚਾਈ ਦਾ ਅਹਿਸਾਸ ਹੁੰਦਾ ਹੈ ਤਾਂ ਅਤੀਤ ਦੇ ਸਮੂਹ ਕਾਰਜ ਅੱਖਾਂ ਅੱਗੇ ਘੁੰਮਣ ਲੱਗ ਪੈਂਦੇ ਹਨ ਅਤੇ ਫਿਰ ਪ੍ਰਭੂ ਦੀ ਸ੍ਰੇਸ਼ਟਤਾ ਦਾ ਵਿਚਾਰ ਮਨ ਵਿਚ ਪੈਦਾ ਹੁੰਦਾ ਹੈ। ਮਨੁੱਖ ਦੇ ਮਨ ਵਿਚ ਇਹ ਸੋਝੀ ਪੈਦਾ ਹੁੰਦੀ ਹੈ ਕਿ ਜੀਵਨ ਵਿਚ ਅਜਿਹਾ ਕੋਈ ਕਾਰਜ ਨਹੀਂ ਕੀਤਾ ਜਿਸ ਨਾਲ ਪ੍ਰਭੂ-ਪ੍ਰੀਤ ਪੈਦਾ ਹੁੰਦੀ ਹੋਵੇ। ਮਨੁੱਖ ਦੇ ਮਨ ਵਿਚ ਪੈਦਾ ਹੋਣ ਵਾਲਾ ਇਹ ਅਹਿਸਾਸ ਉਸ ਨੂੰ ਅਜਿਹੇ ਕਾਰਜਾਂ ਵੱਲ ਕਿਰਿਆਸ਼ੀਲ ਕਰਦਾ ਹੈ ਜਿਹੜੇ ਕਿ ਜੀਵਨ ਉਦੇਸ਼ ਦੀ ਪ੍ਰਾਪਤੀ ਵੱਲ ਲੈ ਕੇ ਜਾਂਦੇ ਹਨ। ਅਜਿਹੇ ਸਮੇਂ ਗੁਰੂ ਜੀ ਮਨੁੱਖ ਨੂੰ ਆਸ਼ਾਵਾਦੀ ਹੋਣ ਦੀ ਪ੍ਰੇਰਨਾ ਕਰਦੇ ਹੋਏ ਕਹਿੰਦੇ ਹਨ- *ਕਛੁ ਬਿਗਰਿਓ ਨਾਹਿਨ ਅਜਹੁ ਜਾਗ॥*

ਸੁਚੇਤ ਹੋਣ ਵਾਲੇ ਮਨੁੱਖ ਦੇ ਮਨ ਵਿਚ ਇਹ ਸੋਝੀ ਪੈਦਾ ਹੋ ਜਾਂਦੀ ਹੈ ਕਿ ਸੰਬੰਧੀਆਂ ਦਾ ਵਿਹਾਰ ਸਵਾਰਥ ਪੈਦਾ ਕਰਦਾ ਹੈ ਅਤੇ ਇਸ ਦੁਨਿਆਵੀ ਜਗਤ ਵਿਚ ਕੇਵਲ ਅਕਾਲ ਪੁਰਖ ਹੀ ਇੱਕੋ ਅਜਿਹੀ ਹਸਤੀ ਹੈ ਜਿਹੜਾ ਕਿ ਸੰਕਟ ਦੇ ਸਮੇਂ ਸਹਾਇਤਾ ਕਰਦਾ ਹੈ ਅਤੇ ਪਤਿਤ ਨੂੰ ਪੁਨੀਤ ਕਰਨ ਦੇ ਸਮਰੱਥ ਹੈ। ਉਹ ਹੀ ਅਜਿਹੀ ਸ਼ਕਤੀ ਹੈ ਜਿਸ ਦਾ ਨਾਮ ਸਿਮਰਨ ਕਰਨ ਨਾਲ ਅਜਾਮਲ ਅਤੇ ਗਨਿਕਾ ਆਦਿ ਦਾ ਪਾਰ-ਉਤਾਰਾ ਹੋਇਆ ਹੈ, ਅਤਿ ਸੰਕਟ ਦੇ ਸਮੇਂ ਵਿਚ ਪੰਚਾਲੀ (ਦਰੋਪਦੀ) ਵੀ ਉਸੇ ਨੂੰ ਯਾਦ ਕਰਦੀ ਹੈ। ਮਨੁੱਖ ਦੇ ਮਨ ਵਿਚ ਪੈਦਾ ਹੋਈ ਅਜਿਹੀ ਸਥਿਤੀ ਉਸ ਨੂੰ ਪਰਮਾਤਮਾ ਵੱਲ ਮੋੜਦੀ ਹੈ।

ਪਰਮਾਤਮਾ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਮਨੁੱਖ ਪਰਉਪਕਾਰ ਦੇ ਮਾਰਗ ਪੈਣ ਦਾ ਯਤਨ ਕਰਦਾ ਹੈ ਅਤੇ ਇਸ ਮਾਰਗ 'ਤੇ ਚੱਲਣ ਲਈ ਤੀਰਥ, ਵਰਤ ਅਤੇ ਦਾਨ ਦਾ ਸਹਾਰਾ ਲੈਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਹ ਸਾਰੇ ਕਰਮ ਮਨੁੱਖ ਨੂੰ ਦੁਨਿਆਵੀ ਕਰਮ-ਕਾਂਡ ਕਰਨ ਤਕ ਹੀ ਸੀਮਿਤ ਕਰਕੇ ਉਸ ਦੇ ਮਨ ਵਿਚ ਹੰਕਾਰ ਪੈਦਾ ਕਰਨ ਦਾ ਕਾਰਜ ਕਰਦੇ ਹਨ। ਕੁੱਝ ਅਜਿਹੇ ਮਨੁੱਖ ਵੀ ਦੇਖਣ ਨੂੰ ਮਿਲਦੇ ਹਨ ਜਿਹੜੇ ਕਿ ਭਾਵੇਂ ਕਰਮ-ਕਾਂਡ ਤਾਂ ਨਹੀਂ ਕਰਦੇ ਪਰ ਪਰਮਾਤਮਾ ਦੀ ਭਗਤੀ ਕਰਨ ਲਈ ਦੁਨਿਆਵੀ ਜੀਵਨ ਦਾ ਤਿਆਗ ਕਰਕੇ ਜੰਗਲਾਂ, ਪਹਾੜਾਂ ਜਾਂ ਇਕਾਂਤਵਾਸ ਦੇ ਸਥਾਨਾਂ 'ਤੇ ਚਲੇ ਜਾਂਦੇ ਹਨ। ਗੁਰੂ ਜੀ ਸਮਝਾਉਂਦੇ ਹਨ ਕਿ ਜਿਸ ਹਸਤੀ ਦੀ ਭਾਲ ਵਿਚ ਮਨੁੱਖ ਇਕਾਂਤਵਾਸ ਹੋਣ ਦਾ ਯਤਨ ਕਰਦਾ ਹੈ, ਉਹ ਉਸ ਦੇ ਮਨ ਵਿਚ ਹੀ ਮੌਜੂਦ ਹੈ:

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)

ਮਨੁੱਖ ਦੇ ਮਨ ਵਿਚ ਪੈਦਾ ਹੋਈ ਸੋਝੀ ਉਸ ਨੂੰ ਸੰਸਾਰ ਵਿਚ ਰਹਿ ਕੇ ਨਿਰੰਕਾਰ ਦੀ ਪ੍ਰਾਪਤੀ ਲਈ ਯਤਨਸ਼ੀਲ ਕਰਦੀ ਹੈ। ਭਾਵੇਂ ਕਿ ਕਾਰਜ ਔਖਾ ਜ਼ਰੂਰ ਹੈ, ਪਰ ਅਸੰਭਵ ਨਹੀਂ। ਦੁਨਿਆਵੀ ਰਿਸ਼ਤੇ ਅਤੇ ਸੰਬੰਧ ਮਨੁੱਖ ਦੇ ਮਨ ਵਿਚ ਕਾਮਨਾਵਾਂ ਪੈਦਾ ਕਰਦੇ ਹਨ ਪਰ ਨਿਰੰਕਾਰ ਦੀ ਬਖ਼ਸ਼ਿਸ਼ ਨਾਲ ਪੈਦਾ ਹੋਣ ਵਾਲੀ ਸਹਿਜ ਦੀ ਭਾਵਨਾ ਇਨ੍ਹਾਂ ਤੋਂ ਨਿਜਾਤ ਪ੍ਰਾਪਤ ਕਰਨ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਆਤਮਿਕ ਬਲ ਤੋਂ ਸੱਖਣੇ ਮਨੁੱਖ ਬੰਧਨ ਵਿਚ ਪੈ ਜਾਂਦੇ ਹਨ, ਉਹ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ। ਪਰ ਜਦੋਂ ਪਰਮਾਤਮਾ ਦਾ ਸਿਮਰਨ ਕਰਕੇ ਆਤਮਿਕ ਬਲ ਪੈਦਾ ਹੋ ਜਾਂਦਾ ਹੈ ਤਾਂ ਹਰ ਇਕ ਸਥਿਤੀ ਦਾ ਪੂਰਨ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਦੇ ਹਨ ਅਤੇ ਅਖੀਰ ਉਸ ਵਿੱਚੋਂ ਬਾਹਰ ਨਿਕਲਣ ਵਿਚ ਸਫਲ ਹੋ ਜਾਂਦੇ ਹਨ।

ਗੁਰੂ ਜੀ ਕਹਿੰਦੇ ਹਨ ਕਿ ਪਰਮਾਤਮਾ ਹੀ ਇੱਕੋ-ਇਕ ਅਜਿਹੀ ਹਸਤੀ ਹੈ ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਦੁਨਿਆਵੀ ਅਤੇ ਦੈਵੀ ਮਾਰਗ ਦੀਆਂ ਸਮੱਸਿਆਵਾਂ ਤੋਂ ਮੁਕਤ ਹੋ ਸਕਦਾ ਹੈ। ਪਰਮਾਤਮਾ ਹੀ ਅਜਿਹੀ ਹਸਤੀ ਹੈ ਜਿਹੜੀ ਕਿ ਖਾਲੀ ਭਾਂਡੇ ਨੂੰ ਭਰਨ ਅਤੇ ਭਰੇ ਹੋਇਆਂ ਨੂੰ ਖਾਲੀ ਕਰਨ ਦੇ ਸਮਰੱਥ ਹੈ। ਉਹ ਅਮੀਰ ਨੂੰ ਕੰਗਾਲ ਅਤੇ ਰੰਕ ਨੂੰ ਰਾਜਾ ਬਣਾ ਦਿੰਦੀ ਹੈ। ਹੰਕਾਰ ਵਿਚ ਆਉਣ ਵਾਲਿਆਂ ਦਾ ਪਲ ਭਰ ਵਿਚ ਪਤਨ ਕਰ ਦਿੰਦੀ ਹੈ ਅਤੇ ਨਿਮਰਤਾ ਧਾਰਨ ਕਰਨ ਵਾਲਿਆਂ 'ਤੇ ਬਿਨਾਂ ਕਿਸੇ ਦੇਰੀ ਤੋਂ ਬਖ਼ਸ਼ਿਸ਼ ਕਰ ਦਿੰਦੀ ਹੈ। ਇਹ ਉਸ ਦਾ ਸੁਭਾਅ ਹੈ ਜਿਹੜਾ ਕਿ ਮਨੁੱਖ ਨੂੰ ਸਦਾਚਾਰੀ ਬਣੇ ਰਹਿਣ ਲਈ ਪ੍ਰੇਰਨਾ ਪੈਦਾ ਕਰਦਾ ਹੈ।

ਮਨੁੱਖ ਜਿਸ ਵੀ ਹਸਤੀ ਜਾਂ ਸ਼ਕਤੀ ਦੀ ਸੇਵਾ ਕਰਦਾ ਹੈ, ਉਸ ਦਾ ਸੁਭਾਅ ਵੀ ਉਸੇ ਵਰਗਾ ਹੋ ਜਾਂਦਾ ਹੈ। ਸੰਸਾਰਕ ਸ਼ਕਤੀਆਂ ਨਾਲ ਜੁੜਨ ਵਾਲੇ ਸਵਾਰਥੀ ਹੋ ਜਾਂਦੇ ਹਨ ਅਤੇ ਪਰਮਾਤਮਾ ਦੀ ਬੰਦਗੀ ਕਰਨ ਵਾਲੇ ਨਿਸਵਾਰਥ ਭਾਵਨਾ ਪੈਦਾ ਕਰਨ ਵਿਚ ਸਫਲ ਹੁੰਦੇ ਹਨ। ਪਰਮਾਤਮਾ ਦੀ ਭਗਤੀ ਕਰਨ ਵਾਲੇ ਬਹੁਤ ਸਾਰੇ ਭਗਤਾਂ ਦਾ ਜ਼ਿਕਰ ਗੁਰਬਾਣੀ ਵਿਚ ਆਇਆ ਹੈ ਜਿਨ੍ਹਾਂ ਨੇ ਸੰਸਾਰ ਦੀ ਇਸ ਅਸੀਮ ਸ਼ਕਤੀਮਾਨ ਹਸਤੀ ਨਾਲ ਜੁੜ ਕੇ ਜੀਵਨ ਵਿਚ ਨਿਰਭੈਅਤਾ ਪ੍ਰਾਪਤ ਕੀਤੀ ਅਤੇ ਲੋਕਾਂ ਨੂੰ ਲੁੱਟਣ ਜਾਂ ਕੁਰਾਹੇ ਪਾਉਣ ਵਾਲਿਆਂ ਵਿਰੁੱਧ ਆਪਣੀ ਅਵਾਜ਼ ਬੁਲੰਦ ਕੀਤੀ। ਦੁਨਿਆਵੀ ਹਸਤੀਆਂ ਉਨ੍ਹਾਂ 'ਤੇ ਜਬਰ ਅਤੇ ਜ਼ੁਲਮ ਕਰਦੀਆਂ ਰਹੀਆਂ ਪਰ ਉਹ ਕਿਸੇ ਵੀ ਦੁਨਿਆਵੀ ਸ਼ਕਤੀ ਅੱਗੇ ਝੁਕਣ ਦੀ ਬਜਾਏ ਆਪਣੇ ਉਦੇਸ਼ ਦੀ ਪੂਰਤੀ ਵਿਚ ਲੱਗੇ ਰਹੇ ਅਤੇ ਅਖੀਰ ਸਫਲਤਾ ਪ੍ਰਾਪਤ ਕੀਤੀ।

ਭਗਤ ਸਾਹਿਬਾਨ ਦਾ ਜੀਵਨ ਆਮ ਲੋਕਾਂ ਲਈ ਸੁਨੇਹਾ ਹੈ ਕਿ ਅਸੀਮ ਸ਼ਕਤੀ

ਨਾਲ ਜੁੜਨ ਦਾ ਫਲ ਸੱਚ ਦੇ ਮਾਰਗ 'ਤੇ ਚੱਲਣ ਦੀ ਸਮਰੱਥਾ ਪ੍ਰਾਪਤ ਕਰਨਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਮਨੁੱਖ ਨੂੰ ਪਰਮਾਤਮਾ ਨਾਲ ਜੁੜ ਕੇ ਨਿਰਭਉ ਅਤੇ ਨਿਰਵੈਰ ਹੋਣ ਦਾ ਗੁਣ ਧਾਰਨ ਕਰਨ ਦੀ ਪ੍ਰੇਰਨਾ ਪੈਦਾ ਕਰਦੀ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਦੀ ਕਿਰਪਾ ਸਦਕਾ ਪਰਮਾਤਮਾ ਨਾਲ ਜੁੜਨ ਵਾਲੇ ਮਨੁੱਖ ਸਹਿਜ ਦੀ ਭਾਵਨਾ ਵਿਚ ਜੀਵਨ ਬਸਰ ਕਰਨ ਦੇ ਸਮਰੱਥ ਹੋ ਜਾਂਦੇ ਹਨ ਜਿਸ ਨਾਲ ਮਨ ਦੁਖ-ਸੁਖ, ਸੋਨਾ-ਮਿੱਟੀ, ਖੁਸ਼ੀ-ਗਮੀ, ਉਸਤਤਿ-ਨਿੰਦਾ, ਲੋਭ-ਮੋਹ, ਹਰਖ-ਸੋਗ, ਕਾਮ-ਕ੍ਰੋਧ ਆਦਿ ਭਾਵਨਾਵਾਂ ਤੋਂ ਮੁਕਤ ਹੋ ਜਾਂਦਾ ਹੈ। ਦੁਨਿਆਵੀ ਪਦਾਰਥਾਂ ਤੋਂ ਨਿਰਲੇਪ ਹੋ ਕੇ ਆਤਮਿਕ ਉਦੇਸ਼ ਦੀ ਪੂਰਤੀ ਵਾਲੀ ਭਾਵਨਾ ਹੀ ਮਨ ਵਿਚ ਦ੍ਰਿੜ੍ਹਤਾ ਅਤੇ ਵਿਸ਼ਵਾਸ ਦੀ ਭਾਵਨਾ ਨੂੰ ਜਨਮ ਦਿੰਦੀ ਹੈ ਜਿਹੜੀ ਕਿ ਮਨੁੱਖ ਨੂੰ ਹਰ ਇਕ ਸਥਿਤੀ ਦਾ ਮੁਕਾਬਲਾ ਕਰਨ ਦੀ ਸਮਰੱਥਾ ਅਤੇ ਪ੍ਰੇਰਨਾ ਪ੍ਰਦਾਨ ਕਰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖ ਦੇ ਮਨ ਵਿਚ *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ* ਦੀ ਭਾਵਨਾ ਪੈਦਾ ਕਰਨ 'ਤੇ ਜ਼ੋਰ ਦਿੰਦੇ ਹਨ ਜਿਹੜੀ ਕਿ ਮਨੁੱਖ ਨੂੰ ਨਿਆਂਕਾਰੀ ਅਤੇ ਸਦਾਚਾਰੀ ਬਣਾਉਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਅਵਸਥਾ ਤਕ ਪੁੱਜਣ ਵਾਲਾ ਮਨੁੱਖ ਹੀ ਦੂਜਿਆਂ ਦੀ ਭਲਾਈ ਕਰਨ ਜਾਂ ਸੰਕਟ ਸਮੇਂ ਉਨ੍ਹਾਂ ਦੀ ਸਹਾਇਤਾ ਕਰਨ ਲਈ ਯਤਨਸ਼ੀਲ ਹੋ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਇਕ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕੀਤੀ ਹੈ ਜਿਹੜਾ ਕਿ ਗੁਰੂ ਦੇ ਦੱਸੇ ਹੋਏ ਮਾਰਗ 'ਤੇ ਚੱਲ ਕੇ ਪਰਮਾਤਮਾ ਦਾ ਸਿਮਰਨ ਕਰਦਾ ਹੈ; ਪਰ-ਧਨ, ਪਰ-ਨਾਰੀ ਅਤੇ ਪਰ-ਨਿੰਦਾ ਤੋਂ ਨਿਰਲੇਪ ਹੋ ਕੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਯਤਨਸ਼ੀਲ ਹੋ ਜਾਂਦਾ ਹੈ; ਅਤੇ ਜੇਕਰ ਲੋੜ ਪਵੇ ਤਾਂ ਉਨ੍ਹਾਂ ਨੂੰ ਬਚਾਉਣ ਲਈ ਆਪਣੀ ਸ਼ਹਾਦਤ ਵੀ ਦੇ ਦਿੰਦਾ ਹੈ। ਗੁਰਬਾਣੀ ਰਾਹੀਂ ਪੈਦਾ ਹੋਣ ਵਾਲਾ ਕਿਰਦਾਰ ਹੀ ਸ਼ਹਾਦਤ ਨੂੰ ਸਹੀ ਦਿਸ਼ਾ ਅਤੇ ਅਰਥਾਂ ਵਿਚ ਰੂਪਮਾਨ ਕਰਦਾ ਹੈ।

■

ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

ਦਸੰਬਰ ੨੦੨੫ ਦਾ ਬਾਕੀ:

ਮਾਨਵਤਾ ਦੇ ਗੁਰੂ: ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਡਾ. ਰੂਪ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਰਮ, ਭੇਖ ਅਤੇ ਪਾਖੰਡ ਦਾ ਬਾਖੂਬੀ ਖੰਡਨ ਕੀਤਾ ਹੈ। ਜਿਸ ਦੇਸ਼ ਵਿਚ ਮੰਦਰ ਢਾਹੇ ਜਾ ਰਹੇ ਸਨ ਤੇ ਮਸਜਿਦਾਂ ਉਸਾਰੀਆਂ ਜਾ ਰਹੀਆਂ ਸਨ, ਮੂਰਤੀਆਂ ਦੇ ਵੱਟੇ ਬਣਾ ਕੇ ਮਾਸ ਤੋਲਣ ਲਈ ਵਰਤੀਆਂ ਜਾ ਰਹੀਆਂ ਸਨ, ਘੋੜ-ਸਵਾਰੀ, ਦਸਤਾਰ ਦੀ ਮਨਾਹੀ ਸੀ ਉਸ ਸਮੇਂ ਮੰਦਰ-ਮਸੀਤ ਇਕ ਕਹਿਣਾ, ਪੂਜਾ ਤੇ ਨਿਮਾਜ਼ ਨੂੰ ਇਕ ਮੰਨਣਾ ਕਰਾਮਾਤ ਤੋਂ ਘੱਟ ਨਹੀਂ। ਅਕਾਲ ਪੁਰਖ ਨੂੰ ਇਕ ਮੰਨਣ-ਮਨਵਾਉਣ ਵਾਲੇ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬ੍ਰਹਿਮੰਡੀ ਦ੍ਰਿਸ਼ਟੀ ਦੇ ਦਰਸ਼ਨ-ਦੀਦਾਰ ਕਰੋ:

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥ *(ਅਕਾਲ ਉਸਤਤ)*

ਮਜ਼ਹਬਾਂ, ਦੇਸ਼ਾਂ, ਜਾਤਾਂ-ਪਾਤਾਂ, ਰੰਗਾਂ, ਨਸਲਾਂ ਦੇ ਬੇਸ਼ੁਮਾਰ ਝਗੜਿਆਂ ਨੂੰ ਨਕਾਰਦਿਆਂ-ਨਬੇੜਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵਤਾ ਦੇ ਗੁਰੂ ਰੂਪ 'ਚ ਸਦੀਵੀ ਸੰਦੇਸ਼ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਰਾਹੀਂ ਦ੍ਰਿੜ੍ਹ ਕਰਵਾਇਆ। ਸਮਾਜਿਕ ਨਾ ਬਰਾਬਰੀ, ਜਾਤਾਂ-ਪਾਤਾਂ, ਵਹਿਮਾਂ-ਭਰਮਾਂ ਦਾ ਖੰਡਨ ਕਰਨ ਵਾਸਤੇ ਸਮਾਜਿਕ ਚੇਤਨਾ, ਸਮਾਜਿਕ ਕੁਰੀਤੀਆਂ ਨੂੰ ਖਾਲਸੇ ਦੇ ਰੂਪ 'ਚ ਖਤਮ ਕੀਤਾ। *ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ* ਕਹਿਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਸਾਰਾ ਸਮਾਂ ਧਰਮ ਯੁੱਧਾਂ ਵਿਚ ਬੀਤਿਆ। ਇਕ ਵੀ ਯੁੱਧ ਜ਼ਰ, ਜ਼ੋਰੂ ਤੇ ਜ਼ਮੀਨ ਵਾਸਤੇ ਨਹੀਂ ਲੜਿਆ ਗਿਆ। ਨੀਲੇ ਦੇ ਸ਼ਾਹ ਸਵਾਰ, ਪ੍ਰਸ਼ਾਦੀ ਹਾਥੀਆਂ ਨੂੰ ਪਿਆਰ ਕਰਨ ਵਾਲੇ, ਤਾਜ਼, ਬਾਜ਼, ਸ਼ਸਤਰਾਂ ਦੇ ਧਾਰਨੀ ਦਸਮੇਸ਼ ਪਿਤਾ, *ਨਾ ਸਾਜੋ ਨਾ ਬਾਜੋ...* ਦੀ ਅਵਸਥਾ 'ਚ ਵੀ ਔਰੰਗਜ਼ੇਬ ਦੀ ਮਰ ਚੁੱਕੀ ਜ਼ਮੀਰ ਨੂੰ ਜਗਾਉਣ ਵਾਸਤੇ ਅਦੁੱਤੀ ਅਨੋਖੀ ਜੁਰਅੱਤ ਦਿਖਾਈ। ਸ਼ਹਿਨਸ਼ਾਹ ਔਰੰਗਜ਼ੇਬ ਨੂੰ ਉਸ ਦੀ

---

* ਸਾਬਕਾ, ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਅਸਲੀਅਤ ਤੋਂ ਜਾਣੂ ਕਰਾਉਂਦਿਆਂ ਤਾੜਨਾ ਕਰਦੇ ਹਨ ਕਿ ਸੰਸਾਰੀ ਤੌਰ 'ਤੇ ਤੂੰ ਬਾਦਸ਼ਾਹ ਤਾਂ ਹੈਂ ਪਰ ਸੱਚਾਈ ਤੇ ਇਨਸਾਫ ਤੋਂ ਕੋਹਾਂ ਦੂਰ ਹੈਂ। ਤੈਨੂੰ ਨਾ ਅੱਲ੍ਹਾ-ਤਾਲਾ 'ਤੇ ਅਤੇ ਨਾ ਹੀ ਹਜ਼ਰਤ ਮੁਹੰਮਦ 'ਤੇ ਯਕੀਨ-ਭਰੋਸਾ ਹੈ:

-ਸ਼ਹਿਨਸ਼ਾਹਿ ਔਰੰਗਜ਼ੇਬ ਆਲਮੀਂ॥
ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ॥੯੪॥
-ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ॥੪੯॥ *(ਜ਼ਫ਼ਰਨਾਮਾ)*

ਚਮਕੌਰ ਦੀ ਕੱਚੀ ਗੜ੍ਹੀ 'ਚ ਮੌਤ ਨਾਲ ਮਖੌਲਾਂ ਕਰਨ ਵਾਲੇ ਹਮਸ਼ਕਲ ਸੂਰਮੇ ਭਾਈ ਸੰਗਤ ਸਿੰਘ ਜੀ ਦੇ ਸੀਸ 'ਤੇ ਕਲਗੀ ਸਜਾਉਂਦੇ ਹਨ। ਯੁੱਧ ਦੇ ਮੈਦਾਨ ਵਿਚ ਵੀ *ਸਭੇ ਸਾਝੀਵਾਲ ਸਦਾਇਨਿ* ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਵਹਾਰਕ ਤੌਰ 'ਤੇ ਵੀ ਵਿਲੱਖਣ ਧਾਰਮਿਕ ਆਗੂ ਹਨ ਜੋ ਯੁੱਧ ਦੇ ਮੈਦਾਨ ਵਿਚ ਆਸਾ ਕੀ ਵਾਰ ਦਾ ਕੀਰਤਨ ਕਰ ਸਕਦੇ ਹਨ। ਫਿਰ ਵੀ ਅਡੋਲਤਾ ਤੱਕੋ ਪਾਵਨ-ਪਵਿੱਤਰ ਇਤਿਹਾਸਿਕ ਪਿਆਰੀ ਅਨੰਦਪੁਰੀ ਨੂੰ ਛੱਡਣ, ਸਰਸਾ ਨਦੀ 'ਤੇ ਪਏ ਵਿਛੋੜੇ ਦੇ ਦਰਦ, ਚਮਕੌਰ ਦੇ ਅਸਾਵੇਂ ਯੁੱਧ ਪੁੱਤਰਾਂ ਤੋਂ ਪਿਆਰੇ ਤਿੰਨ ਪਿਆਰਿਆਂ, ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੀ ਸ਼ਹਾਦਤ, ਲਾਡਲੇ ਸਿੰਘਾਂ ਦਾ ਸਦੀਵੀ ਵਿਛੋੜਾ, ਮਾਛੀਵਾੜੇ ਦੀ ਧਰਤੀ 'ਤੇ ਸ਼ਾਹਾਂ ਦਾ ਸੁਲਤਾਨ ਕੰਡਿਆਲੀ ਧਰਤੀ ਨੂੰ ਸੱਥਰ ਬਣਾਉਣ ਉਪਰੰਤ ਵੀ ਮਿਤ੍ਰ ਪਿਆਰੇ ਨੂੰ ਯਾਦ ਕਰ ਉਚਾਰਨ ਕਰਦੇ ਹਨ *'ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ'* ਇਹ ਅਵਸਥਾ ਹੈ *ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ।* ਕਦੇ ਵੀ ਅਕਾਲ ਪੁਰਖ ਨੂੰ ਸ਼ਿਕਵਾ ਸ਼ਿਕਾਇਤ ਨਹੀਂ ਕਰਦੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਨੰਦ ਲਾਲ ਸਪੱਸ਼ਟ ਕਰਦੇ ਹਨ ਕਿ ਉਹ ਅਬਿਨਾਸ਼ੀ ਤਖ਼ਤ 'ਤੇ ਬਿਰਾਜਮਾਨ ਸਰਬਪੱਖੀ ਸ਼ਖ਼ਸੀਅਤ ਦੇ ਮਾਲਕ ਹਨ, ਜਿਨ੍ਹਾਂ ਦੀਆਂ ਸਿੱਖਿਆਵਾਂ ਦਾ ਵਰਤਾਰਾ ਨੌਂ ਤਬਕਾਂ ਵਿਚ ਵਰਤਦਾ ਹੈ। ਤਿੰਨਾਂ ਲੋਕਾਂ, ਸਭ ਦਿਸ਼ਾਵਾਂ ਦੇ ਲੋਕ ਉਨ੍ਹਾਂ ਦੇ ਦਰਸ਼ਨਾਂ ਨੂੰ ਤਰਸਦੇ ਹਨ। ਲੱਖਾਂ ਈਸ਼ਰ, ਬ੍ਰਹਮਾ, ਅਰਸ਼-ਕੁਰਸ਼ ਉਸ ਦੀ ਸ਼ਰਨ ਵਿਚ ਆਉਣਾ ਲੋਚਦੇ ਹਨ। ਅਣਗਿਣਤ ਧਰਤ-ਅਕਾਸ਼ ਉਨ੍ਹਾਂ ਦੇ ਗੁਲਾਮ ਹਨ, ਸੈਂਕੜੇ ਹਜ਼ਾਰਾਂ ਚੰਨ-ਸੂਰਜ ਉਨ੍ਹਾਂ ਦਾ ਸਿਰੋਪਾਓ ਪਹਿਨਣਹਾਰੇ ਹਨ:

ਕਸਤਰੀ ਜ਼ਿ ਸਮਾਨਿ ਗੁਰੂ ਗੋਬਿੰਦ ਸਿੰਘ॥
ਰੋਜ਼ਾ ਦੀਨ ਖਾਸਿ ਗੁਰੂ ਗੋਬਿੰਦ ਸਿੰਘ॥
ਲਾਅਲ ਸਮੇਂ ਗੁਲਾਮਿ ਗੁਰੂ ਗੋਬਿੰਦ ਸਿੰਘ॥ *(ਭਾਨੀ ਨੰਦ ਲਾਲ ਜੀ)*

ਸਮਕਾਲੀ ਵਿਦਵਾਨ ਭਾਈ ਨੰਦ ਲਾਲ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਬਿਆਨ ਕਰਨ ਤੋਂ ਅਸਮਰੱਥਾ ਪ੍ਰਗਟ ਕਰਦੇ ਹਨ। ਬਾਦਸ਼ਾਹ-ਦਰਵੇਸ਼

ਹੱਕ-ਹੱਕ ਆਦੇਸ਼, ਸ਼ਹਿਨਸ਼ਾਹ, ਕਹਿ ਸਤਿਕਾਰ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਕ ਵਾਲ ਤੋਂ ਦੋ ਜਹਾਨ-ਕੁਰਬਾਨ ਕਰਨ ਨੂੰ ਉਤਾਵਲੇ ਹਨ:

ਦੀਨ ਦੁਨੀਆ ਦਰ ਕਮੰਦੇ ਆ ਪਰੀ ਰੁਖਸਾਰਿਮਾ
ਹਰ ਦੋ ਆਲਮ ਕੀਮਤੇ ਬਨ ਤਾਰ ਮੂਏ ਯਾਰਿਮਾ॥

ਭਾਈ ਨੰਦ ਲਾਲ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਲਾਮ, ਸਗ-ਕੂਕਰ ਸਦਵਾਉਣ 'ਚ ਮਾਣ ਮਹਿਸੂਸ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਦਵਾਉਣ ਵਾਲੇ ਨੂੰ ਆਪਣੇ ਗੁਰੂ ਪ੍ਰਤੀ ਸਮਰਪਣ ਭਾਵਨਾ ਤੇ ਸਥਿਤੀ ਬਾਰੇ ਸੋਚਣਾ ਪਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸੱਚੇ-ਸੁੱਚੇ ਸਿੱਖ/ ਸੇਵਾ-ਸਿਮਰਨ, ਸੰਤੋਖ, ਸਹਿਜ ਦੇ ਧਾਰਨੀ ਸਿੱਖਾਂ ਵਾਸਤੇ ਪਹਿਰੇਦਾਰੀ ਕਰਨ ਤੇ ਪਰਵਾਰ ਨੂੰ ਵਾਰਦੇ ਹਨ। ਭਾਈ ਨੰਦ ਲਾਲ ਜੀ ਵਰਗੇ ਵਿਦਵਾਨ ਕਵੀ-ਸਾਹਿਤਕਾਰ, ਭਾਈ ਘਨ੍ਹੱਈਆ ਵਰਗੀਆਂ ਸੇਵਾ-ਸਿਮਰਨ ਨੂੰ ਸਮਰਪਿਤ ਸ਼ਖ਼ਸੀਅਤਾਂ ਬਿਖੜੇ ਤੋਂ ਬਿਖੜੇ ਸਮੇਂ ਵੀ ਸਦੀਵੀ ਖਿੜਾਓ ਦਾ ਪ੍ਰਗਟਾਅ ਕਰਦੀਆਂ ਹਨ। ਭਾਈ ਘਨ੍ਹੱਈਆ ਜੀ ਜੰਗ ਦੇ ਮੈਦਾਨ ਵਿਚ ਦੋਸਤਾਂ-ਦੁਸ਼ਮਣਾਂ ਤਕ ਪਾਣੀ ਨਹੀਂ ਪਿਲਾਉਂਦੇ। ਉਹ ਤਾਂ ਹਰੇਕ 'ਚ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਤੱਕਦੇ ਹਨ। ਜਾਹਰ ਪੀਰ, ਪੀਰ ਬੁੱਧੂ ਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਮੁਕਤੀ-ਦਾਤਾ ਮੰਨਦੇ, ਸ਼ਿਵ ਦੱਤ ਵਰਗੇ ਬ੍ਰਾਹਮਣ ਨੂੰ ਵੀ ਆਪ 'ਤੇ ਹੀ ਭਰੋਸਾ ਸੀ। ਨਿਹੰਗ ਖਾਂ, ਗਨੀ ਖਾਂ, ਨਬੀ ਖਾਂ, ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਖੁਦ੍ਹਾ ਰੂਪ ਜਾਣ ਐਵੇਂ ਨਹੀਂ ਸੱਚ ਨਾਲੋਂ ਪਵਿੱਤਰ ਝੂਠ ਬੋਲਦੇ ਹਨ। ਮਾਈ ਭਾਗੋ ਐਵੇਂ ਨਹੀਂ ਬੁਜ਼ਦਿਲਾਂ ਨੂੰ ਬੀਰਤਾ-ਬਹਾਦਰੀ ਪ੍ਰਦਾਨ ਕਰਦੀ। ਭਾਈ ਬੀਰ ਸਿੰਘ-ਧੀਰ ਸਿੰਘ ਐਵੇਂ ਨਹੀਂ ਗੋਲੀ ਦਾ ਨਿਸ਼ਾਨਾ ਬਣਨ ਲਈ ਛਾਤੀ ਤਾਣਦੇ। ਧਰਮ ਬਦਲੀ ਦੀ ਜਬਰ-ਜ਼ੁਲਮ ਦੀ ਕਹਾਣੀ ਨੂੰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੋਕਦੇ ਹਨ। ਸਾਈਂ ਬੁੱਲੇ ਸ਼ਾਹ ਦੇ ਸ਼ਬਦਾਂ 'ਚ:

ਨ ਕਹੋ ਅਬ ਕੀ ਨ ਕਹੋ ਤਬ ਕੀ ਬਾਤ ਕਹੂੰ ਮੈਂ ਜਬ ਕੀ,
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।

ਸਮੇਂ ਦਾ ਬਾਦਸ਼ਾਹ ਔਰੰਗਜ਼ੇਬ ਇਕ ਹੀ ਇਸਲਾਮੀ ਰਾਜ ਸੱਤਾ ਦੀ ਸਥਾਪਤੀ ਕਰਨੀ ਚਾਹੁੰਦਾ ਹੈ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਦਰਤੀ, ਧਰਮ, ਸਮਾਜ, ਰਾਜ ਦੀ ਵੰਨ-ਸੁਵੰਨਤਾ ਦੇ ਵਿਰੁੱਧ ਮੰਨਦੇ ਹਨ। ਗੁਰੂ ਜੀ ਸਪੱਸ਼ਟ ਕਰਦੇ ਹਨ ਵਿਭਿੰਨਤਾ ਬਹੁ-ਰੰਗੀ ਤੇ ਬਹੁ-ਭਾਂਤੀ ਹੈ, ਜੋ ਕੁਦਰਤੀ ਕਨੂੰਨ ਦੇ ਅਨੁਸਾਰੀ ਹੈ:

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥

ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ
ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ॥
ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ॥੩॥੨੫੫॥ (ਅਕਾਲ ਉਸਤਤ)

ਭਾਈ ਸੰਤੋਖ ਸਿੰਘ ਦੇ ਸ਼ਬਦਾਂ 'ਚ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਗਟ ਨਾ ਹੁੰਦੇ ਤਾਂ ਕੁਦਰਤੀ ਵੰਨ-ਸੁਵੰਨਤਾ ਖਤਮ ਹੋ ਜਾਣੀ ਸੀ ਤੇ ਇਸਲਾਮਿਕ ਏਕਤਾ ਸਥਾਪਿਤ ਹੋਣੀ ਸੀ। ਇਸਲਾਮ ਦਾ ਬੋਲਬਾਲਾ ਹੋਣਾ ਸੀ। ਦੇਵੀ-ਦੇਵਤੇ, ਦੇਹੁਰੇ, ਮੰਦਰ ਖਤਮ ਹੋ ਜਾਣੇ ਸਨ ਤੇ ਇਸ ਧਰਤੀ ਤੋਂ ਵੇਦਾਂ-ਪੁਰਾਣਾਂ ਦੀ ਕਥਾ-ਵਿਚਾਰ ਮਿਟ ਜਾਣੀ ਸੀ। ਸਾਹਿਤਕ ਕਿਰਤਾਂ ਦਾ ਵੀ ਵਿਨਾਸ਼ ਹੁੰਦਾ ਜੇਕਰ ਕਿਰਪਾ ਨਿਧਾਨ ਸ੍ਰੀ ਗੁਰੂ ਗੋਬਿੰਦ ਸਿੰਘ ਪੈਦਾ ਨਾ ਹੁੰਦੇ:

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗਰਕ ਜਾਤੇ, ਸਾਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ।

ਦੂਸਰਿਆਂ ਦੀ ਹੋਂਦ ਨੂੰ ਸਵੀਕਾਰਣ। ਮੰਨਣ ਵਾਸਤੇ ਗੁਲਾਮ ਭਾਰਤ-ਵਾਸੀਆਂ 'ਚ ਅਹਿਸਾਸੇ ਕਮਤਰੀਂ ਨੂੰ ਨਾਸ਼ ਕਰ-ਸ੍ਵੈਮਾਣ ਭਰੋਸੇ ਦਾ ਅਹਿਸਾਸ ਕਰਵਾਇਆ।

ਸਿਰਮੌਰ-ਸੂਰਬੀਰ, ਸੰਤ-ਸਿਪਾਹੀ, ਸੈਨਾਪਤੀ, ਸਾਹਿਤਕਾਰ, ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹ-ਸਤਹੀਣ ਮੁਰਦਾ ਲੋਕਾਈ, ਜਿਨ੍ਹਾਂ ਸੁਪਨੇ 'ਚ ਵੀ ਕਦੇ ਸਿਰਦਾਰੀ-ਬਾਦਸ਼ਾਹੀ ਬਾਰੇ ਨਹੀਂ ਸੀ ਸੋਚਿਆ ਤੇ ਉਨ੍ਹਾਂ ਦੀਆਂ ਪੀੜ੍ਹੀਆਂ ਨੂੰ ਸਿਰਦਾਰੀਆਂ-ਬਾਦਸ਼ਾਹੀਆਂ ਦੀਆਂ ਬਖਸ਼ਿਸ਼ਾਂ ਨਾਲ ਨਿਵਾਜਿਆ। ਦੁਨਿਆਵੀ ਬਾਦਸ਼ਾਹੀ ਦੀ ਥਾਂ ਰੂਹਾਨੀ ਸਲਤਨਤ ਦੀ ਸਥਾਪਤੀ ਕੀਤੀ। ਉਨ੍ਹਾਂ ਧਰਤੀ 'ਤੇ ਸੰਗਤੀ ਬਾਦਸ਼ਾਹੀ ਸਥਾਪਿਤ ਕੀਤੀ। ਜਿੱਥੇ ਪਸ਼ੂਆਂ, ਚੂਹਿਆਂ, ਮੁਰਦਿਆਂ, ਮੂਰਤਾਂ ਆਦਿ ਨੂੰ ਪੂਜਿਆ ਜਾਂਦਾ ਸੀ ਪਰ ਅਖੌਤੀ ਨੀਵੀਂ ਜਾਤ ਦੀ ਕਿਰਤੀ ਸ਼੍ਰੇਣੀ ਨਾਲ ਨਫ਼ਰਤ/ਈਰਖਾ ਕੀਤੀ ਜਾਂਦੀ ਸੀ। ਚੂਹਿਆਂ ਦੀ ਜੂਠ ਪ੍ਰਸ਼ਾਦ ਸਮਝ ਕੇ ਖਾਧੀ ਜਾਂਦੀ ਪਰ ਸ਼ੂਦਰ ਦੇ ਪਰਛਾਵੇਂ ਨਾਲ ਭਿਟੇ ਜਾਂਦੇ। ਨਾਨਕ ਨਿਰਮਲ ਪੰਥ ਦੀ ਸਿਰਜਣਾ ਲਈ ਗੁਰੂ ਨਾਨਕ ਮੰਦਰਾਂ, ਮਸਜਿਦਾਂ, ਮਜਲਸਾਂ, ਮੱਠਾਂ 'ਚ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੂਹਾਨੀ ਸਲਤਨਤ ਦੀ ਸਥਾਪਤੀ ਲਈ ਗੁਰੂ ਸਾਹਿਬ ਜੀ ਨੇ

ਹਿੰਦੂ ਸਮਾਜ ਦੀ ਬਾਸੀ ਵਿਚਾਰਧਾਰਾ ਰੂਪੀ ਰਸਮਾਂ ਦੀ ਥਾਂ ਤਰੋ-ਤਾਜ਼ਾ ਸਾਹਿਤਕ ਸਰਮਾਇਆ, ਨਵੀਂ ਨਰੋਈ ਵਿਚਾਰਧਾਰਾ ਰੂਪੀ ਸ਼ੇਰਵਾਨੀ ਪ੍ਰਦਾਨ ਕੀਤੀ। ਜਿਸ ਨੂੰ ਅੰਦਰੂਨੀ ਤੇ ਬਹਿਰੂਨੀ ਤੌਰ 'ਤੇ ਬਾਣੀ ਤੇ ਬਾਣੇ ਦੇ ਰੂਪ 'ਚ ਧਾਰਨ ਕਰਕੇ ਗਰੀਬ ਸ਼ੂਦਰ ਬਾਦਸ਼ਾਹ, ਸ਼ਹਿਨਸ਼ਾਹ, ਸਿਕਦਾਰ ਸਦਵਾਏ। ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ, ਅਕਾਲੀ ਹਿੰਮਤ, ਖ਼ੁਦ ਗੁਰਦੇਵ ਜੀ ਨੇ ਖਾਲਸੇ ਨੂੰ ਖ਼ੁਦਾਈ ਸ਼ਕਤੀਆਂ ਪ੍ਰਦਾਨ ਕੀਤੀਆਂ, ਖ਼ਾਲਸਾ ਹੋਆ ਖ਼ੁਦ-ਖ਼ੁਦਾ।

ਸ੍ਰੀ ਅਨੰਦਪੁਰ ਸਾਹਿਬ ਛੱਡ ਕੇ, ਚਮਕੌਰ ਦੀ ਕੱਚੀ ਗੜ੍ਹੀ 'ਚ ਸੰਸਾਰ ਦਾ ਅਸਾਵਾਂ ਯੁੱਧ ਲੜਿਆ, ਮਾਛੀਵਾੜੇ, ਰਾਏਕੋਟ ਤੋਂ ਹੁੰਦੇ ਹੋਏ ਦੀਨਾ ਕਾਂਗੜ ਪਹੁੰਚੇ। ਜ਼ਫਰਨਾਮੇ 'ਚ ਕਰਤਾਰੀ ਸ਼ਕਤੀ, ਸ੍ਵੈ-ਭਰੋਸੇ ਤੇ ਸ੍ਵੈਮਾਣ ਦਾ ਪ੍ਰਗਟਾਅ ਕਰਦਿਆਂ ਦੀਨਾ ਕਾਂਗੜ ਤੋਂ ਸਮੇਂ ਦੇ ਬਾਦਸ਼ਾਹ ਨੂੰ ਸੱਚ ਤੋਂ ਸੁਚੇਤ ਸਾਵਧਾਨ ਕੀਤਾ। ਚਮਕੌਰ ਸਾਹਿਬ 'ਚ ਸੰਸਾਰ ਦੇ ਸਭ ਤੋਂ ਅਸਾਵੇਂ ਯੁੱਧ 'ਚ ਇਕ ਪਾਸੇ ਚਾਲੀ ਭੁੱਖੇ ਭਾਣੇ ਗੁਰੂ ਪਿਆਰੇ ਗੁਰਸਿੱਖ ਤੇ ਦੂਸਰੇ ਪਾਸੇ ਦਸ ਲੱਖ ਬਾਦਸ਼ਾਹੀ ਫ਼ੌਜਾਂ ਦਾ ਘੇਰਾ। ਗੁਰੂ ਸਾਹਿਬ ਖੁਦ ਅੱਖੀਂ ਦੇਖ ਅਦਭੁੱਤ ਨਜ਼ਾਰੇ ਨੂੰ ਬਿਆਨ ਕਰਦੇ ਹਨ:

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ॥ *(ਜ਼ਫ਼ਰਨਾਮਾ)*

ਨੀਲੇ ਦਾ ਸ਼ਾਹ-ਸਵਾਰ, ਕਲਗੀਧਰ ਪਿਤਾ, ਸੰਸਾਰ ਦਾ ਸ਼ਹਿਨਸ਼ਾਹ ਬਾਜ਼-ਤਾਜ ਦਾ ਧਾਰਨੀ:

ਨਾ ਸਾਜ਼ੋ ਨਾ ਬਾਜ਼ੋ ਨਾ ਫ਼ੌਜ਼ੋ ਨਾ ਫ਼ਰਸ਼॥
ਖ਼ੁਦਾਵੰਦ ਬਖ਼ਸ਼ਿੰਦਹਿ ਐਸ਼ਿ ਅਰਸ਼॥ *(ਜ਼ਫ਼ਰਨਾਮਾ)*

ਦੀ ਅਵਸਥਾ 'ਚ ਵੀ ਦਸਮੇਸ਼-ਪਿਤਾ ਅਕਾਲ ਪੁਰਖ ਦੀਆਂ ਬਖ਼ਸ਼ਿਸ਼ਾਂ ਦਾ ਸ਼ੁਕਰਾਨਾ ਕਰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ 'ਚ ਚੜ੍ਹਦੀ ਕਲਾ ਹੈ। ਹੁਲਾਸ, ਖੇੜਾ, ਸ੍ਵੈ-ਵਿਸ਼ਵਾਸ, ਭਰੋਸਾ ਹੈ, ਨਹੀਂ ਹੈ ਤਾਂ ਕਿਧਰੇ ਅਰਾਮ, ਆਲਸ, ਸ਼ਿਕਨ-ਸ਼ਿਕਵਾ ਤੇ ਸ਼ਿਕਾਇਤ। ਸ਼ਿਕਵੇ-ਸ਼ਿਕਾਇਤਾਂ ਦੀ ਥਾਂ ਸਤਿਗੁਰੂ ਜੀ ਚੜ੍ਹਦੀ ਕਲਾ, ਹੁਲਾਸ ਦਾ ਪ੍ਰਗਟਾ ਇਨ੍ਹਾਂ ਸ਼ਬਦਾਂ 'ਚ ਕਰਦੇ ਹਨ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥ *(ਜ਼ਫ਼ਰਨਾਮਾ)*

ਚਮਕੌਰ ਦੀ ਗੜ੍ਹੀ 'ਚ ਦੁਸ਼ਮਣਾਂ ਨੂੰ ਤੀਰ ਮਾਰਦੇ ਨਹੀਂ, ਬਖਸ਼ਿਸ਼ ਕਰਕੇ ਜੀਵਨ-ਮੁਕਤ ਕਰਦੇ ਹਨ। ਮਾਨਵਤਾ ਦਾ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਹੀ ਇਸ ਤਰ੍ਹਾਂ ਕਰ ਸਕਦਾ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ- ਔਰੰਗਜ਼ੇਬ! ਜੇਕਰ ਤੇਰਾ ਜਰਨੈਲ ਖਵਾਜ਼ਾ ਮਰਦੂਦ ਦੀਵਾਰ ਦੇ ਉਹਲੇ ਨਾ ਹੁੰਦਾ ਤਾਂ ਮੈਂ ਇਕ ਤੀਰ ਉਸਨੂੰ ਵੀ

ਬਖਸ਼ਿਸ਼ ਕਰ ਦੇਣਾ ਸੀ:

ਕਿ ਆਂ ਖ੍ਵਾਜਹ ਮਰਦੂਦ ਸਾਯਹ ਦਿਵਾਰ॥
ਨਯਾਮਦ ਬ ਮੈਦਾਂ ਬ ਮਰਦਾਨ ਵਾਰ॥੩੪॥
ਦਰੇਗਾ ! ਅਗਰ ਰੂਇ ਓ ਦੀਦਮੇ॥
ਬ ਯਕ ਤੀਰ ਲਾਚਾਰ ਬਖਸ਼ੀਦਮੇ॥੩੫॥ *(ਜ਼ਫ਼ਰਨਾਮਾ)*

ਤੇਗ ਦੇ ਧਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਲਮ ਦੇ ਫੱਟ ਨਾਲ ਔਰੰਗਜ਼ੇਬ ਐਸਾ ਜ਼ਖ਼ਮੀ ਹੋਇਆ ਫਿਰ ਕਫ਼ਨ-ਦਫ਼ਨ ਨੂੰ ਪ੍ਰਾਪਤ ਹੋਇਆ।

ਸ੍ਰੀ ਮੁਕਤਸਰ ਸਾਹਿਬ ਦੀ ਧਰਤ ਸੁਹਾਵੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ *ਟੂਟੀ ਗਾਢਣਹਾਰ ਗੋਪਾਲ* ਦਾ ਬਿਰਦ ਪਾਲਿਆ। ਤਖ਼ਤ, ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ ਗੁਰੂ ਕਾਸ਼ੀ ਸਥਾਪਿਤ ਕਰ, ਗੁਰੂ-ਪਿਤਾ-ਗੁਰੂ ਤੇਗ ਬਹਾਦਰ ਜੀ ਦੀ ਪਾਵਨ ਗੁਰਬਾਣੀ ਆਦਿ, ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਕਰ ਕੇ ਸੰਪੂਰਨਤਾ ਪ੍ਰਦਾਨ ਕੀਤੀ। ਸ਼ਬਦ-ਵੀਚਾਰ ਦੀ ਪਰੰਪਰਾ ਤੋਰੀ। ਭਾਈ ਡੱਲੇ ਦੇ ਸਿਦਕ ਦੀ ਪਰਖ ਕੀਤੀ। ਭਾਈ ਬੀਰ ਸਿੰਘ, ਭਾਈ ਧੀਰ ਸਿੰਘ ਦੇ ਗੁਰੂ ਭਰੋਸੇ ਨੂੰ ਪ੍ਰਗਟ ਕੀਤਾ। ਲੰਮੇ ਵਿਛੋੜੇ ਉਪਰੰਤ ਮਾਤਾ ਸੁੰਦਰੀ ਜੀ ਦੀ ਤੇ ਮਾਤਾ ਸਾਹਿਬ ਦੇਵ ਜੀ ਵੀ ਦਮਦਮਾ ਸਾਹਿਬ ਦੀ ਧਰਤੀ 'ਤੇ ਗੁਰਦੇਵ ਪਿਤਾ ਨੂੰ ਮਿਲਦੇ ਹਨ ਤੇ ਆਪਣੇ ਸਾਹਿਬਜ਼ਾਦਿਆਂ ਬਾਰੇ ਪੁਛਦੀਆਂ ਹਨ। ਜੁਆਬ ਵਿਚ ਸਤਿਗੁਰੂ ਪੰਥ ਨਾਲ ਕੀਤੇ ਇਕਰਾਰ ਨੂੰ ਪੂਰਾ ਕਰਦੇ ਹਨ। ਗੁਰਦੇਵ ਪਿਤਾ ਨੇ ਆਪਣੇ ਪਿਆਰੇ ਗੁਰਸਿੱਖਾਂ ਨਾਲ ਕੀਤਾ ਹਰ ਇਕਰਾਰ ਇਨ-ਬਿਨ ਪੂਰਾ ਕੀਤਾ:

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜ਼ਾਰ।

'ਨ ਹਮ ਹਿੰਦੂ ਨ ਮੁਸਲਮਾਨ' ਦੇ ਸਿਧਾਂਤ ਨੂੰ ਮੰਨਣ ਵਾਲੇ ਕਲਗੀਧਰ ਪਿਤਾ ਕਿਧਰੇ ਹਿੰਦੂ ਧਰਮ ਦੀ ਅਜ਼ਮਤ ਵਾਸਤੇ ਪਿਤਾ-ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਵਾਸਤੇ ਤੋਰਦੇ ਹਨ ਤੇ ਦੂਸਰੇ ਪਾਸੇ ਕੌਮ ਦੇ ਜਾਨੀ ਦੁਸ਼ਮਣ ਮੁਸਲਮਾਨਾ ਬਾਦਸ਼ਾਹ ਔਰੰਗਜ਼ੇਬ ਦੇ ਸਪੁੱਤਰ ਬਹਾਦਰ ਸ਼ਾਹ ਨੂੰ ਬਾਦਸ਼ਾਹਤ ਦਿਵਾਉਣ ਵਾਸਤੇ ਸਿੱਖ ਸੈਨਿਕ ਸ਼ਕਤੀ ਦੀ ਸਹਾਇਤਾ ਪ੍ਰਦਾਨ ਕਰਦੇ ਹਨ। ਬਾਦਸ਼ਾਹੀ ਠਾਠ-ਬਾਠ ਨਾਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਾਵਨ ਬਾਣੀਆਂ-ਸਾਹਿਤਕ ਕਿਰਤਾਂ, ਦਸਮ ਗ੍ਰੰਥ ਦੇ ਰੂਪ 'ਚ ਸੁਰੱਖਿਅਤ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਾਵਨ ਬਾਣੀਆਂ ਜਾਪ ਸਾਹਿਬ, 'ਚੋਂ *'ਚੱਕ੍ਰ ਚਿਹਨ'* ਤੋ ਨਿਆਰੇ- *'ਸਦਾ ਅੰਗ ਸੰਗੇ ਅਭੰਗੰ ਬਿਭੂਤੇ'* ਪ੍ਰਭੂ-ਪਰਮਾਤਮਾ ਦੇ ਸਰਬ-ਨਾਵਾਂ ਦੇ ਦਰਸ਼ਨ, ਸਵੈਯੇ 'ਚੋਂ ਵਹਿਮਾਂ-ਭਰਮਾਂ ਦਾ ਖੰਡਨ, *ਕੂਰ ਕ੍ਰਿਆ* 'ਚ ਉਲਝੀ ਲੋਕਾਈ ਦੀ ਸਥਿਤੀ ਤੋਂ ਨਿਕਲਣ ਲਈ

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦੇ ਮਾਰਗ 'ਤੇ ਚੱਲਣ ਦਾ ਉਪਦੇਸ਼, ਅਕਾਲ ਉਸਤਤਿ 'ਚੋਂ ਤੂਹੀ-ਤੂਹੀ ਦੀ ਇਲਾਹੀ-ਅਗੰਮੀ ਧੁਨੀ *'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'* ਦਾ ਸੰਦੇਸ਼, ਬਚਿਤ੍ਰ ਨਾਟਕ 'ਚੋਂ ਕਰਤਾਰੀ ਸ਼ਖ਼ਸੀਅਤ ਦੀ ਸਵੈ-ਜੀਵਨੀ, ਜੀਵਨ-ਉਦੇਸ਼ ਧਰਮ ਚਲਾਵਨ ਸੰਤ ਉਬਾਰਨ, ੨੪ ਅਵਤਾਰ ਦੀ ਕਥਾ-ਕਹਾਣੀ ਬਿਆਨ ਕਰਦਿਆਂ ਤੱਤ ਸਾਰ *'ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੈ ਨਹੀ ਆਨਯੋ'* ਦਰਸਾਇਆ। ਜ਼ਫ਼ਰਨਾਮੇ 'ਚ ਸੁਤੰਤਰ ਸਿੱਖ ਸੋਚ *ਸਚੁ ਸੁਣਾਇਸੀ ਸਚ ਕੀ ਬੇਲਾ* ਦਾ ਉਪਦੇਸ਼ ਔਰੰਗਜ਼ੇਬ ਨੂੰ ਦ੍ਰਿੜ੍ਹ ਕਰਵਾਇਆ। ਰਾਮ-ਕ੍ਰਿਸ਼ਨ ਅਵਤਾਰ 'ਚ ਮਿਥਿਹਾਸਕ ਹਵਾਲਿਆਂ ਤੋਂ ਬਾਅਦ ਗੁਰਮਤਿ ਦਾ ਸਿਧਾਂਤ, *ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਿਯੋ* ਹੈ, *ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ* ਦ੍ਰਿੜ੍ਹ ਕਰਵਾਇਆ। ਭੁਲਿਆਂ-ਭਟਕਿਆਂ ਨੂੰ ਪ੍ਰੇਮ ਗਲਵਕੜੀ ਲੈਣ ਉਪਰੰਤ ਮੁਕਤਿ ਭੁਗਤਿ ਦੀ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਾਣੀ ਇਕ ਵਿਲੱਖਣ ਸਿਧਾਂਤ, ਵਿਧੀ-ਵਿਧਾਨ, ਲੈਅ ਤੇ ਸੰਗੀਤ ਦਾ ਸੁਮੇਲ ਹੈ:

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ॥

(ਅਕਾਲ ਉਸਤਤ)

"ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ" ਕਾ ਦ੍ਰਿੜ੍ਹ ਕਰਾਉਂਦਿਆਂ *ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ* ਦਾ ਮਾਰਗ ਦੱਸਿਆ। ਮਸੰਦਾਂ ਦੀ ਸ਼ਖ਼ਸੀਅਤ-ਪ੍ਰਸਤੀ ਦੀ ਸ਼ਕਤੀ ਨੂੰ ਸਾੜ ਸੁਆਹ ਕਰ, ਸਿੱਖਾਂ ਨੂੰ ਸਿੱਧਾ ਜਾਗਤ ਜੋਤਿ ਅਕਾਲ ਪੁਰਖ ਦੇ ਪੁਜਾਰੀ ਬਣਾਇਆ। ਕਰਤਾਰੀ ਸ਼ਕਤੀਆਂ ਦੇ ਮਾਲਕ ਹੁੰਦਿਆਂ, ਅਕਾਲ ਰੂਪ ਹੋਣ ਦੇ ਬਾਵਜੂਦ ਇਹ ਕਹਿਣਾ *ਮੈ ਹੋ ਪਰਮ ਪੁਰਖ ਕੋ ਦਾਸਾ ਦੇਖਨ ਆਯੋ ਜਗਤ ਤਮਾਸਾ* (ਬਚਿਤ੍ਰ ਨਾਟਕ) ਦੀ ਹਿੰਮਤ, ਦਲੇਰੀ, ਸਾਹਸ ਨਿਮਰਤਾ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਿਖਾਈ। ਇਹ ਸੱਚ ਹੈ, ਗੁਰੂ ਜੀ ਨੇ ਇਸ ਸੰਸਾਰ ਨੂੰ ਤਮਾਸ਼ਾ ਹੀ ਤੱਕਿਆ। ਸੁਖੀ ਜੀਵਨ ਦਾ ਸੰਦੇਸ਼ ਸਤਿਗੁਰੂ ਜੀ ਨੇ ਅਲਪ-ਅਹਾਰ ਰਾਹੀਂ ਸਦੀਆਂ ਪਹਿਲਾਂ ਦ੍ਰਿੜ੍ਹ ਕਰਵਾ ਦਿੱਤਾ।

ਨੰਦੇੜ ਦੀ ਪਾਵਨ ਧਰਤੀ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਫ਼ਤਹ ਦੀ ਬਾਦਸ਼ਾਹੀ ਬਖਸ਼ਿਸ਼ ਕਰ, ਖਾਲਸੇ ਨੂੰ ਸਮਰੱਥ-ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਬਦ-ਗੁਰੂ ਆਦਿ, ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਉਂਦੇ ਹਨ। ਗੁਰਦੇਵ ਪਿਤਾ ਆਪਣੇ ਤਿੰਨ ਰੂਪਾਂ ਬਾਰੇ ਸਪੱਸ਼ਟ ਕਰਦੇ ਹਨ:

ਤੀਨ ਰੂਪ ਹੈਂ ਮੋਹਿ ਕੇ ਸੁਣਹੁ ਨੰਦ ਚਿਤ ਲਾਇ
ਨਿਰਗੁਣ ਸਰਗੁਣ ਗੁਰ ਸਬਦ ਕਹੋ ਤੋਹਿ ਸਮਝਾਇ॥...
ਜੋ ਸਿੱਖ ਗੁਰ ਦਰਸਨ ਦੀ ਚਾਹਿ ਦਰਸਨ ਕਰੇ ਗ੍ਰੰਥ ਜੀ ਆਹਿ॥

ਸ਼ਬਦ ਗੁਰੂ ਦੇ ਦਰਸ਼ਨਾਂ ਬਾਰੇ ਸਪੱਸ਼ਟ ਕੀਤਾ ਹੈ:

ਸ਼ਬਦ ਸੁਣੇ ਗੁਰ ਹਿਤ ਚਿਤ ਲਾਇ ਗਿਆਨ ਸ਼ਬਦ ਗੁਰ ਸੁਣੇ ਸੁਣਾਇ॥

ਹਮੇਸ਼ਾਂ ਵਾਸਤੇ ਸਿੱਖ-ਸੇਵਕਾਂ ਨੂੰ ਸੀਸ ਨਿਵਾਉਣ ਦਾ ਹੁਕਮ ਕਰਦੇ ਹਨ। ਪੰਥ ਨੇ ਗੁਰੂ-ਪਦਵੀ ਦੇ ਅਧਿਕਾਰ ਦੀ ਵਰਤੋਂ ਅਨੰਦਪੁਰ ਸਾਹਿਬ, ਚਮਕੌਰ ਦੀ ਗੜ੍ਹੀ, ਦਾਦੂ ਦਵਾਰੇ ਦੇ ਥਾਵਾਂ 'ਤੇ ਪ੍ਰਤੱਖ ਰੂਪ 'ਚ ਕੀਤੀ। ਗੁਰਦੇਵ ਪਿਤਾ ਨੇ ਗੁਰੂ-ਪੰਥ ਦਾ ਜਜ਼ਬਾ, ਤੇਜ਼ ਤੇ ਚੇਤਨਤਾ ਵੇਖਣ ਵਾਸਤੇ ਦਾਦੂ ਦੀ ਸਮਾਧ ਨੂੰ ਤੀਰ ਨਾਲ ਨਮਸਕਾਰ ਕੀਤੀ। ਜਿਹੜਾ ਖਾਲਸਾ-ਪੰਥ ਗੁਰੂ ਤੋਂ ਵਾਰਨੇ ਜਾਂਦਿਆਂ ਆਪਣੀ ਖੱਲੜੀ ਲੁਹਾ ਲੈਂਦਾ ਸੀ ਉਸ ਨੇ ਆਪਣੇ ਗੁਰੂ-ਪੰਥ ਦੇ ਰੂਹਾਨੀ ਅਧਿਕਾਰ ਤੇ ਤੇਜ਼ ਦੀ ਵਰਤੋਂ ਕਰਦਿਆਂ ਗੁਰੂ ਜੀ ਨੂੰ ਤਨਖਾਹ ਵੀ ਲਾਈ, ਗੁਰੂ ਜੀ ਨੇ ਸਤ-ਬਚਨ ਕਹਿ ਪ੍ਰਵਾਨ ਕੀਤੀ। ਕਰਤਾਰ ਸਿੰਘ ਕਲਾਸਵਾਲੀਏ ਨੇ ਗੁਰੂ ਜੀ ਬਾਰੇ ਖੂਬ ਕਿਹਾ ਕਿ ਗੁਰਦੇਵ ਪਿਤਾ ਨੇ ਆਪਣੇ ਖਾਲਸਾ ਪੰਥ ਤੋਂ ਸਭ ਕੁਝ ਵਾਰ ਦਿੱਤਾ:

ਐ ਪੰਥ ਤੂੰ ਸੁਣ ਲੈ ਦੋ ਗੱਲਾਂ, ਕਿਵੇਂ ਗੁਰੂ ਜੀ ਹੈਨ ਗੁਜ਼ਰਾਨ ਕਰ ਗਏ।

ਇਕ ਗੱਦੀ ਗੁਰਿਆਈ ਦੀ ਕੋਲ ਹੈਸੀ ਉਹ ਵੀ ਜਾਂਦੀ ਵਾਰੀ ਤੈਨੂੰ ਦਾਨ ਕਰ ਗਏ।

ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਧਰਮ, ਜਾਤੀ, ਨਸਲ ਤੀਕ ਸੀਮਤ ਗੁਰੂ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਗਿਆਨ ਦੇ ਮਹਾਂਸਾਗਰ ਦੇ ਰੂਪ 'ਚ ਗੁਰੂ ਹੈ, ਜਿਸ ਨੂੰ ਜੋਤਿ-ਰੂਪ 'ਚ ਗੁਰੂ ਸਵੀਕਾਰਨ, ਸਤਿਕਾਰਨ ਤੇ ਮੰਨਣ ਦਾ ਉਪਦੇਸ਼ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ, ਜਿਸ ਨਾਲ ਸਦੀਆਂ ਤੋਂ ਚੱਲ ਰਹੇ ਅਵਤਾਰਵਾਦ ਦੀ ਪਰੰਪਰਾ ਦਾ ਅੰਤ ਹੋਇਆ। ਗੁਰਦੇਵ ਪਿਤਾ ਦੇ ਇਸ ਉਪਦੇਸ਼ ਨੂੰ ਹੂ-ਬ-ਹੂ ਪ੍ਰਵਾਨ ਕਰਦੇ ਹੋਏ, ਸਿੱਖ ਹਮੇਸ਼ਾਂ ਸੁਖੀ, ਸੱਤ-ਸੰਤੋਖ ਦੇ ਧਾਰਨੀ, ਸੁਤੰਤਰ ਤੇ ਸੱਤਾ-ਸ਼ਕਤੀ ਸੰਪੰਨ, ਸੁਰੱਖਿਅਤ ਰਹਿਣਗੇ।

■

ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਭੈ-ਮੁਕਤ ਸਮਾਜ ਦੇ ਸੰਕਲਪ ਦਾ ਇਤਿਹਾਸਿਕ ਪ੍ਰਭਾਵ

*-ਡਾ. ਰਾਜਿੰਦਰ ਸਿੰਘ ਕੁਰਾਲੀ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਗੁਰਬਾਣੀ, ਗੁਰੂ ਜੀ ਦੀਆਂ ਯਾਤਰਾਵਾਂ ਅਤੇ ਸ਼ਹਾਦਤ ਤਿੰਨਾਂ ਨੂੰ ਜੋੜ ਕੇ ਦੇਖਣ ਦੀ ਜ਼ਰੂਰਤ ਹੈ। ਗੁਰੂ ਜੀ ਕੋਲ ਵੈਰਾਗ ਦੀ ਥਾਂ ਅੰਧਕਾਰ ਨੂੰ ਵੰਗਾਰਦੀ ਪ੍ਰਭਾਤ ਦਾ ਸੁਨੇਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਿਸੇ ਧਰਮ ਵਿਸ਼ੇਸ਼ ਦੀ ਥਾਂ ਸਮੁੱਚੀ ਮਾਨਵਤਾ ਦੀ ਚਾਦਰ ਅਤੇ ਧੱਕੇਸ਼ਾਹੀ ਖ਼ਿਲਾਫ ਸੰਘਰਸ਼ ਦੀ ਮਹਾਨ ਪ੍ਰੇਰਨਾ ਹਨ। ਗੁਰੂ ਜੀ ਲਈ ਕੋਈ ਬਿਗਾਨਾ ਨਹੀਂ ਸਾਰੇ ਉਨ੍ਹਾਂ ਦੇ ਆਪਣੇ ਸਨ। ਗੁਰੂ ਜੀ ਨੇ ਮਨੁੱਖਤਾ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਮਹਿਸੂਸ ਕੀਤਾ। ਗੁਰੂ ਜੀ ਲਈ ਧਰਮ ਨਿੱਜੀ ਮੁਕਤੀ ਤਕ ਸੀਮਤ ਨਹੀਂ। ਧਰਮ ਸਮਾਜ ਕਲਿਆਣ ਦਾ ਰਸਤਾ ਹੈ। ਅਨੇਕਤਾ ਵਿਚ ਏਕਤਾ ਦਾ ਵਿਗਾਸ ਹੈ। ਰੂਹਾਨੀਅਤ, ਸਾਂਝੀਵਾਲਤਾ; ਅਤੇ ਸਮਾਜਿਕ ਨਿਆਂ ਦੀ ਸਥਾਪਨਾ ਕਰਨਾ ਸਿੱਖ ਧਰਮ ਦਾ ਅੰਗ ਹੈ। ਖਾਸ ਕਰਕੇ ਲੋਕਾਂ ਦਾ ਲਹੂ ਪੀਣ ਵਾਲੇ ਭ੍ਰਿਸ਼ਟ ਹਾਕਮ ਅਤੇ ਨਾਰੀ ਦਾ ਨਿਰਾਦਰ ਕਰਨ ਦੀ ਬਿਰਤੀ ਨੂੰ ਖਤਮ ਕਰਨ ਲਈ ਗੁਰੂ ਸਾਹਿਬ ਨੇ ਸੁਚੇਤ ਕਾਰਜ ਅਰੰਭੇ। ਇਸ ਕਾਰਜ ਦੀ ਸਫਲਤਾ ਲਈ ਭੈ-ਮੁਕਤ ਨਿਰਮਲ ਸਮਾਜ ਦੀ ਸਿਰਜਣਾ ਅਤਿ ਜ਼ਰੂਰੀ ਸੀ। ਗੁਰੂ ਜੀ ਨੇ ਇਸ ਕਾਰਜ ਲਈ ਗੁਰੂ ਨਾਨਕ ਸਾਹਿਬ ਵਾਂਗ ਭਾਰਤ ਦੇ ਬਹੁਤ ਸਾਰੇ ਨਗਰਾਂ ਵਿਚ ਯਾਤਰਾਵਾਂ ਕਰਕੇ ਚੇਤਨਾ ਜਗਾਈ। ਜ਼ੁਲਮ ਦੇ ਸਤਾਏ ਲੋਕਾਂ ਨੂੰ ਰੋਣ ਦੀ ਥਾਂ ਉੱਠਣ ਦਾ ਬਲ ਪ੍ਰਦਾਨ ਕੀਤਾ।

ਭੈ ਅਤੇ ਲਾਲਚ ਮਨੁੱਖੀ ਕਿਰਦਾਰ ਲਈ ਘਾਤਕ ਸਾਬਤ ਹੁੰਦੇ ਹਨ। ਡਰੇ ਲੋਕ ਚੁੱਪ-ਚਾਪ ਜ਼ੁਲਮ ਸਹਿੰਦੇ ਰਹਿੰਦੇ ਹਨ ਤੇ ਤਾਨਾਸ਼ਾਹੀ ਬਿਰਤੀ ਵੱਧਦੀ ਰਹਿੰਦੀ ਹੈ। ਗੁਰੂ ਜੀ ਸਮੇਂ ਔਰੰਗਜ਼ੇਬ ਦਾ ਰਾਜ ਸੀ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਕੇ ਅਤੇ ਭਰਾਵਾਂ ਨੂੰ ਬੇਰਹਿਮੀ ਨਾਲ ਕਤਲ ਕਰ ਕੇ ਰਾਜ ਹਾਸਲ ਕੀਤਾ ਸੀ। ਇਸ ਕਲੰਕ ਨੂੰ ਛੁਪਾਉਣ ਲਈ ਉਹ ਇਸਲਾਮ ਦੇ ਪ੍ਰਸਾਰ ਦੇ ਨਾਂ ਹੇਠ ਲੋਕਾਂ ਨੂੰ ਤਲਵਾਰ ਦੇ ਜ਼ੋਰ 'ਤੇ ਜ਼ਬਰਦਸਤੀ ਮੁਸਲਮਾਨ ਬਣਾਉਣ ਲੱਗ ਪਿਆ। ਇਸ ਨਾਲ ਕੱਟੜਪੰਥੀ ਮੁਸਲਮਾਨਾਂ ਦਾ ਸਮਰਥਨ ਉਸ ਨੂੰ ਹਾਸਲ ਹੋ ਗਿਆ ਦੂਜੇ ਪਾਸੇ ਗ਼ੈਰ-ਮੁਸਲਮਾਨਾਂ ਵਿਚ ਦਹਿਸ਼ਤ ਫੈਲ ਗਈ।

* ਵਾਰਡ ਨੰ. ੭, ਮਾਸਟਰ ਕਾਲੋਨੀ, ਕੁਰਾਲੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-੧੪੦੧੦੩; ਮੋ. ੭੦੦੯੩੫੬੬੦੭

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਲਈ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਮਹੱਤਵਪੂਰਨ ਮਸਲਾ ਸੀ। ਲੋਕਾਂ ਅੰਦਰ ਡਰ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਅਤੇ ਬਿਖਮ ਕਾਰਜ ਸੀ। ਡਰ ਖਤਮ ਕਰਨ ਲਈ ਮਨੁੱਖ ਅੰਦਰ ਨੈਤਿਕਤਾ ਅਤੇ ਪਾਵਨਤਾ ਦਾ ਹੋਣਾ ਅਤੀ ਜ਼ਰੂਰੀ ਸੀ। ਧਨ, ਸੰਪਤੀ ਅਤੇ ਪਰਿਵਾਰਵਾਦ ਵਿਚ ਘਿਰੇ ਲੋਕ ਉੱਚੇ ਆਦਰਸ਼ਾਂ ਲਈ ਕੁਰਬਾਨੀ ਨਹੀਂ ਦੇ ਸਕਦੇ। ਉਹ ਵਕਤ ਨਾਲ ਸਮਝੌਤਾ ਕਰ ਲੈਂਦੇ ਹਨ। ਗੁਰੂ ਜੀ ਨੇ ਇਸ ਅਧੋਗਤੀ ਦੀ ਨਿਸ਼ਾਨਦੇਹੀ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖ ਨੂੰ ਨਿਰਭਉ, ਉਦਾਰ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਦੇ ਧਾਰਨੀ ਬਣਾਉਣ ਲਈ ਮੁਕਤੀ ਨੂੰ ਮੌਤ ਤੋਂ ਬਾਅਦ ਦੀ ਥਾਂ ਵਰਤਮਾਨ ਜੀਵਨ ਨਾਲ ਜੋੜਿਆ। ਸੁੱਖ-ਦੁੱਖ, ਵੈਰੀ-ਮੀਤ, ਉਸਤਤ ਨਿੰਦਾ, ਹਰਖ ਸੋਗ, ਕੰਚਨ(ਅਮੀਰੀ) ਲੋਹ(ਗਰੀਬੀ) ਨੂੰ ਸਮਾਨ ਸਮਝਣ ਦੀ ਅਵਸਥਾ ਨੂੰ ਮੁਕਤੀ ਆਖਿਆ। ਮਨੁੱਖ ਨੂੰ ਲਾਭ-ਹਾਨੀ ਤੇ ਵਿਤਕਰਿਆਂ ਦੀਆਂ ਬੰਦਿਸ਼ਾਂ ਤੋਂ ਮੁਕਤ ਕਰ ਕੇ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਜਗਾਇਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਵਚਨ ਵਿਚ ਗਿਆਨ ਨੂੰ ਭੈ ਤੋਂ ਮੁਕਤ ਕਰ ਕੇ ਮਾਨਵਤਾ ਲਈ ਕਲਿਆਣਕਾਰੀ ਬਣਾਉਣ ਦੀ ਪ੍ਰੇਰਨਾ ਹੈ। ਗਿਆਨਵਾਨ ਅਕਸਰ ਸਮੇਂ ਦੀ ਹਕੂਮਤ ਦੇ ਪ੍ਰਭਾਵ ਹੇਠ ਸਮਾਜ ਦੀਆਂ ਸਮੱਸਿਆਵਾਂ ਤੋਂ ਮੂੰਹ ਫੇਰ ਲੈਂਦੇ ਹਨ। ਉਹ ਹਕੂਮਤ ਦੇ ਸ਼ੋਸ਼ਣ ਦਾ ਵਿਰੋਧ ਕਰਨ ਦੀ ਥਾਂ ਸਮਰੱਥਨ ਕਰਨ ਲੱਗਦੇ ਹਨ। ਗੁਰੂ ਜੀ ਨੇ ਨਾ ਕਿਸੇ ਤੋਂ ਡਰਨ ਨਾ ਕਿਸੇ ਨੂੰ ਡਰਾਉਣ ਨਾ ਜ਼ੁਲਮ ਕਰਨ ਨਾ ਜ਼ੁਲਮ ਸਹਿਣ ਦਾ ਸੰਦੇਸ਼ ਦਿੱਤਾ। ਇਸ ਨਾਲ ਗਿਆਨੀ ਲਈ ਹਕੂਮਤ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ ਅਵਾਜ਼ ਉਠਾਉਣਾ ਲਾਜ਼ਮੀ ਬਣ ਗਿਆ। ਜ਼ੁਲਮ ਦੇ ਝੰਬੇ ਲੋਕਾਂ ਦੀ ਬਾਂਹ ਫੜਨ ਤੇ ਉਨ੍ਹਾਂ ਲਈ ਸਿਰ ਧੜ ਦੀ ਬਾਜੀ ਲਾਉਣਾ ਧਾਰਮਿਕ ਫਰਜ਼ ਬਣ ਗਿਆ।

ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ ਉਨ੍ਹਾਂ ਦਾ ਧਰਮ ਤਬਦੀਲ ਕਰਨ ਲਈ ਕੀਤੇ ਜਾ ਰਹੇ ਧੱਕੇ ਖ਼ਿਲਾਫ ਸ਼ਹਾਦਤ ਦੇਣ ਦਾ ਨਿਸਚਾ ਕਰ ਲਿਆ। ਗੁਰੂ ਜੀ ਦੇ ਮਨ ਵਿਚ ਇਸਲਾਮ ਪ੍ਰਤੀ ਘ੍ਰਿਣਾ ਨਹੀਂ ਸੀ। ਆਪ ਜੀ ਹਿੰਦੂ ਧਰਮ ਦੀ ਵਰਣ-ਵਿਵਸਥਾ ਦੀ ਊਚ-ਨੀਚ ਤੇ ਕਰਮ-ਕਾਂਡ ਦੇ ਵਿਰੋਧੀ ਸਨ। ਗੁਰੂ ਜੀ ਨੇ ਤੀਰਥ ਵਰਤ ਅਤੇ ਦਿਖਾਵੇ ਲਈ ਦਾਨ ਕਰਨ ਦੇ ਅਭਿਮਾਨ ਦੀ ਬਿਰਤੀ ਨੂੰ ਕੁੰਚਰ ਇਸਨਾਨ ਵਾਂਗ ਦੱਸਿਆ ਅਰਥਾਤ ਹਾਥੀ ਜਿਵੇਂ ਇਸ਼ਨਾਨ ਕਰ ਕੇ ਆਪਣੇ ਉੱਤੇ ਖੇਹ ਸੁੱਟ ਕੇ ਮੁੜ ਮਲੀਨ ਹੋ ਜਾਂਦਾ ਹੈ ਇਹ ਕਰਮ ਨਿਰਮਲਤਾ ਦੀ ਥਾਂ ਹਉਮੈਂ ਦਾ ਕਾਰਨ ਬਣਦੇ ਹਨ। ਇਸ ਦੇ ਬਾਵਜੂਦ ਗੁਰੂ ਜੀ ਹਿੰਦੂਆਂ 'ਤੇ ਜ਼ਬਰਦਸਤੀ ਇਸਲਾਮ ਥੋਪਣ ਦੇ ਵਿਰੁੱਧ ਸਨ। ਹਕੂਮਤ ਦਾ ਵਿਰੋਧ ਕਰਨਾ ਮੌਤ ਨੂੰ ਅਵਾਜ਼ ਮਾਰਨ ਵਾਂਗ ਸੀ। **ਬਾਕੀ ਸਫਾ ੬੪ 'ਤੇ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

*-ਸ. ਤੀਰਥ ਸਿੰਘ ਢਿੱਲਵਾਂ**

ਜਦੋਂ ਅਸੀਂ ਦੁਨੀਆ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਇਹ ਤੱਥ ਭਲੀ ਪ੍ਰਕਾਰ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਨੀਆ ਦੀ ਉਹ ਮਹਾਨ ਰੂਹਾਨੀ ਸ਼ਖ਼ਸੀਅਤ ਹੋਏ ਹਨ, ਜਿਨ੍ਹਾਂ ਨੇ ਧਾਰਮਿਕ ਸੁਤੰਤਰਤਾ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਲਈ ਆਪ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਜਾ ਕੇ ਚਾਂਦਨੀ ਚੌਕ ਅੰਦਰ ਆਪਣੇ ਤਿੰਨ ਸਿੱਖਾਂ ਸਮੇਤ ਸ਼ਹੀਦੀ ਦੇ ਕੇ ਲਾਸਾਨੀ ਕਾਰਨਾਮਾ ਕੀਤਾ। ਇਸੇ ਕਰਕੇ ਉਨ੍ਹਾਂ ਨੂੰ 'ਧਰਮ ਦੀ ਚਾਦਰ' ਜਾਂ 'ਸ੍ਰਿਸ਼ਟੀ ਦੀ ਚਾਦਰ' ਵੀ ਆਖਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ੦੧ ਅਪ੍ਰੈਲ, ੧੬੨੧ ਈ. ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹੋਇਆ। ਆਪ ਆਪਣੇ ਗੁਰੂ ਪਿਤਾ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਪ੍ਰਕਾਸ਼ ਧਾਰਨ ਦੀ ਖ਼ਬਰ ਸੁਣਦਿਆਂ ਹੀ ਉਨ੍ਹਾਂ ਨੂੰ ਦੇਖਣ ਲਈ ਆਏ ਸਿੱਖਾਂ ਸਮੇਤ ਬਾਲਕ ਨੂੰ ਦੇਖਦਿਆਂ ਸਾਰ ਛੇਵੇਂ ਪਾਤਸ਼ਾਹ ਨੇ ਫੁਰਮਾਇਆ- "ਸਾਡਾ ਇਹ ਪੁੱਤ ਬੜਾ ਬਲੀ, ਦੀਨ ਰੱਖਿਅਕ, ਸੰਕਟ ਮੋਚਕ, ਸੂਰਬੀਰ ਅਤੇ ਤੇਗ ਦਾ ਧਨੀ ਹੋਵੇਗਾ।" ਬਾਲਕ ਦਾ ਨਾਂ ਤਿਆਗ ਮੱਲ ਰੱਖਿਆ ਗਿਆ ਪਰ ਜਦੋਂ ੧੪ ਸਾਲ ਦੀ ਉਮਰ ਵਿਚ ਉਨ੍ਹਾਂ ਨੇ ਜਲੰਧਰ ਨੇੜੇ ਕਰਤਾਰਪੁਰ ਵਿਖੇ ਮੁਗ਼ਲ ਫੌਜਾਂ ਨਾਲ ਹੋਈ ਜੰਗ ਵਿਚ ਤੇਗ ਦੇ ਅਦੁੱਤੀ ਜੌਹਰ ਦਿਖਾਏ ਤਾਂ ਪਿਤਾ ਗੁਰੂ ਨੇ ਜੰਗ ਜਿੱਤਣ ਤੋਂ ਬਾਅਦ ਸਜੇ ਦੀਵਾਨ ਵਿਚ ਉਨ੍ਹਾਂ ਦਾ ਨਾਂ 'ਤੇਗ ਬਹਾਦਰ' ਰੱਖਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਘਰੋਂ ਹੀ ਅਧਿਆਤਮਿਕ ਵਾਤਾਵਰਨ ਮਿਲਿਆ। ਗੁਰੂ ਸਾਹਿਬ ਨੇ ਗੁਰਿਆਈ ਮਿਲਣ ਤੋਂ ਪਹਿਲਾਂ ਲੰਮਾਂ ਸਮਾਂ ਬਾਬਾ ਬਕਾਲਾ ਵਿਖੇ ਪ੍ਰਭੂ ਦੀ ਬੰਦਗੀ ਕੀਤੀ। ਉਨ੍ਹਾਂ ਦੀ ਸ਼ਾਦੀ ਕਰਤਾਰਪੁਰ, ਜਲੰਧਰ ਵਿਖੇ ਸ੍ਰੀ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਹੋਈ।

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਚ ਫੈਲੀ ਮਹਾਂਮਾਰੀ ਦੌਰਾਨ ਲੋਕਾਈ ਦੀ ਸੇਵਾ ਕਰਦੇ ਹੋਏ ਖੁਦ ਬਿਮਾਰੀ ਵਿਚ ਗ੍ਰਸੇ ਗਏ। ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ "ਬਾਬਾ ਬਕਾਲੇ" ਸ਼ਬਦ ਉਚਾਰਨ ਕੀਤਾ। ਉੱਧਰ ੨੨ ਪਾਖੰਡੀ ਕਿਸਮ ਦੇ ਲੋਕ ਜਿਨ੍ਹਾਂ ਵਿਚ ਕਿ ਗੁਰੂ ਪਰਵਾਰ ਦੇ

**ਪਿੰਡ ਢਿੱਲਵਾਂ, ਡਾਕ: ਦਕੋਹਾ, ਜ਼ਿਲ੍ਹਾ ਜਲੰਧਰ- ੧੪੦੦੨੩; ਮੋ. +੯੧੯੮੧੫੪-੬੧੭੧੦*

ਕਈ ਜੀਅ ਵੀ ਸ਼ਾਮਲ ਸਨ, ੨੨ ਮੰਜੀਆਂ ਲਾ ਕੇ ਗੁਰੂ ਡੰਮ ਚਲਾ ਕੇ ਸੰਗਤ ਨੂੰ ਲੁੱਟਣ ਲੱਗੇ। ਉਦੋਂ ਵੱਡੇ ਵਪਾਰੀ ਭਾਈ ਮੱਖਣ ਸ਼ਾਹ ਲੁਬਾਣਾ ਨੇ ਆਪਣੇ ਸਮੁੰਦਰੀ ਜਹਾਜ਼ ਨੂੰ ਬਚਾਉਣ ਲਈ ਉਹਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਕਰਕੇ ਜਾਨ-ਮਾਲ ਦੀ ਰਾਖੀ ਕਰਨ ਦੀ ਬੇਨਤੀ ਕੀਤੀ ਅਤੇ ਮੋਹਰਾਂ ਭੇਟਾ ਕਰਨ ਦੀ ਅਰਦਾਸ ਕੀਤੀ। ਅਰਦਾਸ ਪ੍ਰਵਾਨ ਹੋ ਗਈ। ਉਹ ਸਾਥੀਆਂ ਨੂੰ ਲੈ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬਾਬਾ ਬਕਾਲਾ ਵਿਖੇ ਪੁੱਜਾ। ਜਦੋਂ ਉੱਥੇ ਕੂੜ-ਪਸਾਰਾ ਵੇਖਿਆ ਤਾਂ ਕੁਝ ਮੋਹਰਾਂ ਰੱਖ ਕੇ ਮੱਥਾ ਟੇਕ ਕੇ ਅਸੀਸਾਂ ਲਈ ਜਾਵੇ, ਤਸੱਲੀ ਨਾ ਹੋਈ, ਫਿਰ ਕਿਸੇ ਦੇ ਦੱਸਣ 'ਤੇ ਉਸ ਭੋਰੇ ਵਿਚ ਗਿਆ ਦਰਸ਼ਨ ਕਰ ਕੇ ਨਿਹਾਲ ਹੋ ਗਿਆ। ਜਦੋਂ ਕੁਝ ਮੋਹਰਾਂ ਰੱਖ ਕੇ ਮੱਥਾ ਟੇਕਣ ਲੱਗਾ ਤਾਂ ਗੁਰੂ ਸਾਹਿਬ ਨੇ ਨੇਤਰ ਖੋਲ੍ਹ ਕੇ ਬਚਨ ਉਚਾਰੇ, ''ਭਾਈ ਸਿੱਖਾ! ਗੁਰੂ ਦੀ ਅਮਾਨਤ ਦਿੱਤੀ ਹੀ ਭਲੀ ਹੁੰਦੀ ਹੈ,... ਬੱਸ ਫੇਰ ਕੀ ਸੀ ਦੌੜ ਕੇ ਕਿਸੇ ਉੱਚੇ ਚੁਬਾਰੇ ਉੱਤੇ ਚੜ੍ਹ ਕੇ ਬੁਲੰਦ ਅਵਾਜ਼ ਵਿਚ ਪੁਕਾਰਨ ਲੱਗਾ, ''ਗੁਰੂ ਲਾਧੋ ਰੇ, ਗੁਰੂ ਲਾਧੋ ਰੇ''। ਅਰਥਾਤ ਸੱਚਾ ਗੁਰੂ ਲੱਭ ਪਿਆ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ੨੦ ਮਾਰਚ ੧੬੬੫ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ।

ਗੁਰੂ ਸਾਹਿਬ ਪਰਵਾਰ ਸਮੇਤ ਬਿਹਾਰ ਦੀ ਰਾਜਧਾਨੀ ਪਟਨਾ ਪਹੁੰਚੇ। ਪੁਰਾਣੇ ਸੇਵਕ ਖਾਨਦਾਨ ਸਾਲਸ ਰਾਏ ਜੋਹਰੀ ਦੇ ਪਰਵਾਰ ਨੇ ਉਨ੍ਹਾਂ ਨੂੰ ਬੇਨਤੀ ਕਰ ਕੇ ਆਪਣਾ ਘਰ ਗੁਰੂ-ਪਰਵਾਰ ਦੇ ਹਵਾਲੇ ਕਰ ਦਿੱਤਾ। ਇੱਥੇ ਹੀ ਬਾਲਕ ਗੋਬਿੰਦ ਰਾਇ ਆਪਣੇ ਸਾਥੀ ਬਾਲਕਾਂ ਨੂੰ ਲੈ ਕੇ ਅਨੇਕਾਂ ਕੌਤਕ ਕਰਦੇ ਰਹੇ। ਪਟਨਾ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਸਮੇਤ ੮ ਗੁਰਦੁਆਰਾ ਸਾਹਿਬਾਨ ਹਨ। ਨੌਵੇਂ ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ, ਸੰਗਠਨ ਅਤੇ ਜੀਵਨ-ਸੁਧਾਰ ਲਈ ਪੰਜਾਬ ਤੋਂ ਇਲਾਵਾ ਉੱਤਰ ਪ੍ਰਦੇਸ਼ ਅਤੇ ਪੂਰਬੀ ਭਾਰਤ ਦੀ ਯਾਤਰਾ ਕੀਤੀ। ਆਪ ਅਸਾਮ ਤਕ ਪਹੁੰਚੇ। ਉੱਥੇ ਦੋ ਰਾਜਿਆਂ ਦੀ ਆਪਸੀ ਦੁਸ਼ਮਣੀ ਖਤਮ ਕਰਵਾ ਕੇ ਮਿੱਤਰਤਾ ਕਰਵਾਈ। ਉਸ ਇਲਾਕੇ ਵਿਚ ਧੂਬੜੀ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਆਪ ਜੀ ਕਲਕੱਤਾ, ਕਟਕ ਅਤੇ ਜਗਨਨਾਥ ਪੁਰੀ ਵੀ ਗਏ। ਉਨ੍ਹਾਂ ਦੇ ਪ੍ਰਚਾਰ ਦੌਰੇ ਦੌਰਾਨ ਹੀ ਉਨ੍ਹਾਂ ਨੂੰ ਆਪਣੇ ਘਰ ਪੁੱਤਰ ਦਾ ਜਨਮ ਹੋਣ ਦੀ ਸੂਚਨਾ ਮਿਲੀ ਤਾਂ ਆਪ ਜੀ ਵਾਪਸ ਆ ਗਏ। ਕੁਝ ਚਿਰ ਠਹਿਰਣ ਤੋਂ ਬਾਅਦ ਆਪ ਨੇ ਪੰਜਾਬ ਜਾਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸਥਿਤ ਪਿੰਡ ਮਾਖੋਵਾਲ ਦੀ ਜ਼ਮੀਨ ਰਾਣੀ ਚੰਪਾ ਦੇਵੀ ਤੋਂ ਉੱਚਿਤ ਕੀਮਤ ਦੇ ਕੇ ਖਰੀਦੀ। ਉੱਥੇ ਵਸਾਏ ਨਗਰ ਦਾ ਨਾਂ ਪਹਿਲਾਂ ਉਨ੍ਹਾਂ ਆਪਣੀ ਮਾਤਾ ਦੇ ਨਾਂ 'ਤੇ ਚੱਕ ਨਾਨਕੀ ਰੱਖਿਆ, ਜੋ ਕਿ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇੱਥੇ ਹੀ ਗੁਰੂ ਸਾਹਿਬ ਕੋਲ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਬ੍ਰਾਹਮਣਾਂ ਦਾ ਇੱਕ ਵਫ਼ਦ ਆਇਆ। ਉਨ੍ਹਾਂ ਸਮੇਂ ਦੇ ਹਾਕਮ

ਔਰੰਗਜ਼ੇਬ ਵੱਲੋਂ ਜਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਨ ਲਈ ਚਲਾਏ ਜਾ ਰਹੇ ਦਮਨ-ਚੱਕਰ ਦਾ ਜ਼ਿਕਰ ਕਰ ਕੇ ਆਪਣੇ ਧਰਮ ਦੀ ਰਾਖੀ ਲਈ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ। ਗੁਰੂ ਸਾਹਿਬ ਵਿਚਾਰ ਹੀ ਕਰ ਰਹੇ ਸਨ ਕਿ ਬਾਲਕ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀਵਾਨ ਵਿਚ ਆ ਗਏ। ਉਨ੍ਹਾਂ ਪਿਤਾ ਜੀ ਨੂੰ ਮਜ਼ਲੂਮਾਂ ਦੇ ਧਰਮ ਦੀ ਰਾਖੀ ਵਾਸਤੇ ਉਨ੍ਹਾਂ ਦੀ ਸਹਾਇਤਾ ਕਰਨ ਦੀ ਬੇਨਤੀ ਕੀਤੀ। ਬੱਸ ਫੇਰ ਕੀ ਸੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ੩ ਸਿੱਖਾਂ- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਆਪਣੇ ਆਪ ਦਿੱਲੀ ਵੱਲ ਰਵਾਨਾ ਹੋ ਗਏ। ਰਸਤੇ ਵਿਚ ਉਨ੍ਹਾਂ ਆਗਰਾ ਅਤੇ ਹੋਰਨੀ ਥਾਂਈਂ ਪੜਾਅ ਕਰ ਕੇ ਧਰਮ ਪ੍ਰਚਾਰ ਕੀਤਾ। ਦਿੱਲੀ ਪਹੁੰਚਣ 'ਤੇ ਔਰੰਗਜ਼ੇਬ ਨੇ ਪਹਿਲਾਂ ਅਨੇਕਾਂ ਲਾਲਚ ਦਿੱਤੇ ਅਤੇ ਫੇਰ ਸ਼ਹੀਦ ਕਰਨ ਦੀ ਧਮਕੀ ਦਿੱਤੀ। ਗੁਰੂ ਸਾਹਿਬ ਨੂੰ ਲੋਹੇ ਦੇ ਇੱਕ ਤੰਗ ਪਿੰਜਰੇ ਵਿਚ ਬਿਠਾਇਆ ਗਿਆ ਸੀ। ਉਨ੍ਹਾਂ ਦੇ ਸਾਹਮਣੇ ਤਿੰਨਾਂ ਸਿੱਖਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਪਰ ਉਹ ਅਡੋਲ ਰਹੇ। ਅੰਤ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜ਼ੁਲਮ ਅੱਗੇ ਝੁਕਣ ਤੋਂ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਚਾਂਦਨੀ ਚੌਕ ਵਿਚ ਤਲਵਾਰ ਦੇ ਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ। ਆਪਣੇ ਧਰਮ ਲਈ ਸਾਰੇ ਮਰ ਮਿਟ ਸਕਦੇ ਹਨ ਪਰ ਦੂਸਰਿਆਂ ਦਾ ਧਰਮ ਬਚਾਉਣ ਲਈ ਆਪਣੀ ਕੁਰਬਾਨੀ ਦੇ ਕੇ ਗੁਰੂ ਸਾਹਿਬ ਨੇ ਅਲੌਕਿਕ ਇਤਿਹਾਸ ਸਿਰਜਿਆ। ਗੁਰੂ ਸਾਹਿਬ ਜੀ ਦੇ ੫੭ ਸਲੋਕ ਤੇ ੫੯ ਸ਼ਬਦ ਦਸਵੇਂ ਪਾਤਸ਼ਾਹ ਨੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਵਾਏ। ਦਿੱਲੀ ਵਿਖੇ ਜਿਸ ਥਾਂ 'ਤੇ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ, ਉਸ ਥਾਂ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਬਣਿਆ ਹੋਇਆ ਹੈ ਅਤੇ ਜਿੱਥੇ ਉਨ੍ਹਾਂ ਦੇ ਧੜ ਦਾ ਸਸਕਾਰ ਕੀਤਾ ਗਿਆ, ਉਸ ਥਾਂ ਗੁਰਦੁਆਰਾ ਰਕਾਬ ਗੰਜ ਸਾਹਿਬ ਸੁਭਾਇਮਾਨ ਹੈ। ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਇੱਥੇ ਸੀਸ ਦਾ ਸਸਕਾਰ ਕੀਤਾ ਗਿਆ। ਦਸਵੇਂ ਗੁਰੂ ਸਾਹਿਬ ਨੇ ਭਾਈ ਜੈਤਾ ਜੀ ਨੂੰ ਗਲ਼ ਨਾਲ ਲਾ ਕੇ "ਰੰਘਰੇਟੇ ਗੁਰੂ ਕੇ ਬੇਟੇ" ਕਹਿ ਕੇ ਨਿਵਾਜਿਆ। ਗੁਰੂ ਸਾਹਿਬ ਨੇ ਗੁਰਬਾਣੀ ਸੰਗੀਤ ਨੂੰ 'ਜੈਜਾਵੰਤੀ' ਨਾਂ ਦਾ ਅਜਿਹਾ ਰਾਗ ਦਿੱਤਾ, ਜਿਹੜਾ ਮਨ ਨੂੰ ਵਿਕਾਰਾਂ ਵੱਲੋਂ ਮੋੜ ਕੇ ਪ੍ਰਭੂ ਚਰਨਾਂ ਨਾਲ ਜੋੜਦਾ ਹੈ। ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

(ਬਚਿਤ੍ਰ ਨਾਟਕ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਅਤੇ ਮਹਾਨ ਕਾਰਜ

*-ਸ. ਗੁਰਦੀਪ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਪੂਰੇ ਸੰਤ-ਸਿਪਾਹੀ ਵਾਲੀ ਸੀ। ਉਹ ਬਹੁਤਾ ਸਮਾਂ ਬਾਲਪਨ ਤੋਂ ਹੀ ਭਗਤੀ, ਪ੍ਰਭੂ-ਸਿਮਰਨ, ਪ੍ਰਭੂ ਨਾਲ ਲਿਵ ਜੋੜੀ ਰੱਖਣ ਤੇ ਇਕਾਂਤ ਵਿਚ ਟਿਕ ਕੇ ਗੁਜ਼ਾਰਦੇ ਰਹੇ। ਲੰਮਾ ਸਮਾਂ ਬਕਾਲੇ ਵਿਖੇ ਬਿਤਾਏ। ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਕਿਰਪਾਨ ਦੇ ਜੌਹਰ ਦਿਖਾਏ। ਜਿਸ ਨਾਲ ਕਿ ਵੱਡੇ-ਵੱਡੇ ਯੋਧੇ ਵੀ ਵਾਹ-ਵਾਹ ਕਰ ਉੱਠੇ। ਇੱਕ ਪਾਸੇ ਭਗਤੀ ਦੀ ਸਿਖਰ ਤੇ ਦੂਜੇ ਪਾਸੇ ਸੂਰਬੀਰ ਯੋਧਿਆਂ ਵਾਲੇ ਕਰਤੱਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਿਅਕਤਿਤਵ ਦੇ ਇਕੱਠੇ ਗੁਣਾਂ ਵਜੋਂ ਉਭਰ ਕੇ ਆਉਂਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਂ ਵੀ ਉਨ੍ਹਾਂ ਦੀ ਸ਼ਖ਼ਸੀਅਤ ਅਨੁਸਾਰ ਹੀ ਰੱਖਿਆ ਗਿਆ। ਇਤਿਹਾਸਿਕ ਲਿਖਤਾਂ ਅਨੁਸਾਰ ਬਾਲਪਨ ਵਿਚ ਉਨ੍ਹਾਂ ਦੇ ਮਸਤਕ ਦਾ ਜਲਾਲ ਤੇ ਪ੍ਰਭਾਵ ਵੇਖ ਕੇ ਸਮਝਣ ਵਾਲਿਆਂ ਨੇ ਝੱਟ ਇਹ ਕਹਿ ਦਿੱਤਾ ਕਿ ਇਹ ਤਾਂ ਬੜਾ ਤਿਆਗੀ ਬਾਲਕ ਹੋਵੇਗਾ। ਇਸੇ ਕਰਕੇ ਇਨ੍ਹਾਂ ਦਾ ਨਾਂ ਤਿਆਗ ਮੱਲ ਰੱਖਿਆ ਗਿਆ ਹੋਵੇਗਾ। ਲਗਪਗ ਤੇਰ੍ਹਾਂ ਸਾਲ ਤਕ ਸਾਰੇ ਇਸੇ ਨਾਮ ਨਾਲ ਬੁਲਾਉਂਦੇ ਰਹੇ। ਸੱਚਮੁਚ ਉਹ ਤਿਆਗੀ ਸਨ। ਨਾ ਉਨ੍ਹਾਂ ਨੂੰ ਕੋਈ ਲਾਲਸਾ ਸੀ ਤੇ ਨਾ ਮੋਹ-ਮਾਇਆ ਉਨ੍ਹਾਂ ਭਾਰੂ ਹੋਣ ਦਿੱਤੀ। ਜੇ ਗੁਰਦੇਵ ਪਿਤਾ ਨੇ ੧੬੪੪ ਈ. ਵਿਚ ਗੁਰਿਆਈ ਆਪ ਜੀ ਨੂੰ ਨਹੀਂ ਦਿੱਤੀ ਤਾਂ ਕੋਈ ਗਿਲਾ ਸ਼ਿਕਵਾ ਨਹੀਂ ਕੀਤਾ। ਜੇ ਗੁਰਦੇਵ ਪਿਤਾ ਨੇ ਬਕਾਲੇ ਜਾਣ ਦਾ ਆਦੇਸ਼ ਦਿੱਤਾ ਤਾਂ ਝੱਟ ਬਕਾਲੇ ਚਲੇ ਗਏ। ਜੇ ਗੁਰਿਆਈ ਮਿਲਦਿਆਂ ਧੀਰ ਮੱਲ ਨੇ ਹਮਲਾ ਕਰਵਾ ਕੇ ਕਤਲ ਕਰਨ ਦਾ ਯਤਨ ਕੀਤਾ ਤੇ ਘਰ ਦਾ ਸਾਰਾ ਸਾਮਾਨ ਲੁੱਟ ਲਿਆ ਤਾਂ ਵੀ ਆਪ ਨੇ ਗੁੱਸਾ ਨਹੀਂ ਕੀਤਾ। ਜੇਕਰ ਸਿੱਖ ਧੀਰ ਮੱਲ ਵੱਲੋਂ ਲੁੱਟਿਆ ਸਾਮਾਨ ਵਾਪਸ ਚੁੱਕ ਲਿਆਏ ਤਾਂ ਉਹ ਗੁਰਦੇਵ ਨੇ ਤੁਰੰਤ ਵਾਪਸ ਭਿਜਵਾ ਦਿੱਤਾ।

ਸੰਨ ੧੬੩੪ ਵਿਚ ਕਰਤਾਰਪੁਰ ਦੇ ਯੁੱਧ ਸਮੇਂ ਜਿਸ ਢੰਗ ਨਾਲ ਯੁੱਧ ਵਿਚ ਹਿੱਸਾ ਲਿਆ, ਉਸ ਤੋਂ ਆਪ ਦੀ ਸ਼ਖ਼ਸੀਅਤ ਦਾ ਦੂਜਾ ਗੁਣ ਅਜਿਹਾ ਉਜਾਗਰ ਹੋਇਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਯੁੱਧ ਵਿਚ ਦਿਖਾਈ ਬੀਰਤਾ ਦੀ

* ੩੦੨, ਕਿਦਵਾਈ ਨਗਰ, ਲੁਧਿਆਣਾ-੧੪੧੦੦੮; ਮੋ. ੯੮੮੮੧੨੬੬੯੦

ਪ੍ਰਸੰਸਾ ਕਰਦਿਆਂ ਜਿਹੜਾ ਨਵਾਂ ਨਾਮ 'ਤੇਗ ਬਹਾਦਰ' ਮੁਖਾਰਬਿੰਦ ਤੋਂ ਉਚਾਰਿਆ ਉਸ ਸਦਕਾ ਆਪ ਜੀ ਦਾ ਨਾਮ 'ਤੇਗ ਬਹਾਦਰ' ਹੋ ਗਿਆ। ਇਹ ਸ਼ਕਤੀ-ਸੂਚਕ ਨਾਮ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਵਿਚ "ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ" ਵਾਲੇ ਗੁਣ ਮੌਜੂਦ ਸੀ। ਉਹ ਸਮੇਂ ਦੀ ਸਭ ਤੋਂ ਵੱਡੀ ਰਾਜ-ਸ਼ਕਤੀ ਦੇ ਮਾਲਕ ਤੋਂ ਨਾ ਡਰੇ। ਉਨ੍ਹਾਂ ਨੇ ਆਪਣੇ ਜੀਵਨ ਦਾ ਮਿਸ਼ਨ ਹਰ ਹਾਲਤ ਵਿਚ ਜਾਰੀ ਰੱਖਿਆ। ਦੂਰ-ਦੁਰੇਡੇ ਖੇਤਰਾਂ ਵਿਚ ਪ੍ਰਚਾਰ ਯਾਤਰਾਵਾਂ 'ਤੇ ਜਾਂਦਿਆਂ ਔਰੰਗਜ਼ੇਬ ਨੇ ਇੱਕ ਵਾਰੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ ਤਾਂ ਭਾਵੇਂ ਮਿਰਜ਼ਾ ਰਾਜਾ ਰਾਮ ਸਿੰਘ ਦੇ ਕਹਿਣ 'ਤੇ ਉਹ ਹੁਕਮ ਵਾਪਸ ਹੋ ਗਿਆ, ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁਗ਼ਲ ਬਾਦਸ਼ਾਹ ਦੀ ਕੈਰੀ ਅੱਖ ਦੀ ਪਰਵਾਹ ਨਾ ਕੀਤੀ। ਫਿਰ ਸੰਨ ੧੬੭੫ ਈ. ਵਿਚ ਗ੍ਰਿਫ਼ਤਾਰ ਹੋ ਕੇ ਦਿੱਲੀ ਆਏ, ਤਾਂ ਅਕਹਿ ਤੇ ਅਸਹਿ ਕਸ਼ਟ ਖਿੜੇ ਮੱਥੇ ਬਰਦਾਸ਼ਤ ਕੀਤੇ; ਪਰ ਕਿਸੇ ਦੁਨਿਆਵੀ ਤਾਕਤ ਦਾ ਡਰ ਨਹੀਂ ਮੰਨਿਆ। ਗੁਰੂ ਜੀ ਨੇ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਪਰ ਆਪਣੇ ਨਿਰਭਉ ਸੁਭਾਅ ਨੂੰ ਨਹੀਂ ਛੱਡਿਆ।

ਬਾਬਾ ਬਕਾਲਾ ਵਿਚ ਜੋ ਕੁਝ ਧੀਰ ਮੱਲ ਨੇ ਕੀਤਾ ਤੇ ਕਰਵਾਇਆ ਤੇ ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਹਮਲਾ ਕਰਨ ਵਾਲਿਆਂ ਨੂੰ ਫੜ ਕੇ ਲੈ ਆਏ ਤਾਂ ਉਨ੍ਹਾਂ ਨੂੰ ਕਰੜੀ ਸਜ਼ਾ ਦੇਣ ਦੀ ਥਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਰਿਹਾਅ ਕਰ ਦੇਣ ਦਾ ਆਦੇਸ਼ ਦਿੱਤਾ। ਇਸੇ ਤਰ੍ਹਾਂ ਜਦੋਂ ਸ੍ਰੀ ਅੰਮ੍ਰਿਤਸਰ ਵਿਚ ਪੁਜਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਰਕਰਮਾ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਨਮਸਕਾਰ ਕਰ ਕੇ ਵਾਪਸ ਚਲੇ ਗਏ। ਉਨ੍ਹਾਂ ਨੇ ਆਪਣੇ ਸੁਭਾਅ ਅਨੁਸਾਰ ਪੁਜਾਰੀਆਂ ਤੇ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ 'ਤੇ ਕਾਬਜ਼ ਲੋਕਾਂ ਨਾਲ ਕੋਈ ਵਿਵਾਦ ਨਾ ਕੀਤਾ। ਇਸੇ ਤਰ੍ਹਾਂ ਕੀਰਤਪੁਰ ਸਾਹਿਬ ਵਿਚ ਕਾਬਜ਼ ਸੋਢੀਆਂ ਦੀ ਨੀਅਤ ਤੇ ਕਰਮ ਦੇਖੇ ਤਾਂ ਝੱਟ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਨਵਾਂ ਨਗਰ 'ਚੱਕ ਨਾਨਕੀ' ਵਸਾ ਲਿਆ, ਜਿਸ ਦਾ ਪਿੱਛੋਂ ਨਾਮ ਸ੍ਰੀ ਅਨੰਦਪੁਰ ਸਾਹਿਬ ਪ੍ਰਚਲਿਤ ਹੋਇਆ।

ਆਪ ਜੀ ਦੀ ਸ਼ਖ਼ਸੀਅਤ ਦੇ ਮੁਢਲੇ ਗੁਣਾਂ ਕਰਕੇ ਹੀ ਜੀਵਨ ਘਟਨਾਵਾਂ ਸਿੱਧ ਕਰਦੀਆਂ ਹਨ ਕਿ ਉਹ ਉੱਚ-ਆਤਮਾ ਹਮੇਸ਼ਾ ਨਿਰਭਉ ਤੇ ਨਿਰਵੈਰ ਹੋ ਕੇ ਰਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਹੁਤ ਵੱਡੇ ਜਨ-ਸੇਵਕ ਸਨ। ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਲੋਕ-ਸੇਵਾ ਦੇ ਕਾਰਜਾਂ ਨੂੰ ਪਹਿਲ ਦਿੱਤੀ। ਦੇਸ਼ ਵਿਚ ਅਨੇਕ ਸਥਾਨਾਂ 'ਤੇ ਜਾ ਕੇ ਲੋਕਾਂ ਨੂੰ ਆਤਮਿਕ ਗਿਆਨ ਦਿੱਤਾ। ਗ਼ਲਤ ਤੇ ਮਾੜੀਆਂ ਰਸਮਾਂ-ਰਿਵਾਜਾਂ ਦਾ ਪੱਲਾ ਛੱਡ ਕੇ ਉਸਾਰੂ ਤੇ ਨਰੋਈਆਂ ਗੱਲਾਂ ਦਾ ਸੰਚਾਰ

ਕੀਤਾ। ਲੋਕ-ਭਲਾਈ ਦੇ ਕਾਰਜਾਂ ਵਿਚ ਵੀ ਕਮਾਲ ਕਰ ਦਿਖਾਇਆ। ਗੁਰੂ ਜੀ ਜਿੱਥੇ ਵੀ ਗਏ ਲੋਕਾਂ ਦੀਆਂ ਸਮੱਸਿਆਵਾਂ ਤੇ ਔਕੜਾਂ ਸਮਝ ਕੇ ਉਨ੍ਹਾਂ ਦਾ ਹੱਲ ਕਰਨ ਲਈ ਅਗਵਾਈ ਕਰਦੇ ਰਹੇ। ਉਸ ਜ਼ਮਾਨੇ ਵਿਚ ਪਿੰਡਾਂ ਤੇ ਨਗਰਾਂ ਵਿਚ ਬਹੁਤ ਥਾਂਈਂ ਪਾਣੀ ਦੀ ਥੁੜ੍ਹ ਦੂਰ ਕਰਨ ਲਈ ਖੂਹ ਲਗਵਾਏ, ਬਉਲੀਆਂ ਪੁਟਵਾਈਆਂ ਤੇ ਸਰੋਵਰ ਤਿਆਰ ਕਰਵਾਏ। ਅੱਜ ਵੀ ਉਹ ਖੂਹ, ਬਉਲੀਆਂ ਤੇ ਸਰੋਵਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਅਮਰ ਯਾਦਗਾਰਾਂ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿੱਥੇ ਵੀ ਗਏ; ਲੋਕਾਂ ਨੇ ਸ਼ਰਧਾ ਤੇ ਪਿਆਰ ਨਾਲ ਜੋ ਮਾਇਆ ਭੇਟ ਕੀਤੀ, ਉਹ ਉਨ੍ਹਾਂ ਨੇ ਉੱਥੇ ਹੀ ਲੋਕ-ਭਲਾਈ ਦੇ ਕਾਰਜਾਂ ਵਿਚ ਲਾ ਦਿੱਤੀ।

ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ ੫੯ ਸ਼ਬਦ ਤੇ ੫੭ ਸਲੋਕ ਦਰਜ ਹਨ। ਆਪ ਜੀ ਦੀ ਮਨੋ-ਬਿਰਤੀ ਵਿਚ ਵੈਰਾਗ ਦੀ ਖਾਸ ਪ੍ਰਧਾਨਤਾ ਰਹੀ ਹੈ। ਇਨ੍ਹਾਂ ਵਿਚ ਵੈਰਾਗ ਉਮਡ-ਉਮਡ ਪੈਂਦਾ ਹੈ। ਆਪ ਜੀ ਨੇ ਜੀਵਨ ਤੋਂ ਨਿਰਾਸ਼ਤਾ ਪੈਦਾ ਨਹੀਂ ਕੀਤੀ ਬਲਕਿ ਉਸ ਨੂੰ ਕਰਮਯੋਗੀ ਬਣਾਇਆ ਹੈ।

ਕਸ਼ਮੀਰ ਵਿਚ ਸ਼ੇਰ ਅਫਗਾਨ ਖਾਨ ਸੂਬੇਦਾਰ ਸੀ। ਉਸ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਕਸ਼ਮੀਰੀ ਪੰਡਿਤਾਂ ਨੇ ਮੁਗ਼ਲਾਂ ਦੀ ਤਲਵਾਰ ਅੱਗੇ ਝੁਕਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਆਸਰਾ ਲਿਆ। ਕੁਝ ਸਿਆਣੇ ਪੰਡਤਾਂ ਨੇ ਸਤਿਗੁਰੂ ਜੀ ਪਾਸੋਂ ਸਹਾਇਤਾ ਮੰਗੀ, ਜਿਸ ਕਰਕੇ ਇਸ ਮੁਸੀਬਤ ਤੋਂ ਬਚਿਆ ਜਾ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਅੱਠ ਸਾਲ ਦੇ ਹੀ ਸਨ। ਕਸ਼ਮੀਰੀ ਪੰਡਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਹਿ ਦਿੱਤਾ ਕਿ ਤੁਸੀਂ ਬੇਸ਼ਕ ਬਾਦਸ਼ਾਹ ਨੂੰ ਲਿਖ ਭੇਜੋ ਕਿ ਗੁਰੂ ਤੇਗ ਬਹਾਦਰ ਸਾਡੇ ਧਾਰਮਿਕ ਰਾਹਬਰ ਹਨ, ਜੇ ਉਹ ਮੁਸਲਮਾਨ ਬਣ ਗਏ ਅਸੀਂ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ।

ਕਸ਼ਮੀਰੀ ਬ੍ਰਾਹਮਣਾਂ ਦੀ ਅਰਜ਼ੀ ਔਰੰਗਜ਼ੇਬ ਕੋਲ ਉਸ ਸਮੇਂ ਪਹੁੰਚੀ ਜਦ ਉਹ ਹਸਨ ਅਬਦਾਲ ਵਾਲੇ ਪਾਸੇ ਗਿਆ ਹੋਇਆ ਸੀ। ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕੀਤੇ ਤੇ ਨਾਲ ਹੀ ਆਖਿਆ ਕਿ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਦਾ ਯਤਨ ਕੀਤਾ ਜਾਏ। ਇਸ ਸਮੇਂ ਸਤਿਗੁਰੂ ਜੀ ਆਗਰੇ ਇਲਾਕੇ ਵਿਚ ਪਹੁੰਚ ਚੁੱਕੇ ਸਨ।

ਸਤਿਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਹੁਕਮ ਅਨੁਸਾਰ ਸਥਾਨਕ ਹਾਕਮਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾਉਣ ਲਈ ਲਾਲਚ ਪੇਸ਼ ਕੀਤੇ, ਮੌਤ ਦੇ ਡਰਾਵੇ ਵੀ ਦੇ ਦਿੱਤੇ। ਇਹ ਵੀ ਆਖਿਆ ਕਿ ਤੁਸੀਂ ਹਿੰਦੂਆਂ ਦਾ ਸਾਥ ਛੱਡ ਦਿਓ। ਪਰ ਨਾ ਕਿਸੇ ਲਾਲਚ

ਦਾ ਤੇ ਨਾ ਕਿਸੇ ਡਰਾਵੇ ਦਾ ਸਤਿਗੁਰੂ ਜੀ ਉੱਤੇ ਕੋਈ ਅਸਰ ਹੋ ਸਕਿਆ। ਦੁਖੀਆਂ ਦੀ ਬਾਂਹ ਫੜਨੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਅਨੁਸਾਰ ਹੀ ਸੀ, ਇਸ ਦੇ ਛੱਡਣ ਤੋਂ ਵੀ ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ।

ਭਿਆਨਕ ਮੌਤ ਦੇ ਡਰਾਵੇ ਦੇਣ ਲਈ ਤੁਰਕ ਹਾਕਮਾਂ ਨੇ ਸਤਿਗੁਰੂ ਜੀ ਦੇ ਸਾਹਮਣੇ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਜਿਉਂਦਿਆਂ ਹੀ ਆਰੇ ਨਾਲ ਚਿਰਾਇਆ, ਭਾਈ ਸਤੀ ਦਾਸ ਜੀ ਨੂੰ ਜਿਉਦਿਆਂ ਹੀ ਰੂੰ ਵੀ ਲਪੇਟ ਕੇ ਅੱਗ ਲਾ ਕੇ ਸ਼ਹੀਦ ਕੀਤਾ ਗਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਅ ਕੇ ਸ਼ਹੀਦ ਕੀਤਾ ਗਿਆ। ਪਰ ਉਨ੍ਹਾਂ ਦੇ ਡਰਾਵੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣੇ ਨਿਸਚੇ ਤੋਂ ਡੇਗ ਨਾ ਸਕੇ। ਆਖਰ ੧੧ ਨਵੰਬਰ, ੧੬੭੫ ਈ. ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉੱਥੇ ਚਾਂਦਨੀ ਚੌਂਕ ਵਿਚ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਇਹ ਗੁਰਦੁਆਰਾ ਸੰਨ ੧੭੯੦ ਵਿਚ ਸਰਦਾਰ ਬਘੇਲ ਸਿੰਘ ਕਰੋੜ-ਸਿੰਘੀਏ ਨੇ ਬਣਵਾਇਆ ਸੀ। (ਹਵਾਲਾ *ਜੀਵਨ-ਬ੍ਰਿਤਾਂਤ-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ*, ਪ੍ਰੋਫੈਸਰ ਸਾਹਿਬ ਸਿੰਘ)।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਜ਼ੁਲਮ ਵਿਰੁੱਧ ਖੜ੍ਹੇ ਹੋਣ ਤੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਗਈ ਸ਼ਹੀਦੀ ਪੂਰੀ ਦੁਨੀਆ ਲਈ ਪ੍ਰੇਰਨਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਪ੍ਰਸੰਗਿਕ ਹਨ ਜਿੰਨੀਆਂ ਉਸ ਸਮੇਂ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ, ਸਿੱਖਿਆਵਾਂ ਤੇ ਸ਼ਹੀਦੀ ਸਮਾਜ ਨੂੰ ਅਧਿਆਤਮਿਕ ਕਦਰਾਂ-ਕੀਮਤਾਂ ਵੱਲ ਪ੍ਰੇਰਿਤ ਕਰਦੀ ਹੈ। ਉਨ੍ਹਾਂ ਨੇ ਧਰਮ ਤੇ ਸੱਚ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ 'ਤੇ ਸਮੁੱਚੀ ਮਨੁੱਖਤਾ ਨੂੰ ਏਕਤਾ ਤੇ ਸਹਿਣਸ਼ੀਲਤਾ ਦਾ ਸੰਦੇਸ਼ ਦਿੱਤਾ। ਪਰਉਪਕਾਰੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਮੁੱਚਾ ਜੀਵਨ ਤੇ ਕਾਰਜ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਚਾਨਣ-ਮੁਨਾਰਾ ਹੈ ਜੋ ਦੇਸ਼, ਕੌਮ ਤੇ ਧਰਮ ਵਿਸ਼ਵਾਸ ਦੀ ਅਜ਼ਾਦੀ ਦੇ ਚਾਹਵਾਨਾਂ ਲਈ ਰੋਸ਼ਨ-ਮੁਨਾਰਾ ਤੇ ਕੁਰਬਾਨੀ ਅਤੇ ਪਰਉਪਕਾਰ ਲਈ ਉਤਸ਼ਾਹ ਦਾ ਸੋਮਾ ਬਣਿਆ ਰਹੇਗਾ।

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਸ਼ਹੀਦ ਬਾਬਾ ਦੀਪ ਸਿੰਘ ਜੀ

*-ਡਾ. ਹਰਬੰਸ ਸਿੰਘ**

ਬਾਬਾ ਦੀਪ ਸਿੰਘ ਜੀ ਸਿੱਖ ਇਤਿਹਾਸ ਦੀ ਇਕ ਅਜ਼ੀਮ ਸ਼ਖ਼ਸੀਅਤ ਹਨ। ਉਹ ਪੂਰਨ ਗੁਰਸਿੱਖ, ਮਹਾਨ ਯੋਧਾ ਅਤੇ ਉੱਚ ਕੋਟੀ ਦੇ ਵਿਦਵਾਨ ਸਨ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਰਕਰਮਾ ਵਿਚ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਅਤੇ ਸ੍ਰੀ ਰਾਮਸਰ ਦੇ ਨੇੜੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਉਨ੍ਹਾਂ ਦੀਆਂ ਸਦੀਵੀ ਯਾਦਗਾਰਾਂ ਹਨ। ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਲਈ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਸਿੱਖ ਇਤਿਹਾਸ ਵਿਚ ਕਈ ਵਾਰ ਦੁਹਰਾਇਆ ਗਿਆ ਹੈ। ੨੦ਵੀਂ ਸਦੀ ਵਿਚ ਇਸ ਦੀ ਮਿਸਾਲ ਗੁਰਦੁਆਰਾ ਨਨਕਾਣਾ ਸਾਹਿਬ, ਪੰਜਾ ਸਾਹਿਬ, ਤਰਨ ਤਾਰਨ, ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਵਿਚ ਸ਼ਹੀਦ ਹੋਏ ਸਿੰਘਾਂ ਨੇ ਪੇਸ਼ ਕੀਤੀ। ਅਕਾਲੀ ਮੋਰਚਿਆਂ ਦੇ ਦੌਰਾਨ ਇਨ੍ਹਾਂ ਸ਼ਹੀਦ ਸਿੱਖਾਂ ਨੂੰ ਬਾਬਾ ਦੀਪ ਸਿੰਘ ਜੀ ਦਾ ਕੀਮਤੀ ਵਿਰਸਾ ਪ੍ਰੇਰਿਤ ਕਰ ਰਿਹਾ ਸੀ ਜੋ ੭੫ ਸਾਲ ਦੀ ਉਮਰ ਵਿਚ ਵੀ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਮਰਜੀਵੜੇ ਸਿੰਘਾਂ ਦਾ ਜਥਾ ਲੈ ਕੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਸ੍ਰੀ ਅੰਮ੍ਰਿਤਸਰ ਲਈ ਚੱਲ ਪਏ ਸਨ। ਆਪ ਜਹਾਨ ਖਾਂ ਦੀਆਂ ਫੌਜਾਂ ਨਾਲ ਲੜਦੇ ਹੋਏ ਸੰਨ ੧੭੫੭ ਈ: ਨੂੰ ਸ਼ਹੀਦ ਹੋਏ ਸਨ।

ਮੁੱਢਲਾ ਜੀਵਨ:- ਬਾਬਾ ਦੀਪ ਸਿੰਘ ਜੀ ਦਾ ਜਨਮ ੧੪ ਮੱਘਰ, ੧੭੩੯ ਬਿਕ੍ਰਮੀ ਸੰਨ ੧੬੯੨ ਈਸਵੀ ਨੂੰ ਮਾਝੇ ਦੇ ਪਿੰਡ ਪਹੁਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ (ਹੁਣ ਜ਼ਿਲ੍ਹਾ ਤਰਨ ਤਾਰਨ) ਵਿਚ ਹੋਇਆ। ਆਪ ਜੀ ਦੇ ਪਿਤਾ ਭਾਈ ਭਗਤਾ ਜੀ ਅਤੇ ਮਾਤਾ ਜੀਊਣੀ ਜੀ ਸਨ। ਪਹੁਵਿੰਡ ਪਿੰਡ ਸ੍ਰੀ ਅੰਮ੍ਰਿਤਸਰ ਤੋਂ ੪੦ ਕਿਲੋਮੀਟਰ ਦੂਰ, ਦੱਖਣ-ਪੱਛਮ ਵੱਲ ਆਬਾਦ ਹੈ। ਭਾਈ ਭਗਤਾ ਜੀ ਦੇ ਦੋ ਪੁੱਤਰ ਸਨ-- ਵੱਡਾ ਦੀਪਾ (ਬਾਬਾ ਦੀਪ ਸਿੰਘ) ਅਤੇ ਛੋਟੇ ਦਾ ਨਾਮ ਲਾਲ ਸਿੰਘ ਸੀ। ਬਾਬਾ ਦੀਪ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ।

ਬਾਬਾ ਦੀਪ ਸਿੰਘ ਜੀ ਦਾ ਬਚਪਨ ਅਤੇ ਜਵਾਨੀ ਦੇ ਪਹਿਲੇ ਸਾਲ ਪਿੰਡ ਦੇ ਆਲੇ-ਦੁਆਲੇ ਵਿਚ ਹੀ ਬੀਤੇ। ਆਪ ਜੀ ਨੇ ਗੁਰਮੁਖੀ ਅੱਖਰਾਂ ਦਾ ਗਿਆਨ ਅਤੇ ਗੁਰਬਾਣੀ ਦੀ ਸਿੱਖਿਆ ਆਪਣੇ ਪਿਤਾ ਤੋਂ ਹੀ ਗ੍ਰਹਿਣ ਕੀਤੀ। ਆਪ ਨੂੰ ਸਰੀਰਕ ਖੇਡਾਂ ਖੇਡਣ ਅਤੇ ਘੋੜ-ਸਵਾਰੀ ਕਰਨ ਦਾ ਬਹੁਤ ਸ਼ੌਕ ਸੀ। ਚੰਗੀ ਡੀਲ ਡੌਲ, ਚੌੜਾ ਮੱਥਾ, ਚੌੜੀ ਛਾਤੀ,

**3c/38, 2nd Floor, New Rohtak Rd, Karol Bagh, New Delhi-5 Ph. 011- 65585395*

ਦਗ-ਦਗ ਕਰਦਾ ਚੇਹਰਾ, ਆਪ ਦਾ ਸਰੀਰ ਸੁਡੌਲ ਅਤੇ ਜੁੱਸਾ ਮਜ਼ਬੂਤ ਸੀ। ਆਪ ਸ਼ੁਰੂ ਤੋਂ ਹੀ ਬੜੇ ਨਿਡਰ, ਦਲੇਰ ਅਤੇ ਅਣਖੀ ਸੁਭਾਅ ਦੇ ਸਨ। ਆਪ ਗੁਰਸਿੱਖਾਂ ਦੀ ਸੰਗਤ ਕਰਦੇ ਅਤੇ ਖੇਤੀਬਾੜੀ ਦੇ ਕੰਮਾਂ ਵਿਚ ਆਪਣੇ ਪਿਤਾ ਦਾ ਹੱਥ ਵਟਾਉਂਦੇ। ਮਾਤਾ-ਪਿਤਾ ਕੋਲੋਂ ਗ੍ਰਹਿਣ ਕੀਤੀ ਧਾਰਮਿਕ ਸਿੱਖਿਆ ਕਾਰਨ ਆਪ ਦੇ ਸੁਭਾਅ ਵਿਚ ਬੜੀ ਨਿਮਰਤਾ, ਹਲੀਮੀ ਅਤੇ ਮਿਠਾਸ ਸੀ। ਸਿੱਖੀ ਪਿਛੋਕੜ ਅਤੇ ਕਿਰਸਾਨੀ ਜੀਵਨ ਨੇ ਉਨ੍ਹਾਂ ਵਿਚ ਸਾਦਗੀ, ਦ੍ਰਿੜ੍ਹਤਾ ਅਤੇ ਸ੍ਵੈ-ਵਿਸ਼ਵਾਸ ਵਰਗੇ ਗੁਣਾਂ ਨੂੰ ਮਜ਼ਬੂਤ ਬਣਾ ਦਿੱਤਾ ਸੀ। ੧੭੦੦ ਈ: ਦੇ ਆਸ-ਪਾਸ (ਬਾਬਾ) ਦੀਪ ਸਿੰਘ ਜੀ ਦਾ ਪਰਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਆਇਆ। ਉਦੋਂ ਬਾਬਾ ਦੀਪ ਸਿੰਘ ਜੀ ਦੀ ਉਮਰ ੧੮ ਕੁ ਸਾਲ ਦੀ ਸੀ। ਉਹ ਸ੍ਰੀ ਅਨੰਦਪੁਰ ਸਾਹਿਬ ਦੇ ਅਧਿਆਤਮਕ ਵਾਤਾਵਰਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਾਹ-ਓ-ਜਲਾਲ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਹੀ ਟਿਕੇ ਰਹਿਣ ਦਾ ਫੈਸਲਾ ਕਰ ਲਿਆ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰ-ਕਮਲਾਂ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਭਾਈ ਦੀਪਾ ਤੋਂ ਦੀਪ ਸਿੰਘ ਬਣ ਗਏ। ਇਨ੍ਹਾਂ ਦੇ ਮਾਤਾ-ਪਿਤਾ ਵੀ ਅੰਮ੍ਰਿਤ ਛਕ ਕੇ ਭਾਈ ਭਗਤੂ ਤੋਂ ਭਗਤ ਸਿੰਘ ਅਤੇ ਮਾਤਾ ਮਾਈ ਜੀਊਣੀ ਤੋਂ ਜੀਊਣ ਕੌਰ ਬਣ ਗਏ। ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਜੀ ਆਪਣਾ ਸਮਾਂ ਸੈਨਿਕ ਅਭਿਆਸ, ਲੰਗਰ ਅਤੇ ਸੰਗਤ ਦੀ ਸੇਵਾ ਵਿਚ ਬਿਤਾਉਣ ਲੱਗੇ। ਦਿਨ ਦਾ ਬਾਕੀ ਸਮਾਂ ਉਹ ਗੁਰਬਾਣੀ ਕੰਠ ਕਰਨ ਅਤੇ ਧਾਰਮਿਕ ਗ੍ਰੰਥਾਂ ਦੇ ਅਧਿਐਨ ਵਿਚ ਬਿਤਾਇਆ ਕਰਦੇ ਸਨ। ਉਨ੍ਹਾਂ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦਾ ਬਹੁਤ ਡੂੰਘਾ ਪ੍ਰਭਾਵ ਸੀ। ਧਿਆਨ ਸਿੰਘ ਨਿਰਮਲੇ ਨੇ 'ਸ਼ਹੀਦ ਬਿਲਾਸ' ਵਿਚ ਲਿਖਿਆ ਹੈ:

ਸਿਦਕੀ ਸਿੱਖ ਹੂਏ ਵਡ ਪੂਰੇ, ਦਸਮ ਗੁਰੂ ਦੇ ਰਹਿਤ ਹਦੂਰੇ।
ਬਹੁ ਗੁਰ ਘਰ ਦੇ ਕਾਜ ਸਵਾਰੇ, ਨਿਸ ਦਿਨ ਹਰਿ ਜਸ ਮੁਖੋਂ ਉਚਾਰੇ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਅਤੇ ਭਾਈ ਮਨੀ ਸਿੰਘ ਜੀ ਦੀ ਸੰਗਤ ਕਰਕੇ ਆਪ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਚੰਗੇ ਵਿਦਵਾਨ ਬਣ ਗਏ। ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਅਤੇ ਫੁਰਤੀਲੇ ਹੋਣ ਕਰਕੇ ਉਨ੍ਹਾਂ ਦੀ ਗਣਨਾ ਚੰਗੇ ਸਿੱਖ ਸੈਨਿਕਾਂ ਵਿਚ ਕੀਤੀ ਜਾਣ ਲੱਗ ਪਈ। ਜਦੋਂ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨੇ ਮਿਲ ਕੇ ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਆਪ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੜੀਆਂ ਗਈਆਂ ਲੜਾਈਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਦੀ ਬਹੁ-ਪੱਖੀ ਪ੍ਰਤਿਭਾ ਕਰਕੇ ਆਪ ਨੂੰ ਬਹੁਤ ਪਿਆਰ ਕਰਿਆ ਕਰਦੇ ਸਨ। ਜਦੋਂ ਕੁਝ ਸਮੇਂ ਲਈ ਲੜਾਈਆਂ ਦਾ ਜ਼ੋਰ ਮੱਠਾ ਪਿਆ ਤਾਂ ਬਾਬਾ ਦੀਪ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਪਾ ਕੇ ਸਿੱਖੀ-ਪ੍ਰਚਾਰ ਲਈ ਆਪਣੇ ਪਿੰਡ ਪਰਤ ਆਏ। ਉਹ ਸ੍ਰੀ ਅਨੰਦਪੁਰ

ਸਾਹਿਬ ਵਿਖੇ ਕਰੀਬ ਪੰਜ ਸਾਲ ਤਕ ਰਹੇ ਸਨ।

ਪਹੁਵਿੰਡ ਤੋਂ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ):- ਸ੍ਰੀ ਅਨੰਦਪੁਰ ਸਾਹਿਬ ਦੀਆਂ ਲੜਾਈਆਂ ਮਗਰੋਂ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹਾ ਅਨੰਦਗੜ੍ਹ ਛੱਡਿਆ ਤਾਂ ਬਾਬਾ ਦੀਪ ਸਿੰਘ ਜੀ ਮਾਝੇ ਵਿਚ ਹੀ ਸਨ। ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਗੁਰੂ-ਪਰਵਾਰ ਅਤੇ ਗੁਰੂ ਜੀ ਦੇ ਸਿੱਖਾਂ ਨਾਲ ਜੋ ਕੁਝ ਵਾਪਰਿਆ ਉਹ ਲੂੰ-ਕੰਡੇ ਖੜੇ ਕਰ ਦੇਣ ਵਾਲਾ ਦੁਖਾਂਤ ਹੈ। ਸਰਸਾ ਕੰਢੇ ਮੁਗ਼ਲ ਤੇ ਪਹਾੜੀ ਰਾਜਿਆਂ ਨਾਲ ਹੋਈ ਟੱਕਰ ਦੌਰਾਨ ਗੁਰੂ ਜੀ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ ਸੀ। ਭਾਈ ਊਦੈ ਸਿੰਘ, ਭਾਈ ਜੀਵਨ ਸਿੰਘ (ਭਾਈ ਜੈਤਾ) ਅਤੇ ਭਾਈ ਬਚਿੱਤਰ ਸਿੰਘ ਵਰਗੇ ਯੋਧੇ ਸ਼ਹੀਦ ਹੋ ਗਏ ਸਨ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ (ਸੁੰਦਰ ਕੌਰ ਜੀ) ਵਹੀਰ ਨਾਲੋਂ ਨਿਖੜ ਕੇ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਚਲੇ ਗਏ ਸਨ। ਮਾਤਾ ਗੁਜਰੀ ਜੀ ਛੋਟੇ ਬੱਚਿਆਂ ਨਾਲ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਖੇੜੀ (ਸਹੇੜੀ) ਪਹੁੰਚ ਗਏ ਜਿੱਥੋਂ ਉਨ੍ਹਾਂ ਨੂੰ ਸਰਹਿੰਦ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ। ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਵੀਰਗਤੀ ਪਾ ਗਏ। ਗੁਰੂ ਜੀ ਮਾਛੀਵਾੜਾ ਸਾਹਿਬ ਅਤੇ ਮੁਕਤਸਰ ਸਾਹਿਬ ਹੁੰਦੇ ਹੋਏ ਤਲਵੰਡੀ ਸਾਬੋ (ਦਮਦਮਾ ਸਾਹਿਬ) ਪਹੁੰਚੇ। ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਦੂਸਰੀ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਥੇ ਆ ਕੇ ਮਿਲੇ ਸਨ। ਗੁਰੂ ਜੀ ਕਰੀਬ ੯ ਮਹੀਨੇ ਤਕ ਇੱਥੇ ਠਹਿਰੇ ਸਨ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਆਦਿ ਮੁਖੀ ਸਿੱਖਾਂ ਦੀ ਸਹਾਇਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੰਤਿਮ ਰੂਪ ਦਿੱਤਾ ਸੀ। ਜਦੋਂ ਆਪ ਤਲਵੰਡੀ ਸਾਬੋਂ ਤੋਂ ਦੱਖਣ ਲਈ ਰਵਾਨਾ ਹੋਏ ਤਾਂ ਸਿੱਖੀ ਪ੍ਰਚਾਰ ਦੇ ਉਦੇਸ਼ ਨਾਲ ਬਾਬਾ ਜੀ ਦਮਦਮਾ ਸਾਹਿਬ ਹੀ ਟਿਕ ਗਏ। ਬਾਬਾ ਦੀਪ ਸਿੰਘ ਜੀ ਦੀ ਯੋਗ ਅਗਵਾਈ ਅਤੇ ਨਿਗਰਾਨੀ ਹੇਠ ਦਮਦਮਾ ਸਾਹਿਬ ਗੁਰਮਤਿ ਅਤੇ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦਾ ਮਹਾਨ ਕੇਂਦਰ ਬਣ ਗਿਆ। ਸਾਹਿਤਕ ਗਤੀਵਿਧੀਆਂ ਅਤੇ ਗੁਰੂ ਦੀਆਂ ਬਖ਼ਸ਼ਿਸ਼ਾਂ ਕਰਕੇ ਇਸ ਨੂੰ ਗੁਰੂ ਕੀ ਕਾਂਸ਼ੀ ਵੀ ਕਿਹਾ ਜਾਂਦਾ ਹੈ।

ਖਿੰਡੀ ਪੁੰਡੀ ਸਿੱਖ ਜਥੇਬੰਦੀ ਨੂੰ ਸੰਗਠਿਤ ਕਰਨਾ:- ਦਮਦਮਾ ਸਾਹਿਬ ਰਹਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਖਿੰਡ ਪੁੰਡ ਚੁੱਕੀ ਸਿੱਖ ਫੁਲਵਾੜੀ ਨੂੰ ਮੁੜ ਕੇ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਗੁਰਬਾਣੀ ਦੇ ਪ੍ਰਚਾਰ ਅਤੇ ਅੰਮ੍ਰਿਤ-ਸੰਚਾਰ ਦੀ ਲਹਿਰ ਨੂੰ ਤੇਜ਼ ਕੀਤਾ। ਗੁਰਬਾਣੀ ਦੇ ਗੁਟਕੇ ਲਿਖ ਕੇ ਅਤੇ ਲਿਖਵਾ ਕੇ ਵੰਡਣੇ ਅਤੇ ਤਲਵੰਡੀ ਸਾਬੋ ਆਉਣ ਵਾਲੀਆਂ ਸੰਗਤਾਂ ਨੂੰ ਗੁਰਬਾਣੀ ਦੇ ਅਰਥ-ਬੋਧ ਸਮਝਾ ਕੇ ਗੁਰਮਤਿ ਦੀ ਅਜਿਹੀ ਪ੍ਰਣਾਲੀ ਸ਼ੁਰੂ ਕੀਤੀ, ਜਿਸ ਨੂੰ ਅੱਜ ਅਸੀਂ 'ਦਮਦਮੀ ਟਕਸਾਲ' ਕਰਕੇ ਜਾਣਦੇ ਹਾਂ। ਗੁਰਬਾਣੀ ਦੇ ਪ੍ਰਚਾਰ ਦੇ ਨਾਲ-ਨਾਲ ਬਾਬਾ ਦੀਪ

ਸਿੰਘ ਜੀ ਨੇ ਸਿੱਖਾਂ ਨੂੰ ਸੈਨਿਕ ਸਿਖਲਾਈ ਦੇਣ ਦਾ ਕਾਰਜ ਵੀ ਅਰੰਭ ਕੀਤਾ। ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਸਿੱਖਿਆ ਪਾਉਣ ਵਾਲੇ ਇਨ੍ਹਾਂ ਮਰਜੀਵੜੇ ਸਿੰਘਾਂ ਨੇ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਇਤਿਹਾਸ ਵਿਚ ਸ਼ਾਨਦਾਰ ਭੂਮਿਕਾ ਅਦਾ ਕੀਤੀ। ਇਹ ਉਹ ਸਿੰਘ ਸਨ, ਜੋ ਅੱਗੇ ਚੱਲ ਕੇ ਬਾਬਾ ਦੀਪ ਸਿੰਘ ਜੀ ਦੁਆਰਾ ਸਥਾਪਿਤ 'ਸ਼ਹੀਦ ਮਿਸਲ' ਦਾ ਨਿੱਗਰ ਆਧਾਰ ਬਣੇ। ਸ਼ਹੀਦ ਮਿਸਲ ਦੀ ਕੁੱਲ ਨਫਰੀ ੨੦੦੦ ਦੇ ਕਰੀਬ ਸੀ। ਇਨ੍ਹਾਂ ਨੇ ੧੭੪੯ ਈ: ਤੋਂ ੧੭੯੦ ਈ: ਦੇ ਵਿਚਕਾਰ ਵਿਦੇਸ਼ੀ ਹਮਲਾਵਰਾਂ ਨਾਲ ਜ਼ਬਰਦਸਤ ਟੱਕਰ ਲੈ ਕੇ ਪੰਜਾਬ ਵਿਚ ਖਾਲਸਾ ਰਾਜ ਦੀ ਸਥਾਪਤੀ ਲਈ ਬੜਾ ਯੋਗਦਾਨ ਪਾਇਆ। ਸ਼ਹੀਦ ਮਿਸਲ ਦੇ ਪ੍ਰਸਿੱਧ ਜਰਨੈਲਾਂ ਵਿਚ ਭਾਈ ਸੁਧਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਹੀਰਾ ਸਿੰਘ, ਭਾਈ ਪ੍ਰੇਮ ਸਿੰਘ ਅਤੇ ਭਾਈ ਦਰਗਾਹ ਸਿੰਘ ਸ਼ਾਮਲ ਸਨ।

ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕਰਨੀ:- ਨਾਂਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਅਗਵਾਈ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਥੇਦਾਰ ਨਿਯੁਕਤ ਕੀਤਾ ਸੀ। ਉਨ੍ਹਾਂ ਨੇ ਆਪਣੇ ਭੱਥੇ ਵਿੱਚੋਂ ਪੰਜ ਤੀਰਾਂ ਦੀ ਬਖ਼ਸ਼ਿਸ਼ ਕਰ ਕੇ ਕੁਝ ਮੁਖੀ ਸਿੰਘਾਂ ਨਾਲ ਪੰਜਾਬ ਦੇ ਜ਼ਾਲਮ ਅਧਿਕਾਰੀਆਂ ਨੂੰ ਸੋਧਣ ਲਈ ਪੰਜਾਬ ਵੱਲ ਰਵਾਨਾ ਕੀਤਾ। ਪੰਜਾਬ ਦੇ ਮੁਖੀ ਸਿੱਖਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ ਗਏ, ਜਿਨ੍ਹਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕਰਨ ਅਤੇ ਦੇਸ਼ ਵਿੱਚੋਂ ਜ਼ਾਲਮਾਂ ਦਾ ਰਾਜ ਖਤਮ ਕਰਨ ਦਾ ਜ਼ਿਕਰ ਸੀ। ਜਦੋਂ ਇਸ ਕਿਸਮ ਦਾ ਹੁਕਮਨਾਮਾ ਤਲਵੰਡੀ ਸਾਬੋ ਕੀ ਵਿਖੇ ਪਹੁੰਚਿਆ ਤਾਂ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਨੂੰ ਲੈ ਕੇ ਬਾਬਾ ਬੰਦਾ ਸਿੰਘ ਦੀਆਂ ਫੌਜਾਂ ਨਾਲ ਆ ਕੇ ਮਿਲ ਗਏ। ਉਨ੍ਹਾਂ ਨੇ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਲਈ ਭਾਈ ਨੱਥਾ ਸਿੰਘ ਨੂੰ ਨਿਯੁਕਤ ਕੀਤਾ ਸੀ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਨਾਲ ਮਿਲ ਕੇ ਸਰਹਿੰਦ, ਸਢੌਰਾ, ਸਮਾਣਾ, ਛੱਤ, ਬੰਨੂੜ ਅਤੇ ਸਹਾਰਨਪੁਰ ਦੀਆਂ ਲੜਾਈਆਂ ਵਿਚ ਅੱਗੇ ਵਧ ਕੇ ਹਿੱਸਾ ਲਿਆ। ਆਪਣੀ ਕੁਰਬਾਨੀ ਦੇ ਜਜ਼ਬੇ ਅਤੇ ਲੜਾਈ ਦੇ ਮੈਦਾਨ ਵਿਚ ਸ਼ਹੀਦੀ ਪਾਉਣ ਦੀ ਲਾਲਸਾ ਕਾਰਨ ਇਨ੍ਹਾਂ ਦਾ ਜਥਾ 'ਸ਼ਹੀਦਾਂ ਦਾ ਜਥਾ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ। ਇਕ ਅਜੋਕਾ ਇਤਿਹਾਸਕਾਰ ਲਿਖਦਾ ਹੈ ਕਿ They Were always in the vanguard in all the battles fought by them. That is why his comrades were given the name of 'Shaheedan Da Jatha', ਇਸੇ ਨਾਮ 'ਤੇ ਹੀ ਅੱਗੇ ਚੱਲ ਕੇ ਇਸ ਮਿਸਲ ਦਾ ਨਾਮ ਸ਼ਹੀਦਾਂ ਦੀ ਮਿਸਲ ਕਰ ਕੇ ਪ੍ਰਸਿੱਧ ਹੋਇਆ।

ਜਦੋਂ ਤੱਤ ਖਾਲਸਾ ਅਤੇ ਬੰਦਈ ਸਿੱਖਾਂ ਵਿਚ ਕੁਝ ਮੱਤਭੇਦ ਉਤਪੰਨ ਹੋ ਗਏ ਤਾਂ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਸਮੇਤ ਵਾਪਸ ਸਾਬੋ ਕੀ ਤਲਵੰਡੀ ਪਰਤ

ਆਏ। ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ ਮੁਗ਼ਲਾਂ ਦੁਆਰਾ ਪਕੜੇ ਜਾਣ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ੭੪੦ ਸਾਥੀਆਂ ਨੂੰ ਦਿੱਲੀ ਲਿਜਾ ਕੇ ੧੭੧੬ ਈ: ਵਿਚ ਸ਼ਹੀਦ ਕਰ ਦਿੱਤਾ ਗਿਆ।

ਵਾਪਸ ਦਮਦਮਾ ਸਾਹਿਬ:- ਦਮਦਮਾ ਸਾਹਿਬ ਵਾਪਸ ਪਰਤ ਆਉਣ ਮਗਰੋਂ ਬਾਬਾ ਦੀਪ ਸਿੰਘ ਜੀ ਇਕ ਵਾਰ ਫਿਰ ਗੁਰਬਾਣੀ ਦੇ ਪ੍ਰਚਾਰ ਵਾਲ ਮਹਾਨ ਕਾਰਜ ਵਿਚ ਜੁਟ ਗਏ। ਆਉਣ ਵਾਲੇ ਦਸ ਸਾਲਾਂ (੧੭੧੬-੧੭੨੬) ਵਿਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਚਾਰ-ਹੱਥ ਲਿਖਤ ਉਤਾਰੇ ਤਿਆਰ ਕਰਕੇ ਚਵ੍ਹਾਂ ਤਖਤਾਂ (ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਹਜ਼ੂਰ ਸਾਹਿਬ,) ਵਿਖੇ ਭਿਜਵਾ ਦਿੱਤੇ। ਇਹ ਚਾਰੋਂ ਉਤਾਰੇ ਉਸੇ ਬੀੜ ਤੋਂ ਤਿਆਰ ਕੀਤੇ ਗਏ ਸਨ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨੇ ਤਿਆਰ ਕੀਤਾ ਸੀ। ਇਸ ਬੀੜ ਨੂੰ ਤਿਆਰ ਕਰਨ ਵਿਚ ਭਾਈ ਮਨੀ ਸਿੰਘ ਦੇ ਨਾਲ ਬਾਬਾ ਦੀਪ ਸਿੰਘ ਜੀ ਨੇ ਵੀ ਬਹੁਤ ਵੱਡਾ ਹਿੱਸਾ ਪਾਇਆ ਸੀ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਉਨ੍ਹਾਂ ਕੁਝ ਸਮਾਂ ਕਰਤਾਰਪੁਰ (ਜਲੰਧਰ) ਵਿਖੇ ਰਹਿ ਕੇ ਦਮਦਮੀ ਬੀੜ ਨੂੰ ਕਰਤਾਰਪੁਰੀ ਬੀੜ ਨਾਲ ਸੋਧਿਆ ਸੀ। ਬਾਬਾ ਜੀ ਨੇ ਗੁਰਬਾਣੀ ਦੇ ਅਨੇਕ ਗੁਟਕੇ ਹੱਥ ਨਾਲ ਲਿਖ ਕੇ ਸੰਗਤਾਂ ਵਿਚ ਵੰਡੇ ਸਨ।

ਜਿੱਥੇ ਬਾਬਾ ਦੀਪ ਸਿੰਘ ਪੂਰਨ ਤੌਰ 'ਤੇ ਗੁਰਮਤਿ ਅਤੇ ਗੁਰਬਾਣੀ ਦੇ ਪ੍ਰਚਾਰ ਵਿਚ ਲੱਗੇ ਹੋਏ ਸਨ, ਉੱਥੇ ਆਪ ਸਮਾਜਿਕ ਤੌਰ 'ਤੇ ਵੀ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ। ਉਸ ਇਲਾਕੇ ਵਿਚ ਪਾਣੀ ਦੀ ਥੁੜ ਹੋਣ ਕਰਕੇ ਲੋਕ ਬੜੇ ਪਰੇਸ਼ਾਨ ਰਹਿੰਦੇ ਸਨ। ਪਾਣੀ ਦੀ ਤੰਗੀ ਨੂੰ ਦੇਖਦੇ ਹੋਏ ਬਾਬਾ ਜੀ ਨੇ ਇਕ ਖੂਹ ਪੁਟਵਾਇਆ ਜੋ ਅਜੇ ਵੀ ਉਨ੍ਹਾਂ ਦੀ ਯਾਦ ਵਜੋਂ ਮੌਜੂਦ ਹੈ। ਬਾਬਾ ਦੀਪ ਸਿੰਘ ਜੀ ਦੇ ਇਕ ਹੋਰ ਸਾਥੀ ਭਾਈ ਬੁੱਢਾ ਸਿੰਘ ਨੇ ਬੇਰੀ ਦਾ ਦਰੱਖਤ ਲਗਵਾਇਆ ਜਿਸ ਦਾ ਫਲ ਬੜਾ ਮਿੱਠਾ ਤੇ ਛਾਂ ਬੜੀ ਸੰਘਣੀ ਸੀ। ਇਹ ਭਾਈ ਬੁੱਢਾ ਸਿੰਘ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘਾਂ ਵਿੱਚੋਂ ਸਨ ਜੋ ਬਾਬਾ ਦੀਪ ਸਿੰਘ ਦੇ ਨਾਲ ਹੀ ਦਮਦਮਾ ਸਾਹਿਬ ਆ ਟਿਕੇ ਸਨ। ਦਮਦਮਾ ਸਾਹਿਬ ਵਿਖੇ ਗੁਰਦੁਆਰਾ ਸਥਾਪਿਤ ਕਰਨ ਦਾ ਕਾਰਜ ਵੀ ਬਾਬਾ ਦੀਪ ਸਿੰਘ ਜੀ ਨੇ ਹੀ ਕੀਤਾ ਸੀ।

ਬਾਬਾ ਦੀਪ ਸਿੰਘ ਜੀ ਕਿਸੇ ਵੀ ਕੌਮੀ ਭੀੜ ਦੇ ਸਮੇਂ ਪੰਥ ਦੀ ਸੇਵਾ ਕਰਨ ਲਈ ਸਦਾ ਤਤਪਰ ਰਹਿੰਦੇ ਸਨ। ਜਦੋਂ ੧੭੩੨ ਈ: ਵਿਚ ਪਟਿਆਲਾ ਦੇ ਸ: ਆਲਾ ਸਿੰਘ ਨੂੰ ਜਲੰਧਰ ਦੇ ਫੌਜਦਾਰ, ਮਲੇਰਕੋਟਲੇ ਦੇ ਨਵਾਬ ਅਤੇ ਭੱਟੀ ਰਾਜਪੂਤਾਂ ਨੇ ਮਿਲ ਕੇ ਘੇਰ ਲਿਆ ਤਾਂ ਉਹ ਆਪਣੇ ਸੈਨਿਕ ਦਸਤੇ ਨਾਲ ਉਸ ਦੀ ਮਦਦ ਲਈ ਪਹੁੰਚ ਗਏ। ਮੁਗ਼ਲ ਤੇ ਭੱਟੀ ਰਾਜਪੂਤਾਂ ਦੀਆਂ ਸਾਂਝੀਆਂ ਫੌਜਾਂ ਨੂੰ ਭਾਂਜ ਦੇ ਕੇ ਆਪ

ਦਮਦਮਾ ਸਾਹਿਬ ਵਾਪਸ ਪਰਤ ਆਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ ਸਿੱਖਾਂ ਨੂੰ ਆਪਣੀ ਵੱਖਰੀ ਅਤੇ ਨਵੇਕਲੀ ਹੋਂਦ ਨੂੰ ਕਾਇਮ ਰੱਖਣ ਲਈ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ ਸਨ। ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟੇ ਗਏ, ਭਾਈ ਤਾਰੂ ਸਿੰਘ ਦੀ ਖੋਪਰੀ ਲਾਹੀ ਗਈ, ਭਾਈ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਨੂੰ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ ਅਤੇ ਮਾਸੂਮ ਬੱਚਿਆਂ ਦੇ ਟੋਟੇ-ਟੋਟੇ ਕਰ ਕੇ ਅਤੇ ਹਾਰ ਪਰੋ ਕੇ ਉਨ੍ਹਾਂ ਦੀਆਂ ਮਾਂਵਾਂ ਦੇ ਗ਼ਲਾਂ ਵਿਚ ਪਾਏ ਗਏ। ਪਰ ਖਾਲਸਾ ਕਦੇ ਵੀ ਇਨ੍ਹਾਂ ਸਖਤੀਆਂ ਅੱਗੇ ਝੁਕਿਆ ਨਹੀਂ ਸਗੋਂ ਸਦਾ ਚੜ੍ਹਦੀ ਕਲਾ ਵਿਚ ਰਹਿ ਕੇ ਵਿਚਰਦਾ ਰਿਹਾ। ਜਦੋਂ ੧੭੩੮-੩੯ ਵਿਚ ਨਾਦਰ ਸ਼ਾਹ ਅਤੇ ੧੭੪੮ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਅਤੇ ਹਿੰਦੁਸਤਾਨ ਉੱਪਰ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਪੰਜਾਬ ਦੀ ਇਹ ਸੂਰਬੀਰ ਕੌਮ ਉਨ੍ਹਾਂ ਸਾਹਮਣੇ ਢਾਲ ਬਣ ਕੇ ਖਲੋ ਗਈ। ਉਨ੍ਹਾਂ ਨੇ ਕਮਜ਼ੋਰ ਹੋ ਰਹੀ ਮੁਗ਼ਲ ਹਕੂਮਤ ਅਤੇ ਦੁਰਾਨੀ ਹਮਲਿਆਂ ਦਾ ਲਾਭ ਉਠਾ ਕੇ ਪੰਜਾਬ ਵਿਚ ਆਪਣੀ ਰਾਜਸੀ ਸ਼ਕਤੀ ਨੂੰ ਕਾਇਮ ਕਰਨਾ ਸ਼ੁਰੂ ਕਰ ਦਿੱਤਾ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਨਵਾਬ ਅਦੀਨਾ ਬੇਗ ਦੀ ਮੌਤ ਪਿੱਛੋਂ ਜਦੋਂ ਸਿੱਖਾਂ ਨੇ ਇਲਾਕਾ ਜਲੰਧਰ-ਦੁਆਬਾ ਉੱਪਰ ਕਬਜ਼ਾ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਨਾਲ ਦਰਿਆ ਬਿਆਸ ਅਤੇ ਰਾਵੀ ਲੰਘ ਕੇ ਸਿਆਲਕੋਟ ਉੱਪਰ ਜਾ ਪਏ। ਇੱਥੋਂ ਦੇ ਹਾਕਮ ਮੁਹੰਮਦ ਅਮੀਨ ਨੂੰ ਹਰਾ ਕੇ ਇਹ ਇਲਾਕਾ ਸ. ਦਿਆਲ ਸਿੰਘ ਅਤੇ ਸ. ਨੱਥਾ ਸਿੰਘ ਨੂੰ ਸੌਂਪ ਦਿੱਤਾ। ਪਰ ਜਦੋਂ ਇਨ੍ਹਾਂ ਦੇ ਜਾਨਸ਼ੀਨ ਸ. ਕਰਮ ਸਿੰਘ ਅਤੇ ਸ. ਗੁਲਾਬ ਸਿੰਘ ਨੇ ਪੰਥਕ ਹਿੱਤਾਂ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਉਨ੍ਹਾਂ ਤੋਂ ਇਹ ਇਲਾਕੇ ਖੋਹ ਕੇ ਗੁਰਦੁਆਰਾ ਬਾਬੇ ਦੀ ਬੇਰ ਦੇ ਲੰਗਰ-ਪਾਣੀ ਲਈ ਬਤੌਰ ਜਾਗੀਰ ਦੇ ਲਗਾ ਦਿੱਤਾ। ਇਹ ਉਸ ਗੁਰਦੁਆਰਾ ਸਾਹਿਬ ਦੇ ਨਾਮ ਸਭ ਤੋਂ ਪਹਿਲੀ ਜਾਗੀਰ ਸੀ ਜੋ ਸ਼ਹੀਦਾਂ ਦੀ ਮਿਸਲ ਵੱਲੋਂ ਲਗਾਈ ਗਈ।

ਬੇਸ਼ੱਕ ਬਾਬਾ ਦੀਪ ਸਿੰਘ ਜੀ ਦੀ ਉਮਰ ਵਡੇਰੀ ਹੋ ਰਹੀ ਸੀ ਪਰ ਉਹ ਫਿਰ ਵੀ ਜਵਾਨਾਂ ਵਾਂਗ ਗੁਰੂ-ਪੰਥ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ। ਦੇਸ਼ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਜਾਰੀ ਸਨ। ਆਪਣੇ ਇਕ ਹਮਲੇ ਦੌਰਾਨ ਜਦੋਂ ਉਹ ਦਿੱਲੀ ਨੂੰ ਲੁੱਟ ਕੇ ਅਤੇ ਰਾਹ ਵਿੱਚੋਂ ਅਨੇਕ ਅਬਲਾ ਇਸਤਰੀਆਂ ਨੂੰ ਬੰਦੀ ਬਣਾ ਕੇ ਕਾਬਲ ਵਾਪਸ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਜੀ ਨੇ ਥਾਨੇਸਰ ਦੇ ਨੇੜੇ ਉਸ ਦੇ ਪਿਛਲੇ ਦਸਤਿਆਂ 'ਤੇ ਹਮਲਾ ਬੋਲ ਕੇ ਉਨ੍ਹਾਂ ਇਸਤਰੀਆਂ ਨੂੰ ਛੁਡਵਾ ਲਿਆ। ਮਗਰੋਂ ਉਨ੍ਹਾਂ ਅਬਲਾ ਇਸਤਰੀਆਂ ਨੂੰ ਇੱਜ਼ਤ ਨਾਲ ਉਨ੍ਹਾਂ ਦੇ ਘਰਾਂ ਵਿਚ ਭੇਜ ਦਿੱਤਾ ਗਿਆ।

ਬਾਰ-ਬਾਰ ਆਪਣੇ ਫੌਜੀ ਦਸਤਿਆਂ 'ਤੇ ਸਿੱਖਾਂ ਵੱਲੋਂ ਹੁੰਦੇ ਹਮਲਿਆਂ ਕਾਰਨ ਅਹਿਮਦਸ਼ਾਹ ਅਬਦਾਲੀ ਬਹੁਤ ਪਰੇਸ਼ਾਨ ਸੀ। ਉਹ ਇਸ ਉੱਭਰ ਰਹੀ ਜਥੇਬੰਦੀ ਨੂੰ ਜੜ੍ਹੋਂ ਖਤਮ ਕਰ ਦੇਣਾ ਚਾਹੁੰਦਾ ਸੀ ਤਾਂ ਜੋ ਉਸ ਦੀ ਪੰਜਾਬ ਅਤੇ ਹਿੰਦੁਸਤਾਨ 'ਤੇ ਪਕੜ ਮਜ਼ਬੂਤ ਹੋ ਸਕੇ। ਜਦੋਂ ਉਸ ਨੇ ਹਿੰਦੁਸਤਾਨ 'ਤੇ ਆਪਣਾ ਚੌਥਾ ਹਮਲਾ ਕੀਤਾ ਤਾਂ ਉਸ ਨੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਕੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਇੱਥੋਂ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ। ਉਸ ਨੇ ਆਪਣੇ ਇਕ ਤਜ਼ਰਬੇਕਾਰ ਅਤੇ ਪ੍ਰਮੁੱਖ ਜਰਨੈਲ ਜਹਾਨ ਖਾਂ ਨੂੰ ਉਸ ਦਾ ਸਹਾਇਕ ਬਣਾਇਆ ਤਾਂਕਿ ਉਹ ਸਿੱਖਾਂ ਵਿਰੁੱਧ ਸਖਤ ਕਾਰਵਾਈ ਕਰ ਕੇ ਉਨ੍ਹਾਂ ਨੂੰ ਹਮੇਸ਼ਾਂ-ਹਮੇਸ਼ਾਂ ਲਈ ਕੁਚਲ ਦੇਵੇ।

ਜਹਾਨ ਖਾਂ ਦਾ ਸ੍ਰੀ ਅੰਮ੍ਰਿਤਸਰ 'ਤੇ ਹਮਲਾ:- ਆਪਣੇ ਕਈ ਹਮਲਿਆਂ ਦੌਰਾਨ ਦੁਰਾਨੀ ਹਮਲਾਵਰਾਂ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਸਿੱਖਾਂ ਦੀ ਅਸਲ ਸ਼ਕਤੀ ਦਾ ਸੋਮਾ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਹੈ ਜਿੱਥੇ ਇਸ਼ਨਾਨ ਕਰ ਕੇ ਇਹ ਲੋਕ ਮੌਤ ਦੇ ਡਰ ਤੋਂ ਮੁਕਤ ਹੋ ਜਾਂਦੇ ਹਨ। ਇਸੇ ਕਰਕੇ ਉਨ੍ਹਾਂ ਨੇ ਸਿੱਖਾਂ ਨੂੰ ਦਬਾਉਣ ਲਈ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਆਪਣਾ ਨਿਸ਼ਾਨਾ ਬਣਾਇਆ। ੧੭੫੭ ਈ: ਵਿਚ ਜਹਾਨ ਖਾਂ ਨੇ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਬੋਲ ਕੇ ਰਾਮ ਰੌਣੀ ਦਾ ਕਿਲ੍ਹਾ ਢਾਹ ਦਿੱਤਾ ਤੇ ਇਸ ਮਗਰੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰ ਕੇ ਅੰਮ੍ਰਿਤ ਸਰੋਵਰ ਨੂੰ ਪੂਰ ਦਿੱਤਾ। ਗੁਰੂ ਕੀ ਨਗਰੀ ਦੇ ਇਰਦ-ਗਿਰਦ ਬੜੇ ਸਖਤ ਪਹਿਰੇ ਲਗਾ ਦਿੱਤੇ ਗਏ ਤਾਂ ਕਿ ਕੋਈ ਵੀ ਸਿੱਖ ਸ੍ਰੀ ਅੰਮ੍ਰਿਤਸਰ ਦੀ ਹਦੂਦ ਵਿਚ ਦਾਖ਼ਲ ਨਾ ਹੋ ਸਕੇ।

ਦਮਦਮਾ ਸਾਹਿਬ ਤੋਂ ਬਾਬਾ ਦੀਪ ਸਿੰਘ ਜੀ ਦਾ ਚੱਲਣਾ:- ਜਦੋਂ ਇਨ੍ਹਾਂ ਗੱਲਾਂ ਦੀ ਖ਼ਬਰ (ਤਖਤ) ਸ੍ਰੀ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਨੂੰ ਪਹੁੰਚੀ ਤਾਂ ਉਨ੍ਹਾਂ ਦਾ ਸਿੱਖੀ ਜੋਸ਼ ਉਬਾਲੇ ਖਾਣ ਲੱਗ ਪਿਆ। ਇਸ ਵੇਲੇ ਬਾਬਾ ਦੀਪ ਸਿੰਘ ਦੀ ਉਮਰ ੭੫ ਸਾਲ ਤੋਂ ਉੱਪਰ ਹੋ ਚੁੱਕੀ ਸੀ। ਉਨ੍ਹਾਂ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਭਾਈ ਸਦਾ ਸਿੰਘ ਨੂੰ ਸੌਂਪ ਕੇ ਸ੍ਰੀ ਅੰਮ੍ਰਿਤਸਰ ਵੱਲ ਜਾਣ ਦਾ ਫੈਸਲਾ ਕਰ ਲਿਆ। ਉਹ ਗੁਰਧਾਮਾਂ ਦੀ ਪਵਿੱਤਰਤਾ ਬਹਾਲ ਕਰਨਾ ਅਤੇ ਦੁਰਾਨੀ ਫੌਜਾਂ ਨਾਲ ਦੋ-ਦੋ ਹੱਥ ਕਰ ਕੇ ਉਨ੍ਹਾਂ ਨੂੰ ਅਹਿਸਾਸ ਦੁਆਉਣਾ ਚਾਹੁੰਦੇ ਸਨ ਕਿ ਸਿੱਖ ਹੋਰ ਚਾਹੇ ਕੋਈ ਗੱਲ ਬਰਦਾਸ਼ਤ ਕਰ ਜਾਵੇ ਪਰ ਉਹ ਆਪਣੇ ਗੁਰਧਾਮਾਂ ਦਾ ਅਪਮਾਨ ਕਦੇ ਸਹਿਣ ਨਹੀਂ ਕਰ ਸਕਦਾ। ਆਪਣੇ ਮਨ ਵਿਚ ਇਸ ਗੱਲ ਦਾ ਨਿਸ਼ਚਾ ਕਰ ਕੇ ਆਪ ਪਿੰਡ ਜੱਗਾ, ਬਾਮੁਣ, ਨੇਰੀਆਂ ਵਾਲਾ, ਬਿੰਝੋਕੇ, ਗੁਰੂ ਚਉਂਤਰਾ, ਫੂਲ, ਮਰਾਜ, ਦਰਾਜ, ਭੁੱਚੋ, ਗੋਬਿੰਦ ਕੋਟ ਅਤੇ ਲੱਖੀ ਜੰਗਲ 'ਚੋਂ ਚੋਣਵੇਂ ਸਿੱਖਾਂ ਨੂੰ ਇਕੱਠਾ ਕਰ ਕੇ ਸ੍ਰੀ ਅੰਮ੍ਰਿਤਸਰ ਲਈ ਚੱਲ ਪਏ।

ਜਦੋਂ ਬਾਬਾ ਦੀਪ ਸਿੰਘ ਸ੍ਰੀ ਦਮਦਮਾ ਸਾਹਿਬ ਤੋਂ ਚੱਲੇ ਤਾਂ ਉਨ੍ਹਾਂ ਨਾਲ ਕੇਵਲ

੫੦੦ ਸਿੰਘ ਸਨ ਪਰ ਉਹ ਜਿਉਂ-ਜਿਉਂ ਸ੍ਰੀ ਅੰਮ੍ਰਿਤਸਰ ਵੱਲ ਵੱਧ ਰਹੇ ਸਨ ਉਨ੍ਹਾਂ ਵਿਚ ਮਾਝੇ, ਮਾਲਵੇ ਅਤੇ ਦੁਆਬੇ ਦੇ ਸਿੰਘ ਆ ਕੇ ਰਲਦੇ ਚਲੇ ਜਾ ਰਹੇ ਸਨ। ਤਰਨ ਤਾਰਨ ਤਕ ਪਹੁੰਚਦਿਆਂ ਉਨ੍ਹਾਂ ਦੇ ਜਥੇ ਦੀ ਗਿਣਤੀ ੫੦੦੦ ਤਕ ਪਹੁੰਚ ਗਈ। ਤਰਨ ਤਾਰਨ ਤੋਂ ਕੁਝ ਮੀਲਾਂ ਦੀ ਵਿੱਥ 'ਤੇ ਦੁਰਾਨੀ ਫੌਜਾਂ ਬਾਬਾ ਜੀ ਦਾ ਰਾਹ ਰੋਕਣ ਲਈ ਤਿਆਰ ਖੜ੍ਹੀਆਂ ਸਨ। ਬਾਬਾ ਜੀ ਜਾਣਦੇ ਸਨ ਕਿ ਇਸ ਲੜਾਈ ਵਿਚ ਕਿਸੇ ਦਾ ਬਚ ਪਾਣਾ ਸੰਭਵ ਨਹੀਂ ਹੋਵੇਗਾ। ਇਸ ਲਈ ਉਨ੍ਹਾਂ ਤਰਨ ਤਾਰਨ ਤੋਂ ਕੂਚ ਕਰਨ ਤੋਂ ਪਹਿਲਾਂ ਆਪਣੇ ਦੁਧਾਰੇ ਖੰਡੇ ਨਾਲ ਧਰਤੀ 'ਤੇ ਇਕ ਲਕੀਰ ਵਾਹੀ ਤੇ ਨਾਲ ਆਏ ਸਿੰਘਾਂ ਨੂੰ ਵੰਗਾਰ ਕੇ ਕਿਹਾ, "ਖਾਲਸਾ ਜੀ! ਹੁਣ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਅਜ਼ਾਦ ਕਰਾਉਣ ਅਤੇ ਸ਼ਹੀਦੀਆਂ ਪਾਉਣ ਦਾ ਸਮਾਂ ਆ ਗਿਆ ਹੈ। ਇਸ ਲਈ ਇਸ ਲਕੀਰ ਨੂੰ ਟੱਪ ਕੇ ਉਹੀ ਸੂਰਬੀਰ ਅੱਗੇ ਆਉਣ ਜੋ ਆਪਣਾ ਸੀਸ ਗੁਰਧਾਮਾਂ ਦੀ ਪਵਿੱਤਰਤਾ ਲਈ ਅਰਪਣ ਕਰਨਾ ਚਾਹੁੰਦੇ ਹਨ। ਜਿਨ੍ਹਾਂ ਨੂੰ ਆਪਣੇ ਘਰ ਬਾਰ ਜਾਂ ਜ਼ਿੰਦਗੀ ਪਿਆਰੀ ਹੋਵੇ ਉਹ ਇੱਥੋਂ ਹੀ ਆਪਣੇ ਘਰਾਂ ਨੂੰ ਵਾਪਸ ਪਰਤ ਜਾਣ।" ਇਹ ਕਹਿ ਕੇ ਬਾਬਾ ਜੀ ਨੇ ਜੈਕਾਰਾ ਛੱਡਿਆ ਤੇ ਵੇਖਦੇ ਹੀ ਵੇਖਦੇ ਬਾਬਾ ਜੀ ਦਾ ਸਾਰਾ ਜਥਾ ਲਕੀਰ ਟੱਪ ਕੇ ਉਨ੍ਹਾਂ ਦੇ ਨਾਲ ਸ੍ਰੀ ਅੰਮ੍ਰਿਤਸਰ ਲਈ ਚੱਲ ਪਿਆ। ਉਨ੍ਹਾਂ ਦੇ ਚੇਹਰਿਆਂ 'ਤੇ ਸ਼ਹੀਦੀ ਪਾਉਣ ਦਾ ਚਾਅ ਅਤੇ ਜ਼ੁਬਾਨ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਗੂੰਜਦੀ ਸੁਣਾਈ ਦੇ ਰਹੀ ਸੀ:

ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ॥

ਸ਼ਹੀਦੀ:- ਹੱਥਾਂ ਵਿਚ ਤੇਗਾ ਲਿਸ਼ਕਾਂਦੇ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਬਾਬਾ ਦੀਪ ਸਿੰਘ ਦਾ ਇਹ ਸ਼ਹੀਦੀ ਜਥਾ ਚੱਬੇ ਦੇ ਲਾਗੇ ਪਿੰਡ ਗੋਹਲਵੜ ਪਹੁੰਚ ਗਿਆ। ਅਹਿਮਦਸ਼ਾਹ ਅਬਦਾਲੀ ਦਾ ਜਰਨੈਲ ਜਹਾਨ ਖਾਂ ਪਹਿਲਾਂ ਹੀ ਆਪਣੇ ਟਿੱਡੀ ਦਲ ਨਾਲ ਇੱਥੇ ਤਿਆਰ ਖੜਾ ਸੀ। ਬਾਬਾ ਦੀਪ ਸਿੰਘ ਜੀ ਦੇ ਉੱਥੇ ਪਹੁੰਚਦਿਆਂ ਹੀ ਦੋਹਾਂ ਦਲਾਂ ਵਿਚਕਾਰ ਘਮਸਾਣ ਦੀ ਜੰਗ ਸ਼ੁਰੂ ਹੋ ਗਈ। ਦੋਹਾਂ ਪਾਸਿਆਂ ਤੋਂ ਤੀਰ, ਤਲਵਾਰ, ਨੇਜ਼ੇ ਅਤੇ ਖੰਡੇ ਖੜਕਣੇ ਸ਼ੁਰੂ ਹੋ ਗਏ। ਜੰਗ ਦੇ ਚਾਅ ਨਾਲ ਆਏ ਸੂਰਮੇ ਲਹੂ-ਲੁਹਾਣ ਹੋ ਕੇ ਧਰਤੀ 'ਤੇ ਡਿੱਗਣੇ ਸ਼ੁਰੂ ਹੋ ਗਏ। ਧਾਰਮਿਕ ਜਜ਼ਬੇ ਨਾਲ ਰੰਗੇ ਅਤੇ ਗੁਰੂ-ਦਰਬਾਰ ਵਿਚ ਅਰਦਾਸਾ ਕਰ ਕੇ ਆਏ ਸਿੰਘ ਦੁਰਾਨੀ ਫੌਜਾਂ 'ਤੇ ਟੁੱਟ ਕੇ ਪੈ ਗਏ। ਬਾਬਾ ਦੀਪ ਸਿੰਘ ਜੀ, ਬਾਬਾ ਨੱਥਾ ਸਿੰਘ, ਬਾਬਾ ਨੌਧ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਜੋਸ਼ ਵੇਖਣ ਵਾਲਾ ਸੀ। ਬਾਬਾ ਦੀਪ ਸਿੰਘ ਜੀ ਨੇ ਦੁਧਾਰੇ ਖੰਡੇ ਨਾਲ ਕਈ ਦੁਰਾਨੀਆਂ ਦੇ ਸਿਰ ਲਾਹ ਕੇ ਉਨ੍ਹਾਂ ਦੀਆਂ ਫੌਜਾਂ ਵਿਚ ਹਲਚਲ ਪੈਦਾ ਕਰ ਦਿੱਤੀ। ਬਾਬਾ ਜੀ ਦੇ ਸਾਥੀ ਬਾਬਾ ਨੱਥਾ ਸਿੰਘ ਤੋਂ ਇਲਾਵਾ ਜਿਨ੍ਹਾਂ ਪ੍ਰਮੁੱਖ ਜਥੇਦਾਰਾਂ ਨੇ ਇਸ ਲੜਾਈ ਵਿਚ ਭਾਗ ਲਿਆ ਉਨ੍ਹਾਂ ਦੀ ਗਿਣਤੀ ਨੌਂ

ਅਥਵਾ ਦਸ ਦੱਸੀ ਗਈ ਹੈ। ਬਾਬਾ ਸੁਧਾ ਸਿੰਘ, ਬਾਬਾ ਸੂਰ ਸਿੰਘ, ਬਾਬਾ ਹਰੀ ਸਿੰਘ, ਬਾਬਾ ਕੌਰ ਸਿੰਘ, ਬਾਬਾ ਦਿਆਲ ਸਿੰਘ, ਬਾਬਾ ਬਸੰਤ ਸਿੰਘ, ਬਾਬਾ ਵੀਰ ਸਿੰਘ, ਬਾਬਾ ਬਲਵੰਤ ਸਿੰਘ ਅਤੇ ਬਾਬਾ ਰਣ ਸਿੰਘ ਬੜੀ ਬਹਾਦਰੀ ਨਾਲ ਲੜੇ ਅਤੇ ਦੁਰਾਨੀ ਸੈਨਿਕ ਲੜਾਈ ਦੇ ਮੈਦਾਨ 'ਚੋਂ ਭੱਜਣੇ ਸ਼ੁਰੂ ਹੋ ਗਏ।

ਦੁਰਾਨੀਆਂ ਨੂੰ ਇਹ ਉਮੀਦ ਨਹੀਂ ਸੀ ਕਿ ਸਿੱਖ ਸੂਰਬੀਰ ਇਤਨੀ ਬਹਾਦਰੀ ਨਾਲ ਲੜਣਗੇ। ਅਨੇਕ ਲੜਾਈਆਂ ਦਾ ਜੇਤੂ ਜਹਾਨ ਖਾਂ ਮੈਦਾਨ ਛੱਡ ਕੇ ਭੱਜ ਜਾਣ ਦਾ ਵਿਚਾਰ ਹੀ ਬਣਾ ਰਿਹਾ ਸੀ ਕਿ ਹਾਜੀ ਅਤਾਈ ਲਾਹੌਰ ਤੋਂ ਅਤੇ ਪੱਟੀ ਦਾ ਹਾਕਮ ਕਾਸਮ ਖਾਂ ਆਪਣੀਆਂ ਤਾਜ਼ਾ ਦਮ ਫੌਜਾਂ ਲੈ ਕੇ ਉਸ ਦੀ ਮਦਦ ਲਈ ਪਹੁੰਚ ਗਏ। ਨਵੀਂ ਆਈ ਫੌਜ ਦੇ ਪਹੁੰਚਣ ਨਾਲ ਦੁਰਾਨੀਆਂ ਦੇ ਹੌਂਸਲੇ ਫਿਰ ਬੁਲੰਦ ਹੋ ਗਏ। ਲੜਾਈ ਜਾਰੀ ਸੀ ਅਤੇ ਸਿੰਘ ਸ੍ਰੀ ਅੰਮ੍ਰਿਤਸਰ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਸਨ। ਗੋਹਲਵੜ ਅਤੇ ਸ੍ਰੀ ਰਾਮਸਰ ਦੇ ਨੇੜੇ ਹੋਈਆਂ ਲੜਾਈਆਂ ਵਿਚ ਅਨੇਕ ਸਿੰਘ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਵਿਚ ਸ. ਸੱਜਨ ਸਿੰਘ, ਸ. ਬਹਾਦਰ ਸਿੰਘ, ਸ. ਅੱਘੜ ਸਿੰਘ, ਸ. ਸੰਤ ਸਿੰਘ, ਸ. ਹੀਰਾ ਸਿੰਘ, ਬਾਬਾ ਨੌਧ ਸਿੰਘ ਅਤੇ ਸ. ਨਿਹਾਲ ਸਿੰਘ ਆਦਿ ਸ਼ਾਮਲ ਸਨ। ਜਦ ਕਿ ਦੁਰਾਨੀ ਫੌਜਾਂ ਵਿੱਚੋਂ ਸ਼ਾਹ ਜਮਾਲ, ਯਾਕੂਬ ਖਾਂ ਅਤੇ ਮੀਰ ਨਿਆਮਤ ਉੱਲਾ ਆਦਿ ਵਰਗੇ ਜਰਨੈਲ ਮਾਰੇ ਗਏ ਸਨ।

ਦੁਰਾਨੀ ਫੌਜਾਂ ਬਾਬਾ ਦੀਪ ਸਿੰਘ ਜੀ ਨੂੰ ਆਪਣਾ ਨਿਸ਼ਾਨਾ ਬਣਾ ਕੇ ਚਵ੍ਹਾਂ ਪਾਸਿਆਂ ਤੋਂ ਉਨ੍ਹਾਂ 'ਤੇ ਵਾਰ ਕਰ ਰਹੀਆਂ ਸਨ। ਉਹ ਤੀਰ ਅਤੇ ਤਲਵਾਰਾਂ ਦੀਆਂ ਸੱਟਾਂ ਕਾਰਨ ਗੰਭੀਰ ਰੂਪ ਵਿਚ ਜ਼ਖਮੀ ਹੋ ਚੁਕੇ ਸਨ। ਸਭ ਤੋਂ ਘਾਤਕ ਸੱਟ ਗਰਦਨ 'ਤੇ ਸੀ। ਆਪ ਲੜਾਈ ਦੇ ਮੈਦਾਨ ਵਿਚ ਹੀ ਸ਼ਹੀਦੀ ਪਾਉਣ ਵਾਲੇ ਸਨ ਕਿ ਭਾਈ ਧਰਮ ਸਿੰਘ ਨਾਮ ਦੇ ਇਕ ਸਿੰਘ ਨੇ ਬਾਬਾ ਜੀ ਨੂੰ ਯਾਦ ਦੁਆਇਆ ਕਿ ਆਪ ਨੇ ਤਾਂ ਸ੍ਰੀ ਦਰਬਾਰ ਸਾਹਿਬ ਨੂੰ ਦੁਰਾਨੀਆਂ ਤੋਂ ਅਜ਼ਾਦ ਕਰਵਾਉਣ ਅਤੇ ਉੱਥੇ ਪਹੁੰਚਣ ਦਾ ਪ੍ਰਣ ਕੀਤਾ ਸੀ, ਫਿਰ ਤੁਹਾਡਾ ਪ੍ਰਣ ਕਿਵੇਂ ਪੂਰਾ ਹੋਵੇਗਾ? "ਤੁਮ ਤੋਂ ਕਹਾ ਸੁਧਾ ਸਰ ਜਾਊਂ, ਅਪਨਾ ਤਨ ਜਾ ਉਥੇ ਲਾਊਂ।" ਇਹ ਸੁਣ ਕੇ ਬਾਬਾ ਜੀ ਆਪਣੇ ਕੱਟੇ ਹੋਏ ਸੀਸ ਨੂੰ ਇਕ ਹੱਥ 'ਤੇ ਟਿਕਾ ਦੂਜੇ ਹੱਥ ਨਾਲ ਖੰਡਾ ਵਾਹੁੰਦੇ ਸ੍ਰੀ ਹਰਿਮੰਦਰ ਸਾਹਿਬ ਵੱਲ ਵਧਣੇ ਸ਼ੁਰੂ ਹੋ ਗਏ। ਸਿੱਖ ਇਤਿਹਾਸ ਵਿਚ ਇਹ ਜ਼ਬਰਦਸਤ ਰਵਾਇਤ ਪ੍ਰਚਲਿਤ ਹੈ ਕਿ ਬਾਬਾ ਦੀਪ ਸਿੰਘ ਆਪਣੇ ਕੱਟੇ ਹੋਏ ਸੀਸ ਨੂੰ ਖੱਬੇ ਹੱਥ ਦੀ ਤਲੀ 'ਤੇ ਟਿਕਾ ਕੇ ਦੁਰਾਨੀ ਸੈਨਿਕਾਂ ਨੂੰ ਮਾਰਦੇ ਅਤੇ ਆਪਣਾ ਰਾਹ ਬਣਾਉਂਦੇ ਅੰਮ੍ਰਿਤ ਸਰੋਵਰ ਦੀ ਪਰਕਰਮਾ ਦੀ ਦੱਖਣੀ ਬਾਹੀ ਵਿਚ ਉਸ ਥਾਂ 'ਤੇ ਪਹੁੰਚ ਗਏ ਜਿੱਥੇ ਹੁਣ ਉਨ੍ਹਾਂ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਬਾਬਾ ਦੀਪ ਸਿੰਘ ਬਣਿਆ ਹੋਇਆ ਹੈ। ਇਸੇ ਥਾਂ 'ਤੇ ਆਪ ਗੁਰੂ-ਚਰਨਾਂ ਵਿਚ ਬਿਰਾਜੇ ਸਨ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਹਰ ਗੁਰਸਿੱਖ, ਬੱਚਾ, ਬੁੱਢਾ, ਨੌਜਵਾਨ ਅਤੇ

ਬੀਬੀਆਂ ਇਸ ਅਸਥਾਨ ਕੋਲੋਂ ਲੰਘਦਿਆਂ ਉਸ ਥੜ੍ਹੇ 'ਤੇ ਮੱਥਾ ਟੇਕ ਕੇ ਲੰਘਦੇ ਹਨ ਜਿੱਥੇ ਬਾਬਾ ਜੀ ਦਾ ਸੀਸ ਡਿੱਗਿਆ ਸੀ। ਜਿਸ ਥਾਂ 'ਤੇ ਬਾਬਾ ਜੀ ਸਸਕਾਰ ਕੀਤਾ ਗਿਆ ਸੀ ਉੱਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸੁਸ਼ੋਭਿਤ ਹੈ। ਇਹ ਸਥਾਨ ਚਾਟੀਵਿੰਡ ਦੇ ਕੋਲ ਗੁਰਦੁਆਰਾ ਸ਼ਹੀਦਾਂ ਕਰਕੇ ਵੀ ਜਾਣਿਆ ਜਾਂਦਾ ਹੈ। ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਇੱਥੇ ਆਉਂਦੇ ਅਤੇ ਉਸ ਮਹਾਨ ਸ਼ਹੀਦ ਨੂੰ ਯਾਦ ਕਰਦੇ ਹਨ ਜਿਸ ਨੇ ਗੁਰਦੁਆਰਿਆਂ ਦੀ ਪਵਿੱਤਰਤਾ ਅਤੇ ਅਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਪ੍ਰਭਾਵ ਵਿਚ ਢਲਿਆ ਇਹ ਮਹਾਨ ਯੋਧੇ ਭਾਈ ਮਨੀ ਸਿੰਘ ਅਤੇ ਭਾਈ ਗੁਰਦਾਸ ਜੀ ਵਾਂਗ ਆਪਣੇ ਸਮੇਂ ਦਾ ਉੱਚ ਕੋਟੀ ਦਾ ਵਿਦਵਾਨ ਸਨ। ਉਹ ਸਿੱਖੀ ਪ੍ਰਚਾਰ ਦੇ ਅਣਥੱਕ ਸੇਵਕ ਅਤੇ ਸਿੱਖੀ ਆਚਰਣ ਦੀ ਅਦੁੱਤੀ ਮਿਸਾਲ ਸਨ। ਗੁਰਬਾਣੀ ਦੇ ਪ੍ਰਚਾਰ ਅਤੇ ਬਾਣੀ ਦੇ ਅਰਥ-ਬੋਧ ਕਾਰਨ ਦਮਦਮਾ ਸਾਹਿਬ ਸਿੱਖ ਸਾਹਿਤ ਅਤੇ ਧਾਰਮਿਕ ਗਤੀਵਿਧੀਆਂ ਦਾ ਮਹਾਨ ਕੇਂਦਰ ਬਣ ਗਿਆ। ਬਾਬਾ ਦੀਪ ਸਿੰਘ ਜੀ ਦੀ ਸ਼ਖ਼ਸੀਅਤ ਦਾ ਕੁਝ ਅਜਿਹਾ ਪ੍ਰਭਾਵ ਸੀ ਕਿ ਉਨ੍ਹਾਂ ਦੇ ਜਥੇ ਹੱਥੋਂ ਅੰਮ੍ਰਿਤ-ਪਾਨ ਕਰਨਾ ਬੜੇ ਫ਼ਖ਼ਰ ਦੀ ਗੱਲ ਸਮਝੀ ਜਾਂਦੀ ਸੀ। ਤਰੁਨਾ ਦਲ ਅਤੇ ਬੁੱਢਾ ਦਲ ਦੇ ਜਥੇਦਾਰ ਅਕਸਰ ਉਨ੍ਹਾਂ ਦੀ ਸਲਾਹ ਲੈ ਕੇ ਕੰਮ ਕਰਿਆ ਕਰਦੇ ਸਨ।

ਆਪ ਉਨ੍ਹਾਂ ਖੁਸ਼ਕਿਸਮਤ ਜੀਉੜਿਆਂ ਵਿੱਚੋਂ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਅਤੇ ਉਨ੍ਹਾਂ ਦਾ ਸਮਾਂ ਵੇਖਿਆ ਸੀ। ਆਪ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਨਾਲ ਮਿਲ ਕੇ ਸਿੱਖ ਰਾਜ ਦੀ ਸਥਾਪਤੀ ਲਈ ਕੀਤੇ ਮੁੱਢਲੇ ਦੌਰ ਦੇ ਯਤਨਾਂ ਵਿਚ ਵੱਧ-ਚੜ੍ਹ ਕੇ ਹਿੱਸਾ ਪਾਇਆ ਸੀ। ਆਪ ਨੇ ਸਿੱਖੀ ਸਰੂਪ ਦੀ ਵੱਖਰੀ ਅਤੇ ਨਵੇਕਲੀ ਹੋਂਦ ਨੂੰ ਕਾਇਮ ਰੱਖਣ ਲਈ ਸਿੱਖਾਂ ਨੂੰ ਬੰਦ ਬੰਦ ਕਟਵਾਂਦੇ, ਚਰਖੜੀਆਂ ਤੇ ਚੜ੍ਹਦੇ ਅਤੇ ਖੋਪਰੀਆਂ ਉਤਰਵਾਉਂਦੇ ਵੇਖਿਆ ਸੀ। ਫਿਰ ਉਨ੍ਹਾਂ ਨੇ ਸਿੱਖਾਂ ਨੂੰ ਮੁਗ਼ਲਾਂ ਅਤੇ ਦੁਰਾਨੀਆਂ ਵਿਰੁੱਧ ਦੇਸ਼ ਦੀ ਅਜ਼ਾਦੀ ਲਈ ਢਾਲ ਬੰਨ੍ਹ ਕੇ ਖਲੋਤਿਆਂ ਵੀ ਵੇਖਿਆ ਸੀ। ਆਪ ਪੰਜਾਬ ਵਿਚ ਵਾਪਰਨ ਵਾਲੀਆਂ ਇਨ੍ਹਾਂ ਘਟਨਾਵਾਂ ਦੇ ਮੂਕ-ਦਰਸ਼ਕ ਨਹੀਂ, ਸਗੋਂ ਇਕ ਗਤੀਸ਼ੀਲ ਤੇ ਵੀਰ ਨਾਇਕ ਵਜੋਂ ਐਸੇ ਪ੍ਰਮੁੱਖ ਪਾਤਰ ਸਨ ਜਿਨ੍ਹਾਂ ਨੇ ਬਿਖੜੇ ਸਮੇਂ ਵਿਚ ਸਿੱਖ ਜਥੇਬੰਦੀ ਦੀ ਅਗਵਾਈ ਕੀਤੀ। ਆਪ ਨੇ ਆਪਣੇ ਪਿੱਛੇ ਅਣਖ, ਅਜ਼ਾਦੀ ਅਤੇ ਕੁਰਬਾਨੀ ਦਾ ਅਜਿਹਾ ਵਿਰਸਾ ਛੱਡਿਆ ਹੈ ਕਿ ਸਿੱਖ ਕੌਮ ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਹਰ ਸਦੀ ਵਿਚ ਉਨ੍ਹਾਂ ਦੁਆਰਾ ਛੱਡੀਆਂ ਪੈੜਾਂ 'ਤੇ ਤੁਰਨ ਅਤੇ ਅੱਗੇ ਵਧਣ ਦਾ ਯਤਨ ਕਰਦੀ ਰਹੀ ਹੈ। ਆਪ ਜੀ ਦਾ ਜੀਵਨ, ਕਿਰਦਾਰ ਅਤੇ ਕੁਰਬਾਨੀ ਅਜਿਹੇ ਸੋਮੇ ਹਨ ਜਿੱਥੋਂ ਪ੍ਰੇਰਨਾ ਲੈ ਕੇ ਕੌਮ ਗੌਰਵ ਮਹਿਸੂਸ ਕਰਦੀ ਹੈ। ■

ਗੁਰਦਾਸ ਨੰਗਲ ਦਾ ਘੇਰਾ

*-ਡਾ. ਸਰਬਜੀਤ ਸਿੰਘ ਛੀਨਾ**

ਸਿੱਖਾਂ ਦੀ ਜਿੱਤ ਅਤੇ ਉਨ੍ਹਾਂ ਦੇ ਅੱਗੇ ਵਧਣ ਦੀਆਂ ਖ਼ਬਰਾਂ ਬਾਦਸ਼ਾਹ ਕੋਲ ਪਹੁੰਚੀਆਂ ਤਾਂ ਉਹ ਇਸ ਸੰਬੰਧੀ ਬਹੁਤ ਗੰਭੀਰ ਅਤੇ ਚਿੰਤਿਤ ਹੋ ਗਿਆ। ਉਸ ਨੇ ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕਣ ਲਈ ਹਦਾਇਤਾਂ ਜਾਰੀ ਕੀਤੀਆਂ। ਲਾਹੌਰ ਦਾ ਗਵਰਨਰ ਅਬਦੁ ਸਮਦ ਖਾਨ ਸਿੱਖਾਂ ਨਾਲ ਸਿੱਧੀ ਲੜਾਈ ਤੋਂ ਡਰਦਾ ਸੀ ਅਤੇ ਉਸ ਨੂੰ ਟਾਲਦਾ ਰਹਿੰਦਾ ਸੀ। ਉਸ ਦੇ ਮਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਭੈਅ ਸੀ। ਉਨ੍ਹਾਂ ਦਿਨਾਂ ਵਿਚ ਲੱਖੀ ਖੇਤਰ ਵਿਚ ਭੱਟੀ ਜ਼ਿੰਮੀਂਦਾਰਾਂ ਦਾ ਵਿਦਰੋਹ ਸ਼ੁਰੂ ਹੋ ਗਿਆ ਅਤੇ ਅਬਦੁ ਸਮਦ ਖ਼ਾਨ ਸਿੱਖਾਂ ਦਾ ਮੁਕਾਬਲਾ ਕਰਨ ਦੀ ਬਜਾਏ, ਲੱਖੀ ਵੱਲ ਜ਼ਿੰਮੀਂਦਾਰਾਂ ਦਾ ਵਿਦਰੋਹ ਦਬਾਉਣ ਚਲਾ ਗਿਆ।

ਬਾਦਸ਼ਾਹ ਨੇ ਸਿੱਖਾਂ ਦੀ ਵਧਦੀ ਤਾਕਤ ਨੂੰ ਦਬਾਉਣ ਲਈ ਅਤਾ ਬਖਸ਼ੀ ਖਾਨ ਦੇ ਪੁੱਤਰ ਕਮਰ-ਉਦ-ਦੀਨ ਖਾਨ, ਉਦੈ ਸਿੰਘ ਬੁੰਦੇਲਾ, ਰਾਜਾ ਗੋਪਾਲ ਸਿੰਘ ਭਦੌੜੀਆ ਅਤੇ ਹੋਰ ਕਈ ਹਿੰਦੂ ਤੇ ਮੁਸਲਿਮ ਕਮਾਂਡਰਾਂ ਨੂੰ ਲਾਹੌਰ ਦੇ ਗਵਰਨਰ ਅਬਦੁ ਸਮਦ ਖ਼ਾਨ ਦੀ ਮਦਦ ਕਰਨ ਲਈ ਭੇਜਿਆ। ਪੰਜਾਬ ਦੇ ਹੋਰ ਫ਼ੌਜਦਾਰਾਂ ਅਤੇ ਜ਼ਿੰਮੀਂਦਾਰਾਂ ਨੂੰ ਵੀ ਹੁਕਮ ਦਿੱਤੇ ਗਏ ਕਿ ਉਹ ਫ਼ੌਜ ਲੈ ਕੇ ਗਵਰਨਰ ਦੀ ਮਦਦ ਕਰਨ ਤਾਂ ਕਿ ਸਿੱਖਾਂ ਨੂੰ ਦਬਾਇਆ ਜਾ ਸਕੇ।

ਮਿਰਜ਼ਾ ਅਹਿਮਦ ਖ਼ਾਨ ਗੁਜਰਾਤ ਦਾ ਫ਼ੌਜਦਾਰ ਆਪਣੀ ਵੱਡੀ ਫ਼ੌਜ ਨਾਲ ਆਇਆ, ਇਰਾਦਤ ਮੰਦ ਖ਼ਾਨ ਐਮਨਾਬਾਦ ਦਾ ਫ਼ੌਜਦਾਰ, ਔਰੰਗਾਬਾਦ ਅਤੇ ਪਸਰੂਰ ਦਾ ਫੌਜਦਾਰ ਨੂਰ ਮੁਹੰਮਦ, ਬਟਾਲੇ ਦਾ ਸ਼ੇਖ ਮੁਹੰਮਦ ਦਾਇਮ, ਹੈਬਤਪੁਰ ਪੱਟੀ ਦਾ ਸੱਯਦ ਹਾਫਿਜ਼ ਅਲੀ ਖਾਨ, ਕਾਂਗੜੇ ਦਾ ਰਾਜਾ ਹਮੀਰ ਚੰਦ ਕਟੋਚ ਅਤੇ ਜਸਰੋਟਾ ਦਾ ਰਾਜਾ ਹਰਦੇਵ, ਕਲਾਨੌਰ ਦਾ ਫ਼ੌਜਦਾਰ ਸੁਹਰਾਬ ਖਾਨ ਅਤੇ ਹੋਰ ਬਹੁਤ ਸਾਰੇ ਕਮਾਂਡਰ ਆਪਣੀਆਂ-ਆਪਣੀਆਂ ਫ਼ੌਜਾਂ ਅਤੇ ਹਥਿਆਰਾਂ ਨਾਲ ਲਾਹੌਰ ਆ ਗਏ। ਇਕ ਵਾਰ ਫਿਰ ਮੁਗ਼ਲ ਫੌਜ ਵੱਡੀ ਗਿਣਤੀ ਅਤੇ ਪੂਰੀ ਤਿਆਰੀ ਨਾਲ ਸਿੱਖਾਂ 'ਤੇ ਹਮਲਾ ਕਰਨਾ ਚਾਹੁੰਦੀ ਸੀ।

ਲਾਹੌਰ ਦੇ ਗਵਰਨਰ ਆਰਿਫ ਬੇਗ ਖ਼ਾਨ ਦੇ ਸਹਾਇਕ ਨੇ ਲਾਹੌਰ ਤੋਂ ਬਾਹਰ ਨੇੜੇ ਹੀ ਇਕ ਕੈਂਪ ਸਥਾਪਿਤ ਕਰ ਦਿੱਤਾ ਅਤੇ ਉਹ ਅਬਦੁ ਸਮਦ ਖ਼ਾਨ ਦੀ ਉਡੀਕ ਕਰਨ ਲੱਗੇ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗ਼ਲਾਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਕੋਈ ਖ਼ਬਰ ਨਹੀਂ ਸੀ, ਉਹ ਮੁਗ਼ਲਾਂ 'ਤੇ ਹੋਰ ਹਮਲੇ ਕਰਨ ਅਤੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਸੀ। ਇਸ ਲਈ ਉਹ ਬਟਾਲੇ ਦੇ ਨੇੜੇ ਮਿਰਜ਼ਾਪੁਰ

* *Prof. Emeritus, Akal University, Talwandi Sabo, Bathinda. M. 7889039596*

ਪਿੰਡ ਵਿਚ ਇਕ ਮਿੱਟੀ ਦੀਆਂ ਇੱਟਾਂ ਦਾ ਕਿਲ੍ਹਾ ਬਣਾਉਣ ਲੱਗ ਪਏ। ਇਹ ਥਾਂ ਬਟਾਲੇ ਅਤੇ ਕਲਾਨੌਰ ਦੇ ਵਿਚਕਾਰ ਸੀ, ਕਿਲ੍ਹਾ ਅਜੇ ਤਿਆਰ ਵੀ ਨਹੀਂ ਸੀ ਹੋਇਆ ਕਿ ਅਬਦੁ ਸਮਦ ਖਾਨ ਅਤੇ ਉਸ ਦੇ ਸਹਾਇਕ ਆਰਿਫ਼ ਬੇਗ ਖਾਨ ਦੀ ਅਗਵਾਈ ਵਿਚ ਸਾਰੀਆਂ ਮੁਗ਼ਲ ਫ਼ੌਜਾਂ ਨੇ ਬਾਬਾ ਬੰਦਾ ਸਿੰਘ 'ਤੇ ਹਮਲਾ ਕਰ ਦਿੱਤਾ। ਸਿੱਖ ਬੜੀ ਬਹਾਦਰੀ ਅਤੇ ਦਲੇਰੀ ਨਾਲ ਲੜੇ ਪਰ ਮੁਗਲ ਫ਼ੌਜ ਦੀ ਵਧੇਰੇ ਗਿਣਤੀ ਕਾਰਨ ਸਿੱਖਾਂ ਨੂੰ ਗੁਰਦਾਸਪੁਰ ਵੱਲ ਪਿਛਾਂਹ ਨੂੰ ਹੱਟਣਾ ਪਿਆ। ਗੁਰਦਾਸਪੁਰ ਵੱਲ ਪਿੱਛੇ ਹੱਟਦੇ ਹੋਏ ਸਿੱਖ ਗੁਰਦਾਸ ਨੰਗਲ ਪਿੰਡ ਦੇ ਕੋਲ ਪਹੁੰਚੇ ਤਾਂ ਉੱਥੇ ਦੁਨੀ ਚੰਦ ਦੀ ਹਵੇਲੀ ਅੰਦਰ ਵੜ ਗਏ ਤਾਂ ਕਿ ਉਸ ਨੂੰ ਕਿਲ੍ਹੇ ਦੇ ਤੌਰ 'ਤੇ ਵਰਤਿਆ ਜਾ ਸਕੇ। ਪਰ ਮੁਗ਼ਲ ਫ਼ੌਜ ਸਿੱਖਾਂ ਦਾ ਪਿੱਛਾ ਕਰਦੀ ਹੋਈ ਉਸ ਹਵੇਲੀ ਦੇ ਨਜ਼ਦੀਕ ਪਹੁੰਚ ਗਈ। ਸਿੱਖਾਂ ਨੇ ਹਵੇਲੀ ਵਿਚ ਕਾਫ਼ੀ ਮਾਤਰਾ ਵਿਚ ਖ਼ੁਰਾਕ, ਹੋਰ ਸਾਮਾਨ ਅਤੇ ਹਥਿਆਰ ਜਮ੍ਹਾਂ ਕਰ ਲਏ। ਕਿਲ੍ਹੇ ਤੋਂ ਥੋੜ੍ਹੀ ਦੂਰ ਇਕ ਛੋਟੀ ਜਿਹੀ ਨਹਿਰ ਵਗਦੀ ਸੀ, ਸਿੱਖਾਂ ਨੇ ਉਸ ਨਹਿਰ 'ਚ ਪਾੜ ਲਾ ਕੇ ਕਿਲ੍ਹੇ ਦੇ ਇਰਦ-ਗਿਰਦ ਖਾਈ ਬਣਾ ਲਈ ਅਤੇ ਉਸ ਜਗ੍ਹਾ 'ਤੇ ਕਾਫੀ ਪਾਣੀ ਜਮ੍ਹਾਂ ਕਰ ਲਿਆ ਤਾਂ ਕਿ ਕੋਈ ਘੋੜਾ ਜਾਂ ਆਦਮੀ ਅਸਾਨੀ ਨਾਲ ਉਸ ਨੂੰ ਪਾਰ ਨਾ ਕਰ ਸਕੇ।

ਮੁਗ਼ਲ ਫ਼ੌਜਾਂ ਨੇ ਕਿਲ੍ਹੇ ਦੁਆਲੇ ਘੇਰਾ ਪਾ ਲਿਆ ਅਤੇ ਮੋਰਚੇ ਪੁੱਟ ਕੇ ਉੱਚੀਆਂ-ਉੱਚੀਆਂ ਦੀਵਾਰਾਂ ਬਣਾਉਣ ਲੱਗ ਪਏ ਤਾਂ ਕਿ ਸਿੱਖਾਂ ਦੇ ਹਮਲਿਆਂ ਤੋਂ ਬਚਾਅ ਹੋ ਸਕੇ। ਜਦੋਂ ਬਾਦਸ਼ਾਹ ਨੂੰ ਸਿੱਖਾਂ ਦੀਆਂ ਕਾਰਵਾਈਆਂ ਬਾਰੇ ਪਤਾ ਲੱਗਾ ਤਾਂ ਉਸ ਨੇ ਅਬਦੁ ਸਮਦ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਜਾਂ ਤਾਂ ਬੰਦਾ ਸਿੰਘ ਨੂੰ ਮਾਰ ਦੇਵੇ ਜਾਂ ਕੈਦ ਕਰ ਲਵੇ ਅਤੇ ਸਿੱਖਾਂ ਦੀ ਮੁਹਿੰਮ ਨੂੰ ਪੂਰੀ ਤਾਕਤ ਨਾਲ ਦਬਾ ਦੇਵੇ। ਜਦੋਂ ਅਬਦੁ ਸਮਦ ਖ਼ਾਨ ਗੁਰਦਾਸ ਨੰਗਲ ਪਹੁੰਚਿਆ ਤਾਂ ਕੁਝ ਸਿੱਖ ਪਿੰਡ ਵਿੱਚੋਂ ਸਾਮਾਨ ਇਕੱਠਾ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਨੂੰ ਗ਼ੈਰ-ਮਨੁੱਖੀ ਤੇ ਜ਼ਾਲਮਾਨਾ ਢੰਗ ਨਾਲ ਮਾਰ ਦਿੱਤਾ ਗਿਆ।

ਮੁਗ਼ਲ ਫ਼ੌਜੀਆਂ ਨੇ ਯਕੀਨੀ ਬਣਾਇਆ ਕਿ ਹਵੇਲੀ ਵਿਚ ਖ਼ੁਰਾਕ ਦਾ ਇਕ ਦਾਣਾ ਵੀ ਨਾ ਜਾ ਸਕੇ। ਅਬਦੁ ਸਮਦ ਖ਼ਾਨ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੇ ਸਿੱਖਾਂ 'ਤੇ ਕਈ ਵਾਰ ਹਮਲਾ ਕੀਤਾ ਪਰ ਸਿੱਖ ਬਹੁਤ ਬਹਾਦਰੀ ਅਤੇ ਦਲੇਰੀ ਨਾਲ ਲੜੇ। ਮੁਗ਼ਲ ਫ਼ੌਜ ਸਿੱਖਾਂ ਦਾ ਕੋਈ ਨੁਕਸਾਨ ਨਾ ਕਰ ਸਕੀ। ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਿੱਖਾਂ ਨੂੰ ਘੇਰਾ ਪਾਉਣ ਵਾਲੀ ਫ਼ੌਜ ੪੦ ਤੋਂ ੫੦ ਹਜ਼ਾਰ ਦੇ ਵਿਚਕਾਰ ਸੀ ਪਰ ਫਿਰ ਵੀ ਸਿੱਖ ਕਿਲ੍ਹੇ ਤੋਂ ਬਾਹਰ ਆ ਜਾਂਦੇ ਸਨ। ਮੁਗ਼ਲਾਂ ਵੱਲੋਂ ਹਮਲਾ ਕਰਨ 'ਤੇ ਨਾ ਸਿਰਫ ਉਹ ਆਪਣੀ ਰਖਵਾਲੀ ਕਰਦੇ, ਸਗੋਂ ਤਲਵਾਰਾਂ ਅਤੇ ਤੀਰਾਂ ਨਾਲ ਮੁਗ਼ਲ ਸਿਪਾਹੀਆਂ ਨੂੰ ਮਾਰ ਵੀ ਦਿੰਦੇ ਸਨ। ਇਹ ਵੀ ਸਿੱਖਾਂ ਦੀ ਇਕ ਮਿਸਾਲੀ ਬਹਾਦਰੀ ਸੀ।

ਅਬਦੁ ਸਮਦ ਖਾਨ ਨੇ ਹੋਰ ਫ਼ੌਜ ਬੁਲਾ ਲਈ, ਭਾਵੇਂ ਉਸ ਕੋਲ ਪਹਿਲਾਂ ਹੀ ੩੦ ਹਜ਼ਾਰ ਤੋਂ ਵੱਧ ਫੌਜੀ ਸਨ। ਮੁਗਲ ਫੌਜ ਨੂੰ ਕਈ ਹਿੱਸਿਆਂ ਵਿਚ ਵੰਡਿਆ ਹੋਇਆ

ਸੀ। ਇਕ ਹਿੱਸਾ ਅਬਦੁ ਸਮਦ ਖ਼ਾਨ ਦੇ ਅਧੀਨ ਸੀ ਅਤੇ ਦੂਸਰੇ ਹਿੱਸਿਆਂ ਵਿਚ ਜ਼ਕਰੀਆ ਖ਼ਾਨ ਅਤੇ ਕੁਮਰ ਦੀਨ ਸਨ ਜਦੋਂ ਕਿ ਚੌਥੇ ਹਿੱਸੇ ਨੂੰ ਫੌਜਦਾਰਾਂ ਅਤੇ ਜਿੰਮੀਂਦਾਰਾਂ ਵਿਚ ਵੰਡਿਆ ਹੋਇਆ ਸੀ। ਮੁਗ਼ਲ ਫੌਜ ਦੇ ਮੁਕਾਬਲੇ ਸਿੱਖ ਬਹੁਤ ਥੋੜ੍ਹੀ ਗਿਣਤੀ ਵਿਚ ਸਨ ਪਰ ਫਿਰ ਵੀ ਮੁਗ਼ਲ ਫੌਜ ਸਿੱਖ ਫੌਜ ਤੋਂ ਏਨੀ ਡਰਦੀ ਸੀ ਕਿ ਖੁਲ੍ਹੇ ਮੈਦਾਨ ਵਿਚ ਉਨ੍ਹਾਂ ਨਾਲ ਲੜਨ ਤੋਂ ਝਿਜਕਦੀ ਸੀ।

ਭਾਵੇਂ ਸਿੱਖਾਂ ਨੇ ਆਪਣੀ ਸੁਰੱਖਿਆ ਲਈ ਹਰ ਤਰ੍ਹਾਂ ਦੀ ਤਿਆਰੀ ਕੀਤੀ, ਪਰ ਉਨ੍ਹਾਂ ਦੀ ਖ਼ੁਰਾਕ ਅਤੇ ਹੋਰ ਸਾਮਾਨ ਹਰ ਰੋਜ਼ ਘਟਦਾ ਜਾ ਰਿਹਾ ਸੀ। ਉਨ੍ਹਾਂ ਲਈ ਬਾਹਰੋਂ ਸਾਮਾਨ ਅਤੇ ਖ਼ੁਰਾਕ ਘਟ ਰਹੀ ਸੀ ਅਤੇ ਘੇਰਾ ਲੰਮਾ ਹੁੰਦਾ ਜਾ ਰਿਹਾ ਸੀ। ਹੌਲੀ-ਹੌਲੀ ਮੁਗ਼ਲ ਫ਼ੌਜ ਨੇ ਕਿਲ੍ਹੇ ਦੇ ਨਜ਼ਦੀਕ ਮਿੱਟੀ ਦੀ ਇਕ ਕੰਧ ਬਣਾ ਲਈ ਜੋ ਕਿਲ੍ਹੇ ਤੋਂ ਸਿਰਫ਼ ੧੦ ਤੋਂ ੨੦ ਗਜ਼ ਦੀ ਦੂਰੀ 'ਤੇ ਸੀ, ਦੁਆਲੇ ਘੇਰਾ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਸੀ। ਹੁਣ ਉਨ੍ਹਾਂ ਲਈ ਬਾਹਰੋਂ ਕੁਝ ਵੀ ਨਹੀਂ ਸੀ ਆ ਰਿਹਾ। ਉਨ੍ਹਾਂ ਨੇ ਘੇਰਾ ਤੋੜਨ ਦੀ ਕਈ ਵਾਰੀ ਕੋਸ਼ਿਸ਼ ਕੀਤੀ ਅਤੇ ਬਹਾਦਰੀ ਨਾਲ ਲੜੇ।

ਬਾਬਾ ਬਿਨੋਦ ਸਿੰਘ ਘੇਰੇ ਵਿੱਚੋਂ ਕਈ ਵਾਰ ਬਾਹਰ ਆ ਜਾਂਦੇ, ਉਹ ਬਜ਼ਾਰ ਚਲੇ ਜਾਂਦੇ, ਖਾਣ ਵਾਲੀਆਂ ਵਸਤੂਆਂ ਖਰੀਦਦੇ ਅਤੇ ਫਿਰ ਵਾਪਸ ਕਿਲ੍ਹੇ ਵਿਚ ਆ ਜਾਂਦੇ। ਮੁਗ਼ਲ ਫ਼ੌਜਾਂ ਉਨ੍ਹਾਂ ਦੀ ਹਿੰਮਤ ਅਤੇ ਦਲੇਰੀ ਤੋਂ ਹੈਰਾਨ ਸਨ। ਉਨ੍ਹਾਂ ਨੂੰ ਕਾਬੂ ਕਰਨ ਲਈ ਮੁਗ਼ਲ ਫ਼ੌਜ ਨੇ ਬਹੁਤ ਜਤਨ ਕੀਤੇ ਪਰ ਉਹ ਫੜੇ ਨਾ ਗਏ।

ਮੁਗ਼ਲ ਫ਼ੌਜ ਨੇ ਸਿੱਖਾਂ ਦੀ ਬਹਾਦਰੀ ਬਾਰੇ ਬਹੁਤ ਕੁਝ ਸੁਣਿਆ ਸੀ ਅਤੇ ਬਹਾਦਰੀ ਤੋਂ ਇਲਾਵਾ ਉਨ੍ਹਾਂ ਦਾ ਇਹ ਵਿਚਾਰ ਸੀ ਕਿ ਉਨ੍ਹਾਂ ਕੋਲ ਕੁਝ ਗ਼ੈਬੀ ਸ਼ਕਤੀਆਂ ਹਨ। ਮੁਗ਼ਲ ਫ਼ੌਜੀਆਂ ਨੂੰ ਇਹ ਵੀ ਭਰਮ ਸੀ ਕਿ ਬਾਬਾ ਬੰਦਾ ਸਿੰਘ ਕੋਲ ਕੁਝ ਚਮਤਕਾਰੀ ਸ਼ਕਤੀਆਂ ਹਨ ਅਤੇ ਉਹ ਆਪਣੀ ਸ਼ਕਲ ਬਦਲ ਕੇ ਵੀ ਕਿਲ੍ਹੇ ਵਿੱਚੋਂ ਨਿਕਲ ਸਕਦਾ ਹੈ। ਇਹ ਘੇਰਾ ਬੜਾ ਲੰਮਾ ਸਮਾਂ ਚੱਲਦਾ ਰਿਹਾ। ਇਸ ਲਈ ਇਸ ਘੇਰੇ ਵਿਚ ਮੁਗ਼ਲਾਂ ਅਤੇ ਸਿੱਖਾਂ ਦੀਆਂ ਹੋਈਆਂ ਝੜਪਾਂ ਨਾਲ ਦੋਵਾਂ ਪਾਸਿਆਂ ਦਾ ਬਹੁਤ ਨੁਕਸਾਨ ਹੋਇਆ ਪਰ ਮੁਗ਼ਲਾਂ ਨੂੰ ਫੌਜੀ ਹਥਿਆਰ, ਸਾਮਾਨ ਅਤੇ ਖ਼ੁਰਾਕ ਦੀ ਕੋਈ ਸਮੱਸਿਆ ਨਹੀਂ ਸੀ, ਜਦੋਂ ਕਿ ਸਿੱਖਾਂ ਨੂੰ ਬਾਹਰੋਂ ਕੁਝ ਵੀ ਨਹੀਂ ਸੀ ਮਿਲ ਰਿਹਾ।

ਫਿਰ ਮੁਗ਼ਲ ਫ਼ੌਜ ਨੇ ਇਕ ਹਜ਼ਾਰ ਤਰਖਾਣਾਂ ਨੂੰ ਉੱਥੇ ਲਿਆਂਦਾ ਅਤੇ ਹਜ਼ਾਰਾਂ ਹੀ ਕੁਹਾੜੇ ਬਣਵਾ ਕੇ ਕਿਲ੍ਹੇ ਦੇ ਇਰਦ-ਗਿਰਦ ਦੇ ਦਰੱਖਤ ਕਟਵਾ ਦਿੱਤੇ। ੨੦੦੦ ਊਠਾਂ ਨੂੰ ਲਿਆ ਕੇ ਦਰੱਖਤਾਂ ਦੇ ਤਣਿਆਂ 'ਤੇ ਮਿੱਟੀ ਦੀਆਂ ਉੱਚੀਆਂ-ਉੱਚੀਆਂ ਬੁਰਜੀਆਂ ਬਣਾ ਲਈਆਂ, ਫਿਰ ਉਨ੍ਹਾਂ ਨੇ ਡੂੰਘੀ ਅਤੇ ਚੌੜੀ ਖਾਈ ਪੁੱਟ ਦਿੱਤੀ ਤਾਂ ਕਿ ਆਪਣੇ-ਆਪ ਨੂੰ ਸੁਰੱਖਿਅਤ ਕਰ ਸਕਣ। ਪਰ ਇਸ ਦੇ ਬਾਵਜੂਦ ਵੀ ਮੁਗ਼ਲ ਫੌਜੀ, ਸਿੱਖਾਂ 'ਤੇ ਹਮਲਾ ਕਰਨ ਦੀ ਦਲੇਰੀ ਨਾ ਕਰ ਸਕੇ। ਅਬਦੁ ਸਮਦ ਖਾਨ, ਸਿੱਖਾਂ ਨੂੰ ਕਾਬੂ ਕਰਨ ਦੀਆਂ ਸਾਰੀਆਂ ਉਮੀਦਾਂ ਛੱਡ ਚੁੱਕਾ ਸੀ ਕਿਉਂਕਿ ਸਿੱਖ ਫ਼ੌਜੀ ਗੋਲੀਆਂ ਅਤੇ ਤੀਰ ਚਲਾਉਂਦੇ

ਸਨ ਅਤੇ ਮੁਗ਼ਲ ਸਿਪਾਹੀਆਂ ਨੂੰ ਕਿਲ੍ਹੇ ਦੇ ਕੋਲ ਨਹੀਂ ਸਨ ਆਉਣ ਦਿੰਦੇ। ਫਿਰ ਮੁਗ਼ਲ ਫ਼ੌਜੀਆਂ ਨੇ ਜ਼ਮੀਨ ਦੇ ਹੇਠਾਂ ਸੁਰੰਗ ਬਣਾਉਣੀ ਸ਼ੁਰੂ ਕਰ ਦਿੱਤੀ ਤਾਂ ਕਿ ਕਿਲ੍ਹੇ ਅੰਦਰ ਪਹੁੰਚਿਆ ਜਾ ਸਕੇ। ਇਸ ਤਰ੍ਹਾਂ ਅਬਦੁ ਸਮਦ ਖਾਨ ਦੀ ਫੌਜ ਹੌਲੀ-ਹੌਲੀ ਕਿਲ੍ਹੇ ਦੇ ਗੇਟ ਕੋਲ ਪਹੁੰਚੀ ਗਈ। ਜ਼ਕਰੀਆ ਖਾਨ ਦੂਜੇ ਪਾਸੇ ਤੋਂ ਕਿਲ੍ਹੇ ਦੇ ਗੇਟ 'ਤੇ ਕਾਬੂ ਪਾਉਣ ਵਿਚ ਕਾਮਯਾਬ ਹੋ ਗਿਆ। ਇਸੇ ਸਮੇਂ ਦੌਰਾਨ ਕਮਰਦੀਨ, ਉਸ ਤੰਗ ਰਾਹ 'ਤੇ ਕਾਬੂ ਪਾਉਣ ਵਿਚ ਕਾਮਯਾਬ ਹੋ ਗਿਆ ਜਿੱਥੋਂ ਗੋਲੀਆਂ ਦਾਗੀਆਂ ਜਾਂਦੀਆਂ ਸਨ।

ਇਹ ਘੇਰਾ ੮ ਮਹੀਨੇ ਤਕ ਚਲਦਾ ਰਿਹਾ ਅਤੇ ਸਿੱਖਾਂ ਦੀ ਸਾਰੀ ਖੁਰਾਕ ਖ਼ਤਮ ਹੋ ਗਈ ਸੀ। ਕਿਲ੍ਹੇ ਦੇ ਅੰਦਰ ਸਿੱਖ ਭੁੱਖ ਨਾਲ ਦੁਖੀ ਸਨ। ਬਾਬਾ ਬਿਨੋਦ ਸਿੰਘ ਦੀ ਰਾਇ ਸੀ ਕਿ ਕਿਲ੍ਹੇ ਦਾ ਘੇਰਾ ਤੋੜ ਕੇ ਉਨ੍ਹਾਂ ਨੂੰ ਬਚ ਕੇ ਨਿਕਲ ਜਾਣਾ ਚਾਹੀਦਾ ਹੈ ਪਰ ਬਾਬਾ ਬੰਦਾ ਸਿੰਘ ਇਸ ਗੱਲ ਦੇ ਹੱਕ ਵਿਚ ਨਹੀਂ ਸਨ। ਜਦੋਂ ਇਸ ਮਸਲੇ ਨੂੰ ਜੰਗੀ ਕੌਂਸਲ ਵਿਚ ਵਿਚਾਰਿਆ ਗਿਆ ਤਾਂ ਬਾਬਾ ਬੰਦਾ ਸਿੰਘ ਅਤੇ ਬਾਬਾ ਬਿਨੋਦ ਸਿੰਘ ਵਿਚ ਤਲਖ਼ੀ ਪੈਦਾ ਹੋ ਗਈ। ਪਰ ਬਾਬਾ ਬਿਨੋਦ ਸਿੰਘ ਦਾ ਪੁੱਤਰ ਕਾਹਨ ਸਿੰਘ ਵਿਚ ਆ ਗਿਆ। ਬਾਬਾ ਬਿਨੋਦ ਸਿੰਘ ਕਿਲ੍ਹੇ ਵਿੱਚੋਂ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਘੋੜੇ 'ਤੇ ਬੈਠ ਤਲਵਾਰ ਹੱਥ ਵਿਚ ਲਈ ਅਤੇ ਕਿਲ੍ਹੇ ਤੋਂ ਤੇਜ਼ੀ ਨਾਲ ਬਾਹਰ ਆਏ ਤੇ ਘੇਰਾ ਪਾਉਣ ਵਾਲਿਆਂ ਦੀ ਪਹੁੰਚ ਤੋਂ ਦੂਰ ਚਲੇ ਗਏ।

ਕਿਲ੍ਹੇ ਵਿਚ ਖੁਰਾਕ ਅਤੇ ਹੋਰ ਵਸਤੂਆਂ ਬਿਲਕੁਲ ਖਤਮ ਹੋ ਗਈਆਂ ਸਨ, ਜਿਸ ਕਰਕੇ ਉੱਥੋਂ ਦੀ ਸਥਿਤੀ ਬੜੀ ਗੰਭੀਰ ਬਣੀ ਹੋਈ ਸੀ। ਇੱਥੋਂ ਤਕ ਕਿ ਉਨ੍ਹਾਂ ਨੂੰ ਘਾਹ ਅਤੇ ਦਰੱਖਤਾਂ ਦੇ ਪੱਤੇ ਖਾਣੇ ਪਏ; ਪਰ ਹੁਣ ਉਹ ਵੀ ਖ਼ਤਮ ਹੋ ਗਏ ਸਨ। ਉਹ ਦਿਨੋਂ-ਦਿਨ ਕਮਜ਼ੋਰ ਅਤੇ ਬਿਮਾਰ ਹੋ ਰਹੇ ਸਨ। ਕਈ ਸਿੱਖ ਮਰ ਰਹੇ ਸਨ ਅਤੇ ਮਰੇ ਹੋਏ ਸਿੱਖਾਂ ਤੇ ਜਾਨਵਰਾਂ ਦੇ ਸਰੀਰਾਂ ਦੀ ਬਦਬੂ ਕਾਰਨ ਉੱਥੇ ਰਹਿਣਾ ਵੀ ਮੁਸ਼ਕਲ ਹੋ ਗਿਆ ਸੀ।

੮ ਮਹੀਨਿਆਂ ਬਾਅਦ ੭ ਦਸੰਬਰ, ੧੭੧੫ ਈ. ਨੂੰ ਮੁਗਲਾਂ ਨੇ ਕਿਲ੍ਹੇ 'ਤੇ ਕਾਬੂ ਪਾ ਲਿਆ ਪਰ ਅਜੇ ਵੀ ਮੁਗ਼ਲ ਫੌਜਾਂ ਕਿਲ੍ਹੇ ਦੇ ਅੰਦਰ ਦਾਖ਼ਲ ਹੋਣ ਦਾ ਹੌਂਸਲਾ ਨਹੀਂ ਸਨ ਕਰ ਰਹੀਆਂ। ਭੁੱਖਮਰੀ ਕਾਰਨ ਸਿੱਖ ਪਿੰਜਰ ਬਣ ਚੁੱਕੇ ਸਨ ਜੋ ਆਪਣੇ ਹਥਿਆਰ ਵੀ ਨਹੀਂ ਸਨ ਚੁੱਕ ਸਕਦੇ। ਮੁਗ਼ਲ ਸਿਪਾਹੀਆਂ ਨੇ ਕਿਲ੍ਹੇ ਅੰਦਰ ਵੜ ਕੇ, ਪਹਿਲਾਂ ਹੀ ਅੱਧ ਮਰੇ ਹੋਏ ਸਿੱਖ ਸਿਪਾਹੀਆਂ ਵਿੱਚੋਂ ਕਈਆਂ ਨੂੰ ਮਾਰ ਦਿੱਤਾ। ਇਸ ਜਿੱਤ ਦੀ ਖ਼ਬਰ ਬਾਦਸ਼ਾਹ ਫਰਖਸੀਅਰ ਨੂੰ ੧੨ ਦਸੰਬਰ, ੧੭੧੫ ਨੂੰ ਦਿੱਤੀ ਗਈ, ਜਿਸ ਸਮੇਂ ਬਾਦਸ਼ਾਹ ਪਹਿਲਾਂ ਹੀ ਜਹਾਂਦਾਰ ਸ਼ਾਹ 'ਤੇ ਜਿੱਤ ਦੇ ਜਸ਼ਨ ਮਨਾ ਰਿਹਾ ਸੀ।

ਸਿੱਖ ਇਹ ਮਹਿਸੂਸ ਕਰ ਰਹੇ ਸਨ ਕਿ ਇਹ ਸਭ ਕੁਝ ਪਰਮਾਤਮਾ ਦੀ ਮਰਜ਼ੀ ਕਰਕੇ ਹੋਇਆ ਹੈ ਨਹੀਂ ਤਾਂ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਚਾਰ ਸ਼ਹਿਜ਼ਾਦਿਆਂ, ਸਾਰੇ ਕਮਾਂਡਰਾਂ ਅਤੇ ੬੦ ਹਜ਼ਾਰ ਸਿਪਾਹੀਆਂ ਨਾਲ ਲੋਹਗੜ੍ਹ ਦੇ

ਕਿਲ੍ਹੇ ਵਿਚ ਉਨ੍ਹਾਂ 'ਤੇ ਕਾਬੂ ਨਹੀਂ ਸੀ ਪਾ ਸਕਿਆ। ਪਰ ਹੁਣ ਉਨ੍ਹਾਂ ਇਹ ਕੰਮ ਕਰ ਲਿਆ ਹੈ।

ਮੁਗ਼ਲ ਫ਼ੌਜਾਂ ਸਿੱਖਾਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ, ਦੱਬੇ ਹੋਏ ਖ਼ਜ਼ਾਨੇ ਅਤੇ ਸੋਨੇ ਦੀ ਤਲਾਸ਼ ਵਿਚ ਰੁੱਝ ਗਈਆਂ। ਪਰ ਕਿਲ੍ਹੇ ਦੀ ਖੋਜ ਵਿੱਚੋਂ ਉਨ੍ਹਾਂ ਨੂੰ ਬਹੁਤਾ ਕੁਝ ਨਾ ਮਿਲਿਆ। ਉਨ੍ਹਾਂ ਨੇ ਕੁਝ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਉਨ੍ਹਾਂ ਦੇ ਸਿਰ ਕਲਮ ਕਰ ਦਿੱਤੇ। ਦੁਨੀ ਚੰਦ ਦੀ ਹਵੇਲੀ ਨੂੰ ਢਾਹ ਕੇ ਇਕ ਥੇਹ ਵਿਚ ਬਦਲ ਦਿੱਤਾ ਗਿਆ।

ਫ਼ੌਜੀਆਂ ਨੂੰ ਹੁਕਮ ਹੋਇਆ ਕਿ ਉਹ ਸਿੱਖਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲੈ ਆਉਣ। ਪਰ ਉਨ੍ਹਾਂ ਨੂੰ ਡਰ ਸੀ ਕਿ ਬਾਬਾ ਬੰਦਾ ਸਿੰਘ, ਕਿਸੇ ਵੀ ਵੇਲੇ ਉਨ੍ਹਾਂ ਕੋਲੋਂ ਭੱਜ ਜਾਵੇਗਾ। ਇਸ ਲਈ ਉਨ੍ਹਾਂ ਦੇ ਪੈਰਾਂ ਵਿਚ ਬੇੜੀਆਂ, ਗਲ਼ ਵਿਚ ਚੱਕਰ ਅਤੇ ਉਨ੍ਹਾਂ ਦੇ ਲੱਕ ਦੁਆਲੇ ਇਕ ਸੰਗਲ ਪਾਇਆ ਗਿਆ। ਉਨ੍ਹਾਂ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਕੇ ਹਾਥੀ 'ਤੇ ਬਿਠਾਇਆ ਗਿਆ। ਉਨ੍ਹਾਂ ਦੇ ਨਾਲ, ਸਿਪਾਹੀਆਂ ਨੂੰ ਤਾਇਨਾਤ ਕੀਤਾ ਗਿਆ। ਇਸ ਤਰ੍ਹਾਂ ਹੀ ਹੋਰ ਸਿੱਖ ਮੁਖੀਆਂ ਨੂੰ ਲੋਹੇ ਦੇ ਪਿੰਜਰਿਆਂ ਵਿਚ ਪਾਇਆ ਗਿਆ ਅਤੇ ਉਨ੍ਹਾਂ ਨੂੰ ਵੀ ਊਠਾਂ ਅਤੇ ਖੋਤਿਆਂ 'ਤੇ ਬਿਠਾਇਆ ਗਿਆ। ਉਨ੍ਹਾਂ ਦੇ ਸਿਰਾਂ 'ਤੇ ਕਾਗਜ਼ ਦੀਆਂ ਟੋਪੀਆਂ ਪਾਈਆਂ ਗਈਆਂ। ਉਨ੍ਹਾਂ ਦੇ ਅੱਗੇ-ਅੱਗੇ ਮੁਗ਼ਲ ਸਿਪਾਹੀ, ਵਾਜਿਆਂ ਵਾਲੇ ਅਤੇ ਢੋਲ ਵਜਾਉਣ ਵਾਲੇ ਚੱਲ ਰਹੇ ਸਨ। ਮੁਗ਼ਲ ਸਿਪਾਹੀ ਸਿੱਖਾਂ ਦੇ ਸਿਰਾਂ ਨੂੰ ਬਰਛਿਆਂ 'ਤੇ ਟੰਗ ਕੇ ਗ੍ਰਿਫ਼ਤਾਰ ਕੀਤੇ ਸਿੱਖਾਂ ਪਿੱਛੇ ਚੱਲ ਰਹੇ ਸਨ। ਮੁਗ਼ਲ ਫ਼ੌਜੀ ਅਤੇ ਹਿੰਦੂ ਰਾਜੇ ਜਿਨ੍ਹਾਂ ਨੇ ਇਸ ਮੁਹਿੰਮ ਵਿਚ ਹਿੱਸਾ ਲਿਆ ਸੀ, ਉਹ ਆਪਣੀਆਂ ਫ਼ੌਜਾਂ ਦੇ ਅੱਗੇ-ਅੱਗੇ ਚੱਲ ਰਹੇ ਸਨ।

ਬਾਬਾ ਬੰਦਾ ਸਿੰਘ ਅਤੇ ਹੋਰ ਸਿੱਖਾਂ ਨੂੰ ਲਾਹੌਰ ਲਿਆਂਦਾ ਗਿਆ। ਗ੍ਰਿਫ਼ਤਾਰ ਸਿੱਖਾਂ ਨੂੰ ਦਿੱਲੀ ਭੇਜਣ ਤੋਂ ਪਹਿਲਾਂ ਲਾਹੌਰ ਵਿਚ ਕਈ ਦਿਨ ਰੱਖਿਆ। ਬਾਅਦ ਵਿਚ ਅਬਦੁ ਸਮਦ ਖ਼ਾਨ ਨੇ ਬਾਦਸ਼ਾਹ ਤੋਂ ਉਨ੍ਹਾਂ ਨੂੰ ਦਿੱਲੀ ਲਿਆਉਣ ਦੀ ਇਜਾਜ਼ਤ ਮੰਗੀ। ਬਾਦਸ਼ਾਹ ਨੇ ਸੁਨੇਹਾ ਭੇਜਿਆ ਕਿ ਉਹ ਆਪ ਲਾਹੌਰ ਰਹੇ ਤੇ ਰਾਜ ਪ੍ਰਬੰਧ ਵੇਖੇ, ਜਦ ਕਿ ਕੈਦੀਆਂ ਨੂੰ ਆਪਣੇ ਪੁੱਤਰ ਜ਼ਕਰੀਆ ਖ਼ਾਨ ਅਤੇ ਮੁਹੰਮਦ ਅਮੀਨ ਦੇ ਪੁੱਤਰ ਕਮਰ ਉਦ ਦੀਨ ਦੇ ਨਾਲ ਭੇਜ ਦੇਵੇ। ਜ਼ਕਰੀਆ ਖਾਨ ਨੇ ਸੋਚਿਆ ਕਿ ੨੦੦ ਸਿੱਖਾਂ ਦੇ ਸਿਰ ਬਹੁਤ ਘੱਟ ਗਿਣਤੀ ਹੈ, ਇਸ ਲਈ ਉਸ ਨੇ ਹੁਕਮ ਦਿੱਤਾ ਕਿ ਜਿੱਥੇ ਵੀ ਸਿੱਖ ਮਿਲਣ, ਉਹ ਮਾਰ ਦਿੱਤੇ ਜਾਣ ਅਤੇ ਉਨ੍ਹਾਂ ਦੇ ਸਿਰ ਉਸ ਕੋਲ ਲਿਆਂਦੇ ਜਾਣ। ਇਸ ਤਰ੍ਹਾਂ ਬੇਕਸੂਰਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕਰ ਦਿੱਤਾ ਗਿਆ। ਇਸ ਤਰ੍ਹਾਂ ਸਿੱਖਾਂ ਦੇ ਮ੍ਰਿਤਕ ਸਰੀਰਾਂ ਨਾਲ ਲੱਦੇ ੭੦੦ ਗੱਡੇ ਦਿੱਲੀ ਵੱਲ ਭੇਜੇ ਗਏ।

ਸਿੱਖਾਂ ਨੂੰ ਗ਼ੈਰ-ਮਨੁੱਖੀ ਢੰਗ ਨਾਲ ਉੱਥੇ ਲਿਆਂਦਾ ਗਿਆ। ਜਦੋਂ ਇਹ ਜਲੂਸ ਸਰਹਿੰਦ ਸ਼ਹਿਰ ਪਹੁੰਚਿਆ ਤਾਂ ਸਿੱਖਾਂ ਸੰਬੰਧੀ ਬਹੁਤ ਹੀ ਗੰਦੀ ਭਾਸ਼ਾ ਵਰਤੀ ਗਈ। ਪਰ ਸਿੱਖ ਚੁੱਪ ਅਤੇ ਸ਼ਾਂਤ ਰਹੇ, ਸਿੱਖਾਂ ਵੱਲੋਂ ਜਵਾਬ ਵਿਚ ਕੋਈ ਗ਼ਲਤ ਗੱਲ ਨਹੀਂ ਕੀਤੀ ਗਈ।

ਸਿੱਖ ਕੈਦੀ ਵੀ ਪੂਰੀ ਤਰ੍ਹਾਂ ਸ਼ਾਂਤ ਸਨ ਅਤੇ ਇਸ ਨੂੰ ਪਰਮਾਤਮਾ ਦੀ ਮਰਜ਼ੀ ਸਮਝਦੇ ਸਨ।

ਇਹ ਜਲੂਸ ੨੭ ਫਰਵਰੀ, ੧੭੧੬ ਈ. ਨੂੰ ਔਰੰਗਾਬਾਦ ਪਹੁੰਚ ਗਿਆ ਅਤੇ ਇਮਤਾਦ ਉਦ ਦੀਨ ਦੌਲਾ ਨੇ ਉਨ੍ਹਾਂ ਨੂੰ ਦਿੱਲੀ ਲਿਆਉਣ ਲਈ ਕਰਮਚਾਰੀਆਂ ਨੂੰ ਭੇਜਿਆ। ਇਹ ਜਲੂਸ ੨੯ ਫਰਵਰੀ, ੧੭੧੬ ਈ. ਨੂੰ ਇਕ ਪਰੇਡ ਦੇ ਰੂਪ ਵਿਚ ਦਿੱਲੀ ਪਹੁੰਚਿਆ।

ਸਭ ਤੋਂ ਪਹਿਲੀ ਲਾਈਨ ਵਿਚ ੨ ਹਜ਼ਾਰ ਸਿੱਖਾਂ ਦੇ ਸਿਰ ਟੰਗੇ ਹੋਏ ਸਨ ਜਿਨ੍ਹਾਂ ਵਿਚ ਤੂੜੀ ਭਰੀ ਹੋਈ ਸੀ ਅਤੇ ਉਨ੍ਹਾਂ ਦੇ ਲੰਮੇ ਵਾਲ ਹਵਾ ਵਿਚ ਲਹਿਰਾ ਰਹੇ ਸਨ। ਭਾਵੇਂ ਉਹ ਜੰਗੀ ਕੈਦੀ ਸਨ ਪਰ ਉਨ੍ਹਾਂ ਨਾਲ ਬੜਾ ਹੀ ਭੱਦਾ ਵਿਵਹਾਰ ਕੀਤਾ ਜਾ ਰਿਹਾ ਸੀ। ਉਨ੍ਹਾਂ ਤੋਂ ਬਾਅਦ ਇਕ ਮਰੀ ਹੋਈ ਬਿੱਲੀ ਸੀ ਜੋ ਇਹ ਦਰਸਾਉਂਦੀ ਸੀ ਕਿ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਕੋਈ ਬਿੱਲੀ ਜਾਂ ਕੁੱਤਾ ਵੀ ਨਹੀਂ ਛੱਡਿਆ ਗਿਆ। ਉਨ੍ਹਾਂ ਦੇ ਮਗਰ ਬਾਬਾ ਬੰਦਾ ਸਿੰਘ ਇਕ ਹਾਥੀ 'ਤੇ ਪਿੰਜਰੇ ਵਿਚ ਬੰਦ ਸੀ ਅਤੇ ਮਜ਼ਾਕ ਨਾਲ ਉਨ੍ਹਾਂ ਦੇ ਸਿਰ 'ਤੇ ਲਾਲ ਰੰਗ ਦੇ ਤਿੱਲੇ ਦੀ ਪੱਗ ਬੰਨ੍ਹੀ ਹੋਈ ਸੀ ਜਿਸ 'ਤੇ ਮੋਤੀਆਂ ਦੀ ਕਢਾਈ ਕੀਤੀ ਹੋਈ ਸੀ ਅਤੇ ਤਿੱਲੇ ਦੀ ਕਢਾਈ ਕੀਤੀ, ਅਨਾਰਾਂ ਦੇ ਫੁੱਲਾਂ ਨਾਲ ਭਰੀ, ਗੂੜ੍ਹੇ ਲਾਲ ਰੰਗ ਦੀ ਪੁਸ਼ਾਕ ਪਹਿਨਾਈ ਗਈ ਸੀ। ਉਸ ਦੇ ਬਿਲਕੁਲ ਨੇੜੇ ਮੁਗ਼ਲ ਫ਼ੌਜਾਂ ਦਾ ਇਕ ਸਿਪਾਹੀ ਆਪਣੇ ਹੱਥ ਵਿਚ ਤਲਵਾਰ ਲੈ ਕੇ ਖੜ੍ਹਾ ਸੀ। ਜਿਸ ਤੋਂ ਲੱਗਦਾ ਸੀ ਕਿ ਅਜੇ ਵੀ ਮੁਗ਼ਲ ਫ਼ੌਜ ਬਾਬਾ ਬੰਦਾ ਸਿੰਘ ਕੋਲੋਂ ਡਰਦੀ ਹੈ ਤੇ ਅਜੇ ਵੀ ਉਨ੍ਹਾਂ ਨੂੰ ਉਸ ਦੇ ਬਚ ਕੇ ਨਿਕਲਣ ਦਾ ਸ਼ੱਕ ਹੈ। ਬਾਕੀ ੭੪੦ ਕੈਦੀ ਬਾਬਾ ਬੰਦਾ ਸਿੰਘ ਬਹਾਦਰ ਦੇ ਹਾਥੀ ਦੇ ਪਿੱਛੇ ਸਨ ਅਤੇ ਉਨ੍ਹਾਂ ਨੂੰ ਊਠਾਂ 'ਤੇ ਬੰਨ੍ਹਿਆ ਹੋਇਆ ਸੀ। ਇਕ ਮਜ਼ਾਕੀਆ ਕਿਸਮ ਦੀ ਟੋਪੀ ਉਨ੍ਹਾਂ ਦੇ ਸਿਰਾਂ 'ਤੇ ਵੀ ਪਾਈ ਹੋਈ ਸੀ। ਉਨ੍ਹਾਂ ਦਾ ਇਕ ਹੱਥ ਉਨ੍ਹਾਂ ਦੇ ਗਲ ਨਾਲ ਬੰਨ੍ਹਿਆ ਹੋਇਆ ਸੀ ਅਤੇ ਉਨ੍ਹਾਂ ਦਾ ਗਲ਼ ਦੋ ਲੱਕੜਾਂ ਦੇ ਟੋਟਿਆਂ ਵਿਚ ਜਕੜਿਆ ਹੋਇਆ ਸੀ, ਜਿਨ੍ਹਾਂ ਨੂੰ ਲੋਹੇ ਦੇ ਕਿੱਲਾਂ ਨਾਲ ਇਕ ਦੂਜੇ ਨਾਲ ਜੋੜਿਆ ਹੋਇਆ ਸੀ। ਕੁਝ ਸਿੱਖ ਕਮਾਂਡਰਾਂ ਦੇ ਖੱਲ ਪਾਈ ਹੋਈ ਸੀ। ਇਸ ਤਰ੍ਹਾਂ ਉਨ੍ਹਾਂ ਜੰਗੀ ਕੈਦੀਆਂ ਨਾਲ ਬੜੇ ਹੀ ਬੇਹੂਦਾ ਢੰਗ ਦਾ ਵਿਵਹਾਰ ਕੀਤਾ ਗਿਆ, ਜੋ ਸਰਾਸਰ ਗ਼ਲਤ ਅਤੇ ਅਣ-ਮਨੁੱਖੀ ਸੀ।

ਜਲੂਸ ਦੇ ਅਖੀਰ ਵਿਚ ਇਹਤਮਾਦ ਦੌਲਾ, ਨਵਾਬ ਅਮੀਨ ਖ਼ਾਨ ਚਿਨ-ਬਰਾਦਰ, ਉਸ ਦਾ ਪੁੱਤਰ ਕਮਰ ਉਦ ਦੀਨ ਖ਼ਾਨ ਅਤੇ ਲਾਹੌਰ ਦੇ ਗਵਰਨਰ ਅਬਦੁਸਮਦ ਖਾਨ ਦਾ ਪੁੱਤਰ ਜ਼ਕਰੀਆ ਖਾਨ ਸਨ। ਔਰੰਗਾਬਾਦ ਤੋਂ ਦਿੱਲੀ ਤਕ ਦੀ ਸੜਕ 'ਤੇ ਮੁਗ਼ਲ ਫ਼ੌਜ ਦੋਵਾਂ ਪਾਸਿਆਂ 'ਤੇ ਖੜ੍ਹੀ ਸੀ। ਦੋਵੇਂ ਪਾਸੇ ਹੀ ਉਨ੍ਹਾਂ ਕੈਦੀਆਂ ਨੂੰ ਵੇਖਣ ਲਈ ਭੀੜ ਜਮ੍ਹਾਂ ਸੀ।

ਬਹੁਤ ਸਾਰੇ ਇਤਿਹਾਸਕਾਰਾਂ ਨੇ ਇਹ ਲਿਖਿਆ ਹੈ ਕਿ ਕਿਸੇ ਵੀ ਸਿੱਖ ਦੇ ਚਿਹਰੇ 'ਤੇ ਕੋਈ ਵੀ ਉਦਾਸੀ ਦਾ ਚਿੰਨ੍ਹ ਨਹੀਂ ਸੀ ਅਤੇ ਉਹ ਪੂਰੀ ਤਰ੍ਹਾਂ ਸ਼ਾਂਤ ਸਨ। ਉਨ੍ਹਾਂ ਨੇ ਸੁਆਲ ਪੁੱਛਣ ਵਾਲਿਆਂ ਨੂੰ ਜਵਾਬ ਵੀ ਬੜੀ ਹੀ ਸ਼ਾਂਤੀ ਨਾਲ ਦਿੱਤੇ। ਜੇ

ਕੋਈ ਉਨ੍ਹਾਂ ਨੂੰ ਇਹ ਕਹਿੰਦਾ ਕਿ ਇਹ ਤੁਹਾਡੀਆਂ ਜ਼ਿਆਦਤੀਆਂ ਕਰਕੇ ਹੋਇਆ ਹੈ ਤਾਂ ਇਸ ਦੇ ਜਵਾਬ ਵਿਚ ਉਹ ਸਿਰਫ਼ ਏਨਾ ਹੀ ਕਹਿੰਦੇ ਕਿ ਇਹ ਪਰਮਾਤਮਾ ਦੇ ਹੁਕਮ ਕਰਕੇ ਹੋਇਆ ਹੈ। ਜੇ ਕੋਈ ਇਹ ਕਹਿੰਦਾ ਕਿ ਹੁਣ ਉਹ ਮਾਰੇ ਜਾਣਗੇ ਤਾਂ ਉਹ ਇਹ ਜਵਾਬ ਦਿੰਦੇ ਕਿ, "ਮੌਤ ਤੋਂ ਕੌਣ ਡਰਦਾ ਹੈ, ਸਾਨੂੰ ਮਾਰ ਦਿਉ!" ਜੇ ਕੋਈ ਇਹ ਕਹਿੰਦਾ ਕਿ ਇਹ ਤੁਹਾਡੇ ਘਮੰਡ ਕਰਕੇ ਹੋਇਆ ਹੈ ਤਾਂ ਉਹ ਆਪਣਾ ਹੱਥ ਮੱਥੇ 'ਤੇ ਰੱਖ ਕੇ ਕਹਿੰਦੇ, ਇਹ ਪਹਿਲਾਂ ਹੀ ਲਿਖਿਆ ਹੋਇਆ ਸੀ। ਉਨ੍ਹਾਂ ਦੇ ਚਿਹਰਿਆਂ 'ਤੇ ਅਜੀਬ ਜੋਸ਼ ਸੀ ਅਤੇ ਉਹ ਸ਼ਹੀਦ ਹੋਣ ਲਈ ਕਾਹਲੇ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਉਦਾਸੀ ਦਾ ਕੋਈ ਨਿਸ਼ਾਨ ਨਹੀਂ ਸੀ।

ਇਨ੍ਹਾਂ ਕੈਦੀਆਂ ਦਾ ਜਲੂਸ ਕਿਲ੍ਹੇ ਵਿਚ ਪਹੁੰਚਿਆ ਅਤੇ ਉੱਥੇ ਉਨ੍ਹਾਂ ਨੂੰ ਇਕ ਵੱਖਰੀ ਜੇਲ੍ਹ ਵਿਚ ਬੰਦ ਕਰ ਦਿੱਤਾ। ਬਾਬਾ ਬੰਦਾ ਸਿੰਘ, ਬਾਬਾ ਬਾਜ ਸਿੰਘ, ਭਾਈ ਫ਼ਤਹਿ ਸਿੰਘ ਅਤੇ ਕੁਝ ਹੋਰਾਂ ਨੂੰ ਤਰੀਪੋਲਾ ਦੀ ਜੇਲ੍ਹ ਵਿਚ ਇਬਰਾਹੀਮ ਉਦ ਦੀਨ ਦੀ ਨਿਗਰਾਨੀ ਹੇਠ ਰੱਖਿਆ ਗਿਆ। ਫਰੱਖਸੀਅਰ ਦੇ ਹੁਕਮ 'ਤੇ ਬਾਬਾ ਬੰਦਾ ਸਿੰਘ ਦੀ ਪਤਨੀ ਅਤੇ ਉਸ ਦਾ ਚਾਰ ਸਾਲ ਦਾ ਪੁੱਤਰ ਹਰਮ ਦੇ ਨਾਜਰ ਦਰਬਾਰ ਖਾਨ ਨੂੰ ਦੇ ਦਿੱਤੇ ਗਏ ਅਤੇ ਬਾਕੀ ਦੇ ਸਿੱਖਾਂ ਨੂੰ ਸਰਬਰਾਹ ਖ਼ਾਨ ਦੇ ਹਵਾਲੇ ਕਰ ਦਿੱਤਾ।

ਸਿੱਖ ਕੈਦੀਆਂ ਨੇ ਦਿੱਲੀ ਵਿਚ ਪਹੁੰਚਣ ਅਤੇ ਉਨ੍ਹਾਂ ਨੂੰ ਜੇਲ੍ਹ ਵਿਚ ਭੇਜਣ ਤੋਂ ਬਾਅਦ ਜ਼ਕਰੀਆ ਖ਼ਾਨ, ਕਮਰ ਉਦ ਦੀਨ ਖ਼ਾਨ ਅਤੇ ਅਮੀਨ ਖ਼ਾਨ ਨੂੰ ਬਾਦਸ਼ਾਹ ਨੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਫਿਰ ਜ਼ਕਰੀਆ ਖ਼ਾਨ ਨੇ ਉਹ ਸਭ ਕੁਝ ਪੇਸ਼ ਕੀਤਾ ਜੋ ਉਸ ਨੂੰ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚੋਂ ਮਿਲਿਆ ਸੀ ਅਤੇ ਉਸ ਨੂੰ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾ ਕਰਾ ਦਿੱਤਾ ਗਿਆ।

ਕਿਲ੍ਹੇ ਵਿੱਚੋਂ ਮਿਲਿਆ ਸਾਮਾਨ ਇਸ ਤਰ੍ਹਾਂ ਸੀ :-

ਤਲਵਾਰਾਂ	੧੦੦੦
ਢਾਲਾਂ	੨੭੮
ਤੀਰ ਅਤੇ ਕਮਾਨ	੧੭੮
ਤੀਲੀਆਂ ਦੀਆਂ ਡੱਬੀਆਂ	੧੮੦
ਡੈਗਰ ਅਤੇ ਜਮਰੂਦ	੧੧੪
ਲੰਮੇ ਚਾਕੂ	੨੧੭
ਸੋਨੇ ਦੀਆਂ ਮੋਹਰਾਂ	੨੭
ਰੁਪਏ ੬੦੦ ਤੋਂ ਕੁਝ ਥੋੜ੍ਹੇ ਜਿਹੇ ਵੱਧ	
ਸੋਨੇ ਦੇ ਗਹਿਣੇ	ਥੋੜ੍ਹੇ ਜਿਹੇ

(ਧੰਨਵਾਦ ਸਹਿਤ ਪੁਸਤਕ, *ਬਾਬਾ ਬੰਦਾ ਸਿੰਘ ਬਹਾਦਰ*, ਨੈਸ਼ਨਲ ਬੁੱਕ ਟਰੱਸਟ)

ਪੰਜਾਬ ਦੇ ਦੋਆਬੇ

*-ਸ. ਅਜ਼ਾਦ ਦੀਪ ਸਿੰਘ**

ਪੰਜਾਬ ਰਾਜ ਜੋ ਹਿੰਦੁਸਤਾਨ ਦਾ ਉੱਤਰ ਪੱਛਮੀ ਇਲਾਕਾ ਹੈ, ਦੋ ਫਾਰਸੀ ਸ਼ਬਦਾਂ 'ਪੰਜ ਤੇ 'ਆਬ' ਦੇ ਜੋੜ ਤੋਂ ਬਣਿਆ ਹੈ। ਪੰਜ ਦਾ ਅਰਥ ਪੰਜ ਤੇ 'ਆਬ' ਦਾ ਅਰਥ ਪਾਣੀ ਭਾਵ, ਪੰਜ ਪਾਣੀ। ਪੰਜ ਆਬ ਸ਼ਬਦ ਹੌਲੀ-ਹੌਲੀ ਪੰਜਾਬ ਸ਼ਬਦ ਬਣ ਗਿਆ। ਇਸ ਦਾ ਅਰਥ ਹੈ ਪੰਜ ਦਰਿਆਵਾਂ ਦਾ ਦੇਸ਼। ਯੂਨਾਨੀ ਇਤਿਹਾਸਕਾਰਾਂ ਨੇ ਪੰਜਾਬ ਨੂੰ ਪੈਂਟਾ ਪੂਟਾਮੀਆਂ ਲਿਖਿਆ ਹੈ। ਇਸ ਦੀ ਹੱਦਬੰਦੀ ਦੀ ਗੱਲ ਕਰੀਏ ਤਾਂ ਇਸ ਦੇ ਉੱਤਰ ਵਿਚ ਵਿਸ਼ਾਲ ਹਿਮਾਲਾ ਪਹਾੜਾਂ ਦੀ ਲੜੀ ਸੀ, ਜੋ ਇਸ ਨੂੰ ਚੀਨ, ਤਿੱਬਤ ਤੇ ਕਸ਼ਮੀਰ ਤੋਂ ਵੱਖ ਕਰਦੀ ਸੀ, ਪੂਰਬ ਵੱਲ ਦਰਿਆ ਯਮੁਨਾ, ਦੱਖਣ ਵਿਚ ਰਾਜਪੂਤਾਨਾ (ਰਾਜਸਥਾਨ) ਤੇ ਸੂਬਾ ਸਿੰਧ, ਪੱਛਮ ਵੱਲ ਸੁਲੇਮਾਨ ਪਹਾੜ ਦੀ ਲੜੀ ਸੀ, ਜੋ ਇਸ ਨੂੰ ਅਫਗਾਨਿਸਤਾਨ ਤੇ ਬਲੋਚਿਸਤਾਨ ਤੋਂ ਵੱਖਰਾ ਕਰਦੀ ਹੈ। ਇਸ ਦੇ ਉੱਚੇ ਹਿਮਾਲਾ ਪਹਾੜਾਂ ਦੀ ਲੜੀ ਵਿਚ ਚੰਬਾ, ਮੰਡੀ, ਸੁਕੇਤ, ਨਾਹਨ, ਸ਼ਿਮਲਾ, ਕਾਂਗੜਾ, ਕੁੱਲੂ, ਲਾਹੌਲ, ਸਪਿਤੀ ਅਤੇ ਡਲਹੌਜ਼ੀ ਆਦਿ ਦੀਆਂ ਖੂਬਸੂਰਤ ਵਾਦੀਆਂ ਸਨ। ਇਹ ਪਹਾੜੀ ਇਲਾਕਾ ਹੁਣ ਹਿਮਾਚਲ ਪ੍ਰਦੇਸ਼ ਨਾਂ ਦਾ ਵੱਖਰਾ ਸੂਬਾ ਬਣ ਚੁੱਕਾ ਹੈ। ਜੇ ਦੇਸ਼ ਪੰਜਾਬ ਦੇ ਭੂਗੋਲ ਦੀ ਗੱਲ ਕਰੀਏ ਤਾਂ ਇਸ ਵਿਚ ਸਭ ਤੋਂ ਵੱਡੀ ਵਿਸੇਸ਼ਤਾ ਇਸ ਦੇ ਦਰਿਆਵਾਂ ਦੀ ਹੈ, ਜੋ ਹਿਮਾਲਾ ਪਰਬਤਾਂ ਦੇ ਸੈਂਕੜੇ ਮੀਲਾਂ ਵਿੱਚੋਂ ਲੰਘ ਕੇ ਮੈਦਾਨੀ ਇਲਾਕੇ ਵਿਚ ਉੱਤਰ ਆਉਂਦੇ ਹਨ, ਅਖੀਰ ਦੱਖਣ ਵੱਲ ਵੱਡੇ ਦਰਿਆ ਸਿੰਧ ਵਿਚ ਜਾ ਮਿਲਦੇ ਹਨ, ਜਿਸ ਨੂੰ ਹਿੰਦੁਸਤਾਨ ਦਾ ਨੀਲ ਦਰਿਆ ਵੀ ਆਖਿਆ ਜਾਂਦਾ ਹੈ, ਅੰਤ ਇਹ ਸਾਰੇ ਦਰਿਆ ਸਮੁੰਦਰ ਵਿਚ ਜਾ ਡਿੱਗਦੇ ਹਨ। ਭਾਵੇਂ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਪਰ ਅਸਲ ਵਿਚ ਇਸ ਧਰਤੀ ਉੱਤੇ ਛੇ ਦਰਿਆ ਵਗਦੇ ਹਨ। ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ ਹਨ ਤੇ ਛੇਵਾਂ ਦਰਿਆ ਸਿੰਧ ਹੈ। ਸਿੰਧ ਦਰਿਆ ਨੂੰ ਵੀ ਪੰਜਾਬ ਦਾ ਦਰਿਆ ਮੰਨਿਆ ਜਾ ਸਕਦਾ ਹੈ, ਕਿਉਂਕਿ ਇਹ ਵੀ ਦੂਜੇ ਪੰਜ ਦਰਿਆਵਾਂ ਦੀ ਤਰ੍ਹਾਂ ਹਿਮਾਲਾ ਦੀਆਂ ਚੋਟੀਆਂ ਵਿੱਚੋਂ ਨਿਕਲਦਾ ਹੈ। ਸਿੰਧ ਦੂਜੇ ਪੰਜਾਂ ਦਰਿਆਵਾਂ ਤੋਂ ਵੱਡਾ ਹੈ ਤੇ ਇਹ ਪੰਜੇ ਦਰਿਆ ਵੱਖ-ਵੱਖ ਥਾਵਾਂ ਤੋਂ ਅਖੀਰ ਸਿੰਧ ਦਰਿਆ ਵਿਚ ਜਾ ਡਿੱਗਦੇ ਹਨ। ਪੰਜ ਦਰਿਆ ਜਿੱਥੇ ਸਿੰਧ ਦਰਿਆ ਵਿਚ ਜਾ ਕੇ ਮਿਲਦੇ ਹਨ, ਉਸ ਨੂੰ ਪੰਜਨਦ ਕਿਹਾ ਜਾਂਦਾ ਹੈ। ਸਿੰਧ ਦਰਿਆ ਕੈਲਾਸ਼ ਪਰਬਤ

* ਇੰਚਾਰਜ, ਟਰੱਸਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੧੨੯

ਵਿਚੋਂ ਨਿਕਲਦਾ ਹੈ, ਉਥੋਂ ਇਹ ਲੇਹ ਲੱਦਾਖ ਵਿਚ ਦਾਖ਼ਲ ਹੁੰਦਾ ਹੋਇਆ ਦਰਬੰਦ ਤੋਂ ਪੰਜਾਬ ਵਿਚ ਦਾਖ਼ਲ ਹੋ ਜਾਂਦਾ ਹੈ। ਇਹ ਦਰਿਆ ਦੁਨੀਆ ਦੇ ਵੱਡੇ ਦਰਿਆਵਾਂ ਵਿਚ ਗਿਣਿਆ ਜਾਂਦਾ ਹੈ। ਸਿੰਧੂ (ਭਾਵ ਸਾਗਰ) ਨੂੰ ਸੰਸਕ੍ਰਿਤ ਵਾਲੇ ਸਿੰਧੂ, ਯੂਨਾਨੀ ਸਿੰਥੂ, ਰੋਮਨ ਸਿੰਧਸ, ਚੀਨੀ ਸਿੰਟੋ ਅਤੇ ਇਰਾਨੀ ਆਬਿ ਸਿੰਧ ਆਖਦੇ ਹਨ। ਪਾਲਿਨੀ ਇਸ ਨੂੰ ਇੰਡਸ ਕਹਿੰਦਾ ਹੈ। ਦਰਿਆ ਜਿਹਲਮ ਅਕਾਰ ਦੇ ਲਿਹਾਜ਼ ਨਾਲ ਦੂਜੇ ਸਥਾਨ 'ਤੇ ਆਉਂਦਾ ਹੈ। ਪ੍ਰਾਚੀਨ ਕਾਲ ਵਿਚ ਇਸ ਨੂੰ ਹਾਈਡਸਪਸ ਕਿਹਾ ਜਾਂਦਾ ਸੀ। ਸੰਸਕ੍ਰਿਤ ਵਿਚ ਇਸ ਦਾ ਨਾਮ ਵਿਦਾਸਤਾ ਹੈ। ਸਥਾਨਕ ਬੋਲੀ ਵਿਚ ਇਸ ਨੂੰ ਵਾਯਾਤ ਤੇ ਬੇਬੂਤ ਆਖਦੇ ਹਨ। ਪੱਛਮ ਤੋਂ ਪੂਰਬ ਵੱਲ ਨੂੰ ਆਉਂਦਿਆਂ ਜਿਹਲਮ ਤੋਂ ਅੱਗੇ ਦਰਿਆ ਚਨਾਬ ਆਉਂਦਾ ਹੈ। ਹੋਰ ਪੂਰਬ ਵੱਲ ਅੱਗੇ ਰਾਵੀ ਦਰਿਆ ਹੈ। ਪਹਾੜੀ ਇਲਾਕਿਆਂ ਵਿਚ ਇਸ ਨੂੰ ਰਾਇਣਾ ਆਖਦੇ ਹਨ। ਜੰਮੂ ਇਲਾਕੇ ਵਿੱਚੋਂ ਨਿਕਲਣ ਵਾਲੀ ਤਵੀ ਨਦੀ ਵੀ ਇਸ ਵਿਚ ਆ ਕੇ ਮਿਲਦੀ ਹੈ। ਪੱਛਮ ਤੋਂ ਪੂਰਬ ਵੱਲ ਚਲਦਿਆਂ ਇਸ ਤੋਂ ਅੱਗੇ ਦਰਿਆ ਬਿਆਸ ਆਉਂਦਾ ਹੈ। ਯੂਨਾਨੀ ਭੂਗੋਲਕਾਰਾਂ ਨੇ ਇਸ ਦਾ ਨਾਮ ਹਾਈਫੇਸਿਸ ਲਿਖਿਆ ਹੈ। ਪਟੋਲਮੀ ਨੇ ਇਸ ਨੂੰ ਬਿਹਾਸਿਸ, ਪਲੀਨੀ ਨੇ ਹਾਈਪਾਸਿਸ, ਸੰਸਕ੍ਰਿਤ ਵਿਚ ਵਿਆਸ ਨਾਮ ਹੈ। ਇਸ ਤੋਂ ਹੋਰ ਪੂਰਬ ਵੱਲ ਸਤਲੁਜ ਦਰਿਆ ਆਉਂਦਾ ਹੈ। ਜਿਸ ਨੂੰ ਪੁਰਾਤਨ ਸਮੇਂ ਵਿਚ ਹੇਸੁ ਡਰੂਸ ਕਿਹਾ ਜਾਂਦਾ ਸੀ। ਇਸ ਨੂੰ 'ਆਇਨ-ਏ-ਅਕਬਰੀ' ਨੇ 'ਸੇਤਲੂਜ' ਸੰਸਕ੍ਰਿਤ ਵਾਲਿਆ ਨੇ 'ਸਤਾਦਰੂ' ਲਿਖਿਆ ਹੈ। ਇਹ ਦਰਿਆ ਹਰੀਕੇ ਪੱਤਨ ਕੋਲ ਬਿਆਸ ਨਾਲ ਜਾ ਮਿਲਦਾ ਹੈ। 'ਰਿਗਵੇਦ' ਵਿਚ ਪੰਜਾਬ ਨੂੰ ਸਪਤ ਸਿੰਧਵਾਂ ਕਿਹਾ ਗਿਆ ਹੈ, 'ਰਿਗਵੇਦ' ਵਿਚ ਸਿੰਧੂ (ਸਿੰਧ) ਵਿਤਸਤਾ (ਜਿਹਲਮ) ਅਸੈਸਣੀਸ (ਚਨਾਬ) ਐਰਾਵਤੀ (ਰਾਵੀ) ਵਿਪਾਸਾ (ਬਿਆਸ) ਸਤਾਦਰੂ (ਸਤਲੁਜ) ਤੇ ਸਰਸਵਤੀ ਦਾ ਵਰਨਣ ਹੈ। ਵਿਦਵਾਨਾਂ ਦੇ ਕਿਆਸ ਅਨੁਸਾਰ ਸੱਤਵਾਂ ਦਰਿਆ ਸਰਸਵਤੀ ਥਨੇਸਰ ਦੇ ਕੋਲ ਵਹਿਣ ਵਾਲੀ ਸਰਸਵਤੀ ਹੈ। ਸਮੇਂ ਅਨੁਸਾਰ ਆਈਆਂ ਭੂਗੋਲਿਕ ਤਬਦੀਲੀਆਂ ਕਾਰਨ ਸਰਸਵਤੀ ਦਰਿਆ ਹੁਣ ਖਤਮ ਹੋ ਚੁਕਾ ਹੈ।

ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੋਆਬਾ ਕਿਹਾ ਜਾਂਦਾ ਹੈ। ਦੋ ਆਬ ਯਾਨੀ ਦੋ ਪਾਣੀ। ਪੰਜਾਬ ਦਾ ਮੈਦਾਨੀ ਇਲਾਕਾ ਦੋਆਬਿਆਂ ਵਿਚ ਵੰਡਿਆ ਹੋਇਆ ਹੈ। ਆਮ ਤੌਰ 'ਤੇ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਦੋਆਬਾ ਕਿਹਾ ਜਾਂਦਾ ਹੈ, ਜਦਕਿ ਪੰਜਾਬ ਦੇ ਸਾਰੇ ਦਰਿਆਵਾਂ ਦੇ ਵਿਚਕਾਰਲਾ ਖੇਤਰ ਦੋਆਬਾ ਹੁੰਦਾ ਹੈ। ਮੁਗ਼ਲ ਰਾਜ ਸਮੇਂ ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਦਾ ਨਾਮ ਦੋਹਾਂ ਦਰਿਆਵਾਂ ਦੇ ਪਹਿਲੇ ਹਰਫਾਂ ਨੂੰ ਜੋੜ ਕੇ ਦੋਆਬਿਆਂ ਦੇ ਨਾਮ ਘੜੇ ਗਏ। ਸਿੰਧ ਤੇ ਜਿਹਲਮ ਵਿਚਲਾ ਇਲਾਕਾ ਸਿੰਧ ਸਾਗਰ ਦੋਆਬ, ਚਨਾਬ ਤੇ ਜਿਹਲਮ ਵਿਚਕਾਰਲਾ ਇਲਾਕਾ ਚਜ ਦੋਆਬ, ਰਾਵੀ ਤੇ ਚਨਾਬ ਦਰਮਿਆਨ ਦਾ

ਇਲਾਕਾ ਰਚਨਾ ਦੋਆਬ, ਬਿਆਸ ਤੇ ਰਾਵੀ ਵਿਚਕਾਰਲੀ ਧਰਤੀ ਬਾਰੀ ਦੋਆਬ, ਬਿਆਸ ਤੇ ਸਤਲੁਜ ਵਿਚਕਾਰ ਦੀ ਧਰਤੀ ਬਿਸਤ ਦੋਆਬ ਅਖਵਾਉਂਦੀ ਹੈ।

ਸਿੰਧ ਸਾਗਰ ਦੋਆਬ ਵਿਚ ਸਾਂਝੇ ਪੰਜਾਬ ਦੇ ਰਾਵਲਪਿੰਡੀ, ਅੱਟਕ, ਜਿਹਲਮ, ਮੀਆਂਵਾਲੀ, ਮੁਜੱਫਰਗੜ੍ਹ ਆਦਿ ਦੇ ਇਲਾਕੇ ਆਉਂਦੇ ਹਨ। ੧੯੪੭ ਈ. ਦੀ ਪੰਜਾਬ ਵੰਡ ਤੋਂ ਬਾਅਦ ਇਸ ਦੋਆਬੇ ਵਿਚ ਪਾਕਿਸਤਾਨ ਵੱਲੋਂ ਰਾਵਲਪਿੰਡੀ ਨੇੜੇ ਇਸਲਾਮ ਦੇ ਨਾਮ ਉੱਪਰ ਇਸਲਾਮਾਬਾਦ ਨਾਂ ਦਾ ਨਵਾਂ ਸ਼ਹਿਰ ਵਸਾ ਕੇ ਉਸ ਨੂੰ ਦੇਸ਼ ਦੀ ਰਾਜਧਾਨੀ ਬਣਾਇਆ ਗਿਆ। ਚਜ ਦੋਆਬ ਵਿਚ ਗੁਜਰਾਤ ਤੇ ਝੰਗ ਜ਼ਿਲ੍ਹੇ ਦੇ ਇਲਾਕੇ ਆਉਂਦੇ ਹਨ। ਰਚਨਾ ਦੋਆਬ ਅੰਦਰ ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ ਤੇ ਲਾਇਲਪੁਰ ਜ਼ਿਲ੍ਹਿਆਂ ਦਾ ਇਲਾਕਾ ਸ਼ਾਮਿਲ ਹੈ। ਬਾਰੀ ਦੋਆਬ ਬਿਆਸ ਤੇ ਰਾਵੀ ਦੇ ਵਿਚਕਾਰਲਾ ਇਲਾਕਾ ਹੈ। ਬਾਰੀ ਦੋਆਬ ਵਿਚ ਗੁਰਦਾਸਪੁਰ, ਅੰਮ੍ਰਿਤਸਰ, ਲਾਹੌਰ, ਮਿੰਟਗੁਮਰੀ (ਹੁਣ ਸਾਹੀਵਾਲ) ਤੇ ਮੁਲਤਾਨ ਜ਼ਿਲ੍ਹੇ ਆਉਂਦੇ ਸਨ। ਬਿਆਸ ਤੇ ਸਤਲੁਜ ਦਰਿਆਵਾਂ ਨਾਲ ਘਿਰੀ ਹੋਈ ਧਰਤੀ ਬਿਸਤ ਦੋਆਬ ਹੈ। ਇਸ ਦੋਆਬ ਵਿਚ ਬਰਤਾਨਵੀਂ ਰਾਜ ਵੇਲੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਾ ਅਤੇ ਰਿਆਸਤ ਕਪੂਰਥਲਾ (ਹੁਣ ਜਿਲ੍ਹਾ) ਸ਼ਾਮਲ ਹੈ।

ਪੰਜਾਬ ਦੇ ਦੋਆਬਿਆਂ ਵਿੱਚੋਂ ਬਾਰੀ ਦੋਆਬ ਸਭ ਦਾ ਸਰਦਾਰ ਹੈ। ਇਸ ਦੋਆਬ ਨੂੰ ਆਮ ਤੌਰ 'ਤੇ ਮਾਝਾ ਕਿਹਾ ਜਾਂਦਾ ਹੈ। ਮਾਝਾ ਦਾ ਅਰਥ ਕੇਂਦਰ ਹੈ। ੧੯੪੭ ਦੀ ਪੰਜਾਬ ਵੰਡ ਤੋਂ ਪਹਿਲਾਂ ਪੰਜਾਬ ਦੇ ਅਬਾਦੀ ਪੱਖੋਂ ਸਭ ਤੋਂ ਵੱਡੇ ਸ਼ਹਿਰ ਕ੍ਰਮਵਾਰ ਲਾਹੌਰ, ਅੰਮ੍ਰਿਤਸਰ ਤੇ ਮੁਲਤਾਨ ਇਸ ਦੋਆਬ ਵਿਚ ਹੀ ਪੈਂਦੇ ਸਨ। ਸਦੀਆਂ ਤੋਂ ਇਸ ਦੋਆਬ ਦੇ ਪਹਿਲਾਂ ਮੁਲਤਾਨ ਤੇ ਫਿਰ ਲਾਹੌਰ ਪੰਜਾਬ ਦੀ ਰਾਜਧਾਨੀ ਰਹੇ। ਦੇਸ਼ ਵੰਡ ਤੋਂ ਪਹਿਲਾਂ ਲਾਹੌਰ ਤੇ ਅੰਮ੍ਰਿਤਸਰ ਸਾਂਝੇ ਪੰਜਾਬ ਦੇ ਵਪਾਰਕ, ਕਲਾ ਤੇ ਵਿੱਦਿਆ ਦੇ ਗੜ੍ਹ ਸਨ। ਸਾਰੀ ਦੁਨੀਆਂ ਨੂੰ ਜਿੱਤਣ ਦਾ ਸੁਪਨਾ ਲੈਣ ਵਾਲਾ ਮਹਾਨ ਜਰਨੈਲ ਸਿਕੰਦਰ ਰਾਵੀ ਅਤੇ ਬਿਆਸ ਵਿਚਕਾਰਲਾ ਸਾਰਾ ਦੇਸ਼ ਫਤਹ ਕਰਕੇ ਹਾਈਫੇਸਸ (ਬਿਆਸ) ਦਰਿਆ ਤੀਕ ਪਹੁੰਚਿਆ। ਕਰਟੀਅਸ ਦੇ ਕਥਨ ਅਨੁਸਾਰ ਇਸ ਇਲਾਕੇ ਵਿਚ ਵਸਣ ਵਾਲੇ ਲੋਕ ਆਪਣੀ ਸੁੰਦਰਤਾ ਲਈ ਬੜੇ ਪ੍ਰਸਿੱਧ ਸਨ। ਸਿਕੰਦਰ ਦੀ ਫੌਜ ਵੱਲੋਂ ਬਗਾਵਤ ਕਰਨ ਕਰਕੇ ਸਿਕੰਦਰ ਹਾਈਫੇਸਸ (ਬਿਆਸ) ਦਰਿਆ ਤੋਂ ਵਾਪਸ ਹੋ ਗਿਆ।

ਵਾਪਸੀ ਮਾਰਚ ਸ਼ੁਰੂ ਕਰਨ ਤੋਂ ਪਹਿਲੇ ਸਿਕੰਦਰ ਨੇ ਪੱਥਰ ਦੇ ੧੨ ਵੱਡੇ-ਵੱਡੇ ਮੁਨਾਰੇ, ਜੋ ਪੰਜਾਹ-ਪੰਜਾਹ ਫੁੱਟ ਉੱਚੇ ਸਨ, ਦਰਿਆ ਬਿਆਸ ਦੇ ਕਿਨਾਰੇ ਉਤੇ ਬਣਵਾਏ। ਇਹ ਮੁਨਾਰੇ ਬਿਆਸ ਤੇ ਸਤਲੁਜ ਦੇ ਸੰਗਮ ਤੋਂ ਥਲੇ ਵੱਲ ਨੂੰ ਸਨ, ਅਤੇ ਇਹ ਉਸ ਦੀਆ ਜਿੱਤਾਂ ਦੀ ਯਾਦ ਵਿਚ ਖੜੇ ਕੀਤੇ ਗਏ ਸਨ। ਏਰੀਅਨ ਲਿਖਦਾ ਹੈ ਕਿ ਇਹ ਮੁਨਾਰੇ ਕਿਲ੍ਹੇ ਬੰਦ ਬੁਰਜਾਂ ਦੀ ਉਚਾਈ ਦੇ ਬਰਾਬਰ ਸਨ, ਪਰ ਆਕਾਰ ਵਿਚ ਉਨ੍ਹਾਂ ਤੋਂ ਵੀ ਵਡੇ ਸਨ। ਪਲੂਟਰਚ ਆਪਣੀ ਰਚਨਾ ਵਿਟਾ ਅਲੈਗਜੰਡਰੀਸ

(Vita Alexandris) ਵਿਚ ਦੱਸਦਾ ਹੈ ਕਿ ਇਹ ਮੁਨਾਰੇ ਉਸ ਦੇ ਸਮੇਂ ਤੀਕ ਕਾਇਮ ਰਹੇ। "ਮਿਸਟਰ ਪ੍ਰਿਨਸਿਪ ਨੇ ਸਿਕੰਦਰ ਦੀ ਮੁਹਿੰਮ ਦੇ ਵਿਸ਼ੇ ਉਪਰ 'ਜਰਨਲ ਆਫ ਦੀ ਏਸ਼ਿਆਟਿਕ ਸੁਸਾਇਟੀ ਆਫ ਬੰਗਾਲ' ਵਿਚ ਲਿਖਿਆ ਹੈ- "ਅਪੋਲੀਨੀਬਸ ਟਿਆਨੀਅਸ ਨੇ ਸੰਨ ਈਸਵੀ ਦੀ ਪਹਿਲੀ ਸਦੀ ਵਿਚ ਇਨ੍ਹਾਂ ਮੁਨਾਰਿਆਂ ਨੂੰ ਉਸ ਸਮੇਂ ਡਿੱਠਾ ਜਿਸ ਸਮੇਂ ਯੂਨਾਨੀ ਨਸਲ ਦਾ ਬਾਦਸ਼ਾਹ ਫਰਉਟਸ (Pharaotes) ਪੰਜਾਬ ਵਿਚ ਰਾਜ ਕਰਦਾ ਸੀ। ਬਰਨਜ਼ ਨੇ ਬਿਆਸ ਤੇ ਸਤਲੁਜ ਦੇ ਸੰਗਮ ਦੇ ਥੱਲੇ ਵਾਲੇ ਪਾਸੇ ਇਨ੍ਹਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲਾਉਣ ਦਾ ਭਰਪੂਰ ਕਰਨ ਕੀਤਾ ਪਰ ਉਹ ਕੋਈ ਪਤਾ ਨਾ ਲਾ ਸਕਿਆ।

ਹੁਣ ਜਦੋਂ ਸਾਇੰਸ ਬਹੁਤ ਜ਼ਿਆਦਾ ਤਰੱਕੀ ਕਰ ਚੁੱਕੀ ਹੈ, ਤਾਂ ਪੰਜਾਬ ਤੇ ਭਾਰਤ ਸਰਕਾਰ ਦੇ ਪੁਰਾਤਤੱਵ ਵਿਭਾਗ ਨੂੰ ਸੈਟੇਲਾਈਟ ਆਦਿ ਦੇ ਜ਼ਰੀਏ ਇਨ੍ਹਾਂ ਮੁਨਾਰਿਆਂ ਦੀਆਂ ਨੀਹਾਂ ਦੀ ਖੋਜ ਕਰਨੀ ਚਾਹੀਦੀ ਹੈ। ਸਮੇਂ ਦੇ ਬੀਤਣ ਨਾਲ ਭਾਵੇਂ ਇਹ ਇਤਿਹਾਸਿਕ ਮੁਨਾਰੇ ਅਲੋਪ ਹੋ ਚੁੱਕੇ ਹਨ, ਪਰ ਇਨ੍ਹਾਂ ਦੀਆਂ ਨੀਹਾਂ ਜ਼ਰੂਰ ਮੌਜੂਦ ਹੋਣਗੀਆਂ। ਸੰਬੰਧਿਤ ਵਿਭਾਗਾਂ ਨੂੰ ਸੈਟੇਲਾਈਟ ਤੇ ਹੋਰ ਵਿਗਿਆਨਕ ਤਰੀਕਿਆਂ ਨਾਲ ਇਨ੍ਹਾਂ ਮੁਨਾਰਿਆਂ ਦੀਆਂ ਬਚੀਆਂ-ਖੁਚੀਆਂ ਨਿਸ਼ਾਨੀਆਂ ਦੀ ਖੋਜ ਕਰਕੇ ਦੁਨੀਆਂ ਨੂੰ ਮਹਾਨ ਜੇਤੂ ਸਿਕੰਦਰ ਦੀ ਯਾਦਗਾਰ ਦਿਖਾਉਣੀ ਚਾਹੀਦੀ ਹੈ। ਜੇਕਰ ਇਨ੍ਹਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲੱਗ ਜਾਵੇ, ਤਾਂ ਦੁਨੀਆਂ ਭਰ ਤੋਂ ਇਤਿਹਾਸ ਤੇ ਪੁਰਾਤਤਵ ਖੋਜੀ ਇਸ ਜਗ੍ਹਾ ਤੇ ਖੋਜ ਲਈ ਆਉਣਗੇ। ਜਿਸ ਨਾਲ ਪੰਜਾਬ ਦੇ ਸੈਰ-ਸਪਾਟੇ ਨੂੰ ਵੀ ਬਹੁਤ ਲਾਭ ਹੋਵੇਗਾ। ■

...ਸਮਾਜ ਦੇ ਸੰਕਲਪ ਦਾ ਇਤਿਹਾਸਿਕ ਪ੍ਰਭਾਵ **ਸਫਾ ੩੬ ਦਾ ਬਾਕੀ**

ਹਕੂਮਤ ਵੱਲੋਂ ਗੁਰੂ ਜੀ ਨੂੰ ਝੁਕਾਉਣ ਲਈ ਅਣਮਨੁੱਖੀ ਤਸੀਹੇ ਦਿੱਤੇ ਗਏ। ਦਿੱਲੀ ਦੇ ਚਾਂਦਨੀ ਚੌਂਕ ਵਿਚ ਭਾਈ ਮਤੀ ਦਾਸ ਨੇ ਆਰੇ ਦੇ ਤਿੱਖੇ ਦੰਦਿਆਂ, ਭਾਈ ਦਿਆਲਾ ਜੀ ਨੇ ਉਬਲਦੀ ਦੇਗ, ਅਤੇ ਭਾਈ ਸਤੀ ਦਾਸ ਜੀ ਨੇ ਮੱਚਦੀਆਂ ਲਾਟਾਂ ਦੇ ਕਹਿਰ ਵਿਚ ਬੇਮਿਸਾਲ ਅਡੋਲਤਾ ਦਿਖਾਈ। ਗੁਰੂ ਜੀ ਅਤੇ ਸਿੱਖਾਂ ਨੂੰ ਡਰਾਉਣ ਲਈ ਕੀਤੇ ਇਹ ਖੌਫਨਾਕ ਮੰਜ਼ਰ ਗੁਰੂ ਜੀ ਅਤੇ ਸਿੱਖਾਂ ਦੇ ਸਿਦਕ ਸਾਹਮਣੇ ਨਿਸਫਲ ਹੋ ਗਏ। ਗੁਰੂ ਜੀ ਲਈ ਜੀਵਨ ਨਹੀਂ ਆਦਰਸ਼ ਵੱਡਾ ਸੀ। ਸੁਆਰਥਾਂ ਦੀ ਥਾਂ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਦਾ ਚਾਅ ਸੀ। ਗੁਰੂ ਜੀ ਨੇ ਮਹਾਨ ਸ਼ਹਾਦਤ ਦੇ ਕੇ ਸਰਵ ਧਰਮ ਸਨਮਾਨ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਦੀ ਬਲਵਾਨ ਪ੍ਰੇਰਨਾ ਜਗਾਈ। ਗੁਰੂ ਜੀ ਦੇ ਪਾਵਨ ਲਹੂ ਵਿੱਚੋਂ ਨਿਰਧਨ ਨੂੰ ਪਾਲਣ ਅਤੇ ਦੁਸ਼ਟ ਨੂੰ ਗਾਲਣ ਵਾਲਾ ਅਮਰ ਖਾਲਸਾ ਪੈਦਾ ਹੋਇਆ।

■

ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

੧. ਜਿਸ ਸਿੱਖ ਦੇ ਹਿਰਦੇ ਅੰਦਰ ਰੱਬ ਦਾ ਡਰ ਪੈਦਾ ਹੋ ਜਾਂਦਾ ਹੈ ਐਸੇ ਸਿੱਖ ਦਾ ਹਿਰਦਾ ਸੋਨੇ ਵਾਂਗੂੰ ਸਾਫ਼ ਹੋ ਕੇ ਚਮਕ ਉੱਠਦਾ ਹੈ।

੨. ਜਿਸ ਤਰ੍ਹਾਂ ਦਰਿਆ ਪਾਰ ਕਰਨ ਲਈ ਪੁਲ਼ ਹੁੰਦਾ ਹੈ, ਇਸੇ ਤਰ੍ਹਾਂ ਜੀਵ ਆਤਮਾ ਅਤੇ ਪਰਮਾਤਮਾ ਨੂੰ ਮਿਲਣ ਲਈ ਸੁਆਸ ਪੁਲ਼ ਦਾ ਕੰਮ ਕਰਦੇ ਹਨ।

੩. ਰੱਬ ਅਤੇ ਹੰਕਾਰ ਦੋਵੇਂ ਇਕ ਜਗ੍ਹਾ 'ਤੇ ਨਹੀ ਰਹਿ ਸਕਦੇ, ਰੱਬ ਹੰਕਾਰੀ ਮਨੁੱਖ ਵੱਲ ਆਪਣੀ ਪਿੱਠ ਕਰ ਲੈਂਦਾ ਹੈ।

੪. ਵਾਹਿਗੁਰੂ ਜੀ ਦਾ ਨਾਮ ਜਪ ਕੇ ਸਿੱਖ ਜਦੋਂ ਵੀ ਅਰਦਾਸ ਕਰੇ ਤਾਂ ਮੰਗਤਾ ਬਣ ਕੇ ਰੱਬ ਕੋਲੋਂ ਨਾਮ ਹੀ ਮੰਗੇ। ਨਾਮ ਦੀ ਦਾਤ ਮੰਗਣ ਨਾਲ, ਰੱਬ ਐਸੇ ਸਿੱਖ ਦੀਆਂ ਸੰਸਾਰੀ ਮੰਗਾਂ ਵੀ ਪੂਰੀਆਂ ਕਰ ਦਿੰਦਾ ਹੈ।

੫. ਰੱਬ ਕਿਸੇ ਨੂੰ ਕੋਈ ਦੁੱਖ ਨਹੀਂ ਦਿੰਦਾ, ਇਹ ਦੁੱਖ ਤਾਂ ਮਨੁੱਖ ਦੇ ਕੀਤੇ ਕਰਮਾਂ ਦਾ ਹੀ ਫ਼ਲ ਹੈ, ਰੱਬੀ ਨਾਮ ਸਭ ਦੁੱਖਾਂ ਦੀ ਦਵਾਈ ਹੈ, ਜਿਸ ਸਦਕਾ ਨਾਮ ਜਪਣ ਵਾਲੇ ਅਭਿਆਸੀ ਸਿੱਖ ਲਾਗਿਉਂ ਦੁੱਖ ਦੂਰ ਭੱਜਣੇ ਸ਼ੁਰੂ ਹੋ ਜਾਂਦੇ ਹਨ।

੬. ਜਦੋਂ ਇਕ ਨਾਮ ਸਿਮਰਨ ਦਾ ਅਭਿਆਸੀ ਸਿੱਖ ਵਾਹਿਗੁਰੂ ਜੀ ਨੂੰ ਬਹੁਤ-ਪਿਆਰ ਕਰਨ ਲੱਗ ਜਾਂਦਾ ਹੈ ਤਾਂ ਅੱਗੋਂ ਰੱਬ ਵੀ ਐਸੇ ਅਭਿਆਸੀ ਸਿੱਖ ਨੂੰ ਪਿਆਰ ਕਰਨ ਲੱਗ ਜਾਂਦਾ ਹੈ।

੭. ਵਾਹਿਗੁਰੂ ਜੀ ਦੇ ਨਾਮ ਸਿਮਰਨ ਦਾ ਅਭਿਆਸੀ ਸਿੱਖ ਦੁਨੀਆ ਦੀ ਆਸ ਛੱਡ ਦਿੰਦਾ ਹੈ ਅਤੇ ਮਾਇਆ ਦੀ ਪਿਆਸ ਵੀ ਛੱਡ ਦਿੰਦਾ ਹੈ।

੮. ਵਾਹਿਗੁਰੂ ਜੀ ਦੇ ਨਾਮ ਸਿਮਰਨ ਸਦਕਾ ਜਦੋਂ ਸਿੱਖ ਦਾ ਮਨ ਸ਼ੁੱਧ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਸਿੱਖ ਦੇ ਵੀਚਾਰ ਸ਼ੁੱਧ ਹੋ ਜਾਂਦੇ ਹਨ ਅਤੇ ਸਿੱਖ ਦਾ ਕਿਰਦਾਰ ਵੀ ਸ਼ੁੱਧ ਹੋ ਜਾਂਦਾ ਹੈ।

੯. ਸਾਰਾ ਸੰਸਾਰ ਇਕ ਸਾਗਰ ਦੇ ਨਿਆਈਂ ਹੈ, ਪਰ ਜੋ ਅਭਿਆਸੀ ਸਿੱਖ ਵਾਹਿਗੁਰੂ ਗੁਰੂ-ਮੰਤਰ ਰੂਪੀ ਜਹਾਜ 'ਤੇ ਚੜ੍ਹਿਆ ਰਹਿੰਦਾ ਹੈ, ਗੁਰੂ ਇਕ ਨਾ ਇਕ ਦਿਨ ਉਸ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾ ਦਿੰਦਾ ਹੈ।

੧੦. ਜਦੋਂ ਨਾਮ ਅਭਿਆਸੀ ਸਿੱਖ ਦਾ ਰੱਬ ਨਾਲ ਗੂੜ੍ਹਾ ਪਿਆਰ ਪੈ ਜਾਂਦਾ ਹੈ ਤਾਂ ਐਸੇ ਅਭਿਆਸੀ ਸਿੱਖ ਨੂੰ ਦੁਨੀਆ ਦੇ ਤਮਾਮ ਰਸ ਫਿੱਕੇ ਲੱਗਣੇ ਸ਼ੁਰੂ ਹੋ ਜਾਂਦੇ

* *#੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

ਹਨ।

੧੧. ਵਾਹਿਗੁਰੂ ਜੀ ਦੇ ਨਾਮ ਨੂੰ ਮੁਖ ਦੁਆਰ ਜਪੀ ਜਾਣਾ ਹੀ ਅਸਲ ਮਾਰਗ ਨਹੀਂ, ਅਸਲ ਮਾਰਗ ਤਾਂ ਵਾਹਿਗੁਰੂ ਜੀ ਦੇ ਹੁਕਮ ਅਤੇ ਰਜ਼ਾ ਵਿਚ ਰਹਿਣਾ ਹੀ ਹੁੰਦਾ ਹੈ।

੧੨. ਜਿਹੜਾ ਮਨੁੱਖ ਵਾਹਿਗੁਰੂ ਜੀ ਦਾ ਨਾਮ ਜਪਦਾ ਹੋਇਆ ਵੀ ਆਪਣੀਆਂ ਸਿਆਣਪਾਂ ਅਤੇ ਚਤੁਰਾਈਆਂ ਨਹੀਂ ਛੱਡਦਾ, ਉਹ ਮਨੁੱਖ ਮਹਾਂਮੂਰਖ ਦੇ ਨਿਆਈਂ ਹੁੰਦਾ ਹੈ।

੧੩. ਇਕ ਨਾਮ-ਸਿਮਰਨ ਦੇ ਅਭਿਆਸੀ ਸਿੱਖ ਨੂੰ ਸਿਰਫ਼ ਵਾਹਿਗੁਰੂ ਜੀ ਦਾ ਹੀ ਆਸਰਾ ਹੁੰਦਾ ਹੈ, ਉਹ ਹਰ ਆਈ ਮੁਸੀਬਤ ਦੇ ਹੱਲ ਨੂੰ ਨਾਮ ਦੁਆਰ ਹੀ ਲੱਭਦਾ ਹੈ, ਇਸੇ ਕਰਕੇ ਉਹ ਹਰ ਆਈ ਮੁਸੀਬਤ ਨੂੰ ਰੱਬ ਦੇ ਆਸਰੇ ਹੱਲ ਕਰ ਲੈਂਦਾ ਹੈ।

੧੪. ਵਾਹਿਗੁਰੂ ਜੀ ਦੇ ਨਾਮ ਨੂੰ ਜਪਣਾ ਬਹੁਤ ਉੱਚਤਮ ਕਰਮ ਹੈ, ਪਰ ਵਾਹਿਗੁਰੂ ਜੀ ਨਾਲ ਪਿਆਰ ਪੈ ਜਾਣਾ, ਉਸ ਤੋਂ ਵੀ ਕਈ ਗੁਣਾਂ ਵੱਡਾ ਉਚਤਮ ਕਰਮ ਹੁੰਦਾ ਹੈ।

੧੫. ਭਗਤੀ ਦਾ ਅਸਲ ਮਾਰਗ ਤਾਂ ਰੱਬ ਨਾਲ ਪ੍ਰੀਤ ਹੀ ਹੁੰਦੀ ਹੈ, ਜਿਸ ਮਨੁੱਖ ਦੇ ਹਿਰਦੇ ਅੰਦਰ ਰੱਬ ਦੀ ਪ੍ਰੀਤ ਨਹੀਂ ਹੁੰਦੀ, ਐਸੇ ਮਨੁੱਖ ਦੇ ਹਿਰਦੇ ਅੰਦਰ ਰੱਬ ਦੀ ਪ੍ਰਤੀਤ ਵੀ ਨਹੀਂ ਹੁੰਦੀ।

੧੬. ਪਹਿਲਾਂ ਪਹਿਲ ਮਨੁੱਖ ਹੀ ਰੱਬ ਨਾਲ ਪਿਆਰ ਕਰਦਾ ਹੈ, ਪਰ ਰੱਬ ਮਨੁੱਖ ਨਾਲ ਪਿਆਰ ਨਹੀਂ ਕਰਦਾ। ਪਰ ਜਦੋਂ ਮਨੁੱਖ ਦੀ ਰੱਬ ਨਾਲ ਪ੍ਰੀਤ, ਪ੍ਰੇਮ ਵਿਚ ਬਦਲ ਜਾਂਦੀ ਹੈ ਤਾਂ ਉਸ ਦੇ ਗੂੜ੍ਹੇ ਪਿਆਰ ਸਦਕਾ ਹੁਣ ਰੱਬ ਵੀ ਉਸ ਨੂੰ ਪਿਆਰ ਕਰਨ ਲੱਗ ਜਾਂਦਾ ਹੈ।

੧੭. ਵਾਹਿਗੁਰੂ ਜੀ ਨਾਲ ਦੁੱਖ ਆਉਣ ਤੇ ਕਦੇ ਸ਼ਿਕਵਾ ਨਾ ਕਰੋ ਅਤੇ ਖੁਸ਼ੀ ਆਉਣ 'ਤੇ ਚਾਂਬਲੋ ਨਾ। ਦੁੱਖ-ਸੁੱਖ ਨੂੰ ਉਸ ਦੀ ਦਾਤ ਸਮਝੋ, ਇਸ ਤਰ੍ਹਾਂ ਭਾਣੇ ਵਿਚ ਰਹਿ ਕੇ ਰੱਬ ਦੀ ਖੁਸ਼ੀ ਪ੍ਰਾਪਤ ਹੋ ਜਾਵੇਗੀ।

੧੮. ਕਿਸੇ ਵੀ ਸੰਸਾਰੀ ਦੁਖ ਵੇਲੇ ਆਪਣੇ ਪਿਤਾ ਵਾਹਿਗੁਰੂ ਜੀ ਨਾਲ ਜੁੜ ਕੇ ਹੀ ਹੱਲ ਲੱਭੋ, ਦੁਨੀਆ ਨਾਲ ਆਪਣਾ ਦੁਖ ਸਾਂਝਾ ਕਰੋਗੇ ਤਾਂ ਉਹ ਜ਼ਿਆਦਾ ਤਮਾਸ਼ਾ ਹੀ ਵੇਖਣਗੇ, ਪਰ ਜੇ ਰੱਬੀ ਆਸਰਾ ਰੱਖ ਕੇ, ਰੱਬ ਅੱਗੇ ਦੁੱਖ ਰੱਖੋਗੇ ਤਾਂ ਰੱਬ ਤੁਹਾਡੀ ਲਾਜ-ਪੱਤ ਰੱਖ ਲਵੇਗਾ।

੧੯. ਮਨਮੁਖਾਂ ਨੂੰ ਆਸਰਾ ਆਪਣੇ ਭੈਣ-ਭਰਾਵਾਂ, ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦਾ ਹੀ ਹੁੰਦਾ ਹੈ।

੨੦. ਵਾਹਿਗੁਰੂ ਜੀ ਦਾ ਸਿਮਰਨ ਕਰ ਕੇ ਮਨੁੱਖ ਜਿੰਨਾ ਵੀ ਨਾਮ ਧਨ

ਇਕੱਠਾ ਕਰ ਲਵੇਗਾ, ਅੰਤ ਵੇਲੇ ਰੱਬੀ ਦਰਗਾਹ ਵਿਚ ਜਾਣ ਸਮੇਂ ਉਸ ਲਈ ਵੱਡਾ ਲਾਭਦਾਇਕ ਹੋਵੇਗਾ।

੨੧. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦੇ ਅਭਿਆਸੀ ਸਿੱਖ 'ਤੇ ਜਦੋਂ ਨਾਮ ਅਸਰ ਕਰ ਜਾਂਦਾ ਹੈ ਤਾਂ ਐਸੇ ਸਿਮਰਨ ਅਭਿਆਸੀ ਸਿੱਖ ਦੇ ਹਿਰਦੇ ਅੰਦਰੋਂ ਸਤ, ਸੰਤੋਖ, ਦਇਆ, ਧਰਮ, ਨਿਮਰਤਾ ਅਤੇ ਪਰਉਪਕਾਰ ਦੇ ਵੱਡੇ ਗੁਣ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ।

੨੨. ਵਾਹਿਗੁਰੂ ਜੀ ਦੇ ਨਾਮ-ਸਿਮਰਨ ਕਰਨ ਵਾਲੇ ਅਭਿਆਸੀ ਸਿੱਖ ਨੂੰ ਕਦੇ ਇਕੱਲਾਪਣ ਮਹਿਸੂਸ ਨਹੀਂ ਹੁੰਦਾ, ਉਸ ਨੂੰ ਗੁਰੂ ਅੰਗ-ਸੰਗ ਹੀ ਭਾਸਦਾ ਹੈ।

੨੩. ਵਾਹਿਗੁਰੂ ਜੀ ਦਾ ਸਿਮਰਨ ਅਭਿਆਸ ਕਰਦਾ-ਕਰਦਾ ਜਦੋਂ ਸਿੱਖ ਆਪਣੇ-ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਰਪਿਤ ਕਰ ਦਿੰਦਾ ਹੈ ਤਾਂ ਉਹ ਸਿੱਖ ਨੂੰ ਗੁਰੂ ਆਪਣੇ ਅਸਲ ਮਾਰਗ ਦੀ ਪਹਿਚਾਣ ਕਰਵਾ ਦਿੰਦਾ ਹੈ।

੨੪. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦੇ ਕਮਾਏ ਹੋਏ ਧਨ ਨੂੰ ਪੰਜੇ ਵਿਕਾਰ ਰੂਪੀ ਚੋਰਾਂ ਤੋਂ ਬਚਾ ਕੇ ਰੱਖਣਾ ਹੀ, ਵੱਡੀ ਸੂਰਮਗਤੀ ਹੁੰਦੀ ਹੈ, ਜੋ ਇਸ ਨਾਮ ਸਿਮਰਨ ਦੇ ਕਮਾਏ ਹੋਏ ਧਨ ਨੂੰ ਵਿਕਾਰਾਂ ਰੂਪੀ ਚੋਰਾਂ ਤੋਂ ਬਚਾ ਕੇ ਰੱਖਦਾ ਹੈ, ਐਸੇ ਨਾਮ-ਸਿਮਰਨ ਦੇ ਅਭਿਆਸੀ ਸਿੱਖ ਨੂੰ ਰੱਬੀ ਫਕੀਰ ਦੀ ਉਪਾਧੀ ਮਿਲ ਜਾਂਦੀ ਹੈ।

੨੫. ਜੋ ਮਨੁੱਖ ਵਾਹਿਗੁਰੂ ਵਾਹਿਗੁਰੂ ਵੀ ਕਰੀ ਜਾਂਦੇ ਹਨ, ਗੁਰੂ ਘਰ ਵਿਚ ਸੇਵਾ ਵੀ ਕਰੀ ਜਾਂਦੇ ਹਨ ਪਰ ਆਪਣੇ ਮਨ ਦੀ ਮੱਤ ਨਹੀਂ ਤਿਆਗਦੇ, ਭਾਵ ਕਿ ਹੰਕਾਰ ਵਿਚ ਰਹਿੰਦੇ ਹਨ, ਉਨ੍ਹਾਂ ਦੀ ਕੀਤੀ ਹੋਈ ਕਮਾਈ ਅਜਾਈਂ ਹੀ ਚਲੀ ਜਾਂਦੀ ਹੈ।

੨੬. ਮਨੁੱਖ ਹਰ ਵਕਤ ਸੰਤਾਂ-ਭਗਤਾਂ ਅਤੇ ਗੁਰਮੁਖਾਂ ਦੀ ਸਦਾ ਸੰਗਤ ਕਰਦਾ ਹੀ ਰਹੇ, ਇਹੋ ਸਤ ਸੰਗਤ ਹੀ ਮਨੁੱਖ ਦੇ ਜਨਮਾਂ-ਜਨਮਾਂ ਦੇ ਪਾਪਾਂ ਦਾ ਗੁਰੂ ਪਾਸੋਂ ਨਾਸ਼ ਕਰਵਾ ਦਿੰਦਾ ਹੈ।

੨੭. ਸਭ ਤੋਂ ਉੱਚਤਮ ਕਰਮ ਸੇਵਾ ਹੈ, ਰੱਬੀ ਸਿਮਰਨ ਕਰਨਾ ਇਸ ਤੋਂ ਵੀ ਵੱਡੀ ਸੇਵਾ ਹੈ, ਹੋਰਨਾਂ ਸੰਗਤਾਂ ਨੂੰ ਰੱਬੀ ਸਿਮਰਨ ਨਾਲ ਜੋੜਨਾ, ਇਸ ਤੋਂ ਉੱਪਰ ਹੋਰ ਕੋਈ ਸੇਵਾ ਨਹੀਂ ਹੁੰਦੀ।

੨੮. ਜਿਵੇਂ ਇਕ ਤੀਲੀ ਹਜ਼ਾਰਾਂ ਮਣ ਲੱਕੜਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਇਸੇ ਤਰ੍ਹਾਂ ਇਕ ਘੜੀ ਦਾ ਕੀਤਾ ਹੋਇਆ ਸਿਮਰਨ, ਮਨੁੱਖ ਦੇ ਜਨਮਾਂ-ਜਨਮਾਂ ਦੇ ਪਾਪਾਂ ਨੂੰ ਸੁਆਹ ਕਰ ਦਿੰਦਾ ਹੈ।

੨੯. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦੇ ਅਭਿਆਸੀ ਸਿੱਖ ਨੂੰ ਵੱਡੀ ਸਮਝ ਪੈ ਜਾਂਦੀ ਹੈ ਕਿ ਦੁਨੀਆਂ ਇਕ ਚਲਦੀ ਹੋਈ ਸਰ੍ਹਾਂ ਹੈ, ਇਸੇ ਕਰਕੇ ਉਹ ਦੁਨੀਆ ਵਿਚ ਵਿਚਰਦੇ ਸਮੇਂ ਜ਼ਿਆਦੇ ਪਸਾਰੇ ਨਹੀਂ ਪਸਾਰਦਾ।

੩੦. ਮਨੁੱਖੀ ਹਿਰਦਾ ਇਕ ਤੀਰਥ ਦੇ ਨਿਆਈਂ ਹੈ, ਹਿਰਦੇ ਰੂਪੀ ਸਰੋਵਰ ਵਿਚ ਜਦੋਂ ਸਿੱਖ ਸੁਆਸਾਂ ਦੇ ਸਿਮਰਨ ਰਾਹੀਂ ਚੱਪੂ ਮਾਰਦਾ ਹੈ ਤਾਂ ਐਸੇ ਸਿਮਰਨ ਅਭਿਆਸੀ ਸਿੱਖ ਨੂੰ ਰੱਬ ਪਾਰ ਦੇ ਕੰਢੇ ਲਾ ਦਿੰਦਾ ਹੈ।

੩੧. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦਾ ਅਭਿਆਸੀ ਸਿੱਖ ਜਦੋਂ ਵਾਹਿਗੁਰੂ ਜੀ 'ਤੇ ਭਰੋਸਾ ਕਰ ਬੈਠਦਾ ਹੈ ਅਤੇ ਉਸ ਦੀ ਆਗਿਆ ਵਿਚ ਹੀ ਸਦਾ ਚਲਦਾ ਹੈ ਤਾਂ ਇਕ-ਨ-ਇਕ ਦਿਨ ਵਾਹਿਗੁਰੂ ਜੀ ਵੀ ਐਸੇ ਅਭਿਆਸੀ ਸਿੱਖ 'ਤੇ ਤਰਸ ਕਰ ਕੇ, ਉਸ ਨੂੰ ਜਿਉਂਦਾ ਹੀ ਮੁਕਤ ਕਰ ਦਿੰਦੇ ਹਨ।

੩੨. ਕਰਮ ਇਕ ਬੀਜ ਦੇ ਨਿਆਈਂ ਹੈ, ਇਸ ਤਰ੍ਹਾਂ ਧਰਤੀ ਵਿਚ ਜਿਹੜਾ ਵੀ ਬੀਜ ਬੀਜੋਗੇ, ਤੁਹਾਡੇ ਸਾਹਮਣੇ ਉਹੋ ਹੀ ਉੱਗੇਗਾ, ਇਸ ਤਰ੍ਹਾਂ ਸੰਸਾਰ ਵਿਚ ਰਹਿੰਦੇ ਸਮੇਂ ਜਿਹੋ ਜਿਹੇ ਚੰਗੇ ਮਾੜੇ ਕਰਮਾਂ ਦੇ ਬੀਜ ਬੀਜੋਗੇ, ਤੁਹਾਡੇ ਸਾਹਮਣੇ ਉਹੀ ਉੱਗਣਗੇ ਅਤੇ ਫ਼ਲ ਵੀ ਤੁਸੀਂ ਹੀ ਵੱਢੋਗੇ।

੩੩. ਜਦੋਂ ਇਕ ਨਾਮ-ਸਿਮਰਨ ਦਾ ਅਭਿਆਸੀ ਸਿੱਖ ਵਾਹਿਗੁਰੂ ਜੀ ਦੇ ਨਾਮ ਵਿਚ ਜੁੜਕੇ, ਰੱਬ ਦਾ ਹੀ ਰੂਪ ਹੋ ਜਾਂਦਾ ਹੈ, ਤਾਂ ਐਸੇ ਨਾਮ-ਸਿਮਰਨ ਦੇ ਅਭਿਆਸੀ ਸਿੱਖ ਦੀ ਰੱਬ ਅੱਗੇ ਕੋਈ ਮੰਗ ਨਹੀਂ ਰਹਿੰਦੀ।

੩੪. ਜਿਵੇਂ ਇਕ ਜਗਦੇ ਹੋਏ ਦੀਵੇ ਤੋਂ ਹਜ਼ਾਰਾਂ ਦੀਵੇ ਜਗ ਜਾਂਦੇ ਹਨ ਇਸੇ ਤਰ੍ਹਾਂ ਇਕ ਰੱਬੀ ਨਾਮ ਨਾਲ ਜਾਗਿਆ ਹੋਇਆ ਆਭਿਆਸੀ ਸਿੱਖ, ਹਜ਼ਾਰਾਂ ਸਿੱਖਾਂ ਦੇ ਹਿਰਦਿਆਂ ਅੰਦਰ ਨਾਮ ਸਿਮਰਨ ਦੇ ਦੀਵੇ ਜਗਾ ਦਿੰਦਾ ਹੈ।

੩੫. ਇਕ ਨਾਮ-ਸਿਮਰਨ ਦਾ ਅਭਿਆਸੀ ਸਿੱਖ ਜਦੋਂ ਰੱਬੀ ਸਿਮਰਨ ਕਰ ਕੇ, ਰੱਬ ਦੀ ਖੁਸ਼ੀ ਪ੍ਰਾਪਤ ਕਰ ਜਾਂਦਾ ਹੈ ਤਾਂ ਉਸ ਨੂੰ ਆਪਣੀ ਰੋਜ਼ੀ ਰੋਟੀ ਦਾ ਕੋਈ ਫਿਕਰ ਨਹੀਂ ਰਹਿੰਦਾ। ਉਹ ਸਭ ਕੁਝ ਰੱਬ 'ਤੇ ਹੀ ਸੁੱਟ ਦਿੰਦਾ ਹੈ।

੩੬. ਜਿਵੇਂ ਬੱਚਾ ਮਾਂ ਦੇ ਗਰਭ ਵਿਚ ਹੁੰਦਾ ਹੈ ਤਾਂ ਬੱਚੇ ਨੂੰ ਸਾਰਾ ਭੋਜਨ ਪਾਣੀ ਅਤੇ ਰਿਜਕ ਮਾਂ ਆਪਣੀਆਂ ਨਾੜੀਆਂ ਰਾਹੀਂ ਦਿੰਦੀ ਹੈ ਪਰ ਮਾਂ ਬੱਚੇ ਨੂੰ ਦਿਸਦੀ ਨਹੀਂ। ਇਸੇ ਤਰ੍ਹਾਂ ਜਦੋਂ ਮਨੁੱਖ ਰੱਬ ਦੇ ਸੰਸਾਰ ਰੂਪੀ ਗਰਭ ਵਿਚ ਰਹਿੰਦਾ ਹੈ ਤਾਂ ਮਨੁੱਖ ਨੂੰ ਸਭ ਭੋਜਨ, ਪਾਣੀ ਅਤੇ ਰਿੱਜਕ ਰੱਬ ਮਾਂ ਵਾਂਗੂੰ ਆਪ ਹੀ ਦਿੰਦਾ ਹੈ, ਪਰ ਉਹ ਦੇਣ ਵਾਲਾ ਰੱਬ ਆਪ ਦਿਸਦਾ ਨਹੀਂ।

੩੭. ਹਰ ਕੋਈ ਮਨੁੱਖ ਆਮ ਹੀ ਆਖ ਦਿੰਦਾ ਹੈ ਕਿ ਇਕ ਰੱਬ ਤੋਂ ਸਿਵਾਏ ਹੋਰ ਕੁਝ ਨਹੀਂ ਪਰ ਕਿਸੇ ਵਿਰਲੇ ਹੀ ਭਾਗਾਂ ਵਾਲੇ ਸਿੱਖ ਨੂੰ ਰੱਬ 'ਤੇ ਭਰੋਸਾ ਹੁੰਦਾ ਹੈ।

੩੮. ਵਾਹਿਗੁਰੂ ਜੀ ਦਾ ਵੱਡਾ ਬਿਰਦ ਹੁੰਦਾ ਹੈ ਕਿ ਉਹ ਆਪਣੇ ਪਿਆਰੇ ਭਗਤਾਂ ਦੀ ਆਪ ਰੱਖਿਆ ਕਰਦਾ ਹੈ। ਦੁਨੀਆਵੀ ਲੋਕ ਭਗਤ 'ਤੇ ਆਈ ਮੁਸੀਬਤ 'ਤੇ ਹੱਸਦੇ ਹਨ ਪਰ ਜਦੋਂ ਪਰਮਾਤਮਾ ਆਪਣੇ ਭਗਤ ਦੀ ਹਰ ਥਾਂ ਆਪ ਲਾਜ ਰੱਖ

ਕੇ, ਉਸ ਦੇ ਕਾਰਜ ਸੰਵਾਰ ਦਿੰਦਾ ਹੈ ਤਾਂ ਉਹੀ ਦੁਨਿਆਵੀ ਲੋਕ ਉਸ ਭਗਤ ਤੇ ਰੱਬੀ ਮਿਹਰ ਜਾਣ ਜਾਂਦੇ ਹਨ।

੩੯. ਜਿਵੇਂ ਕਿਰਨ ਇਕ ਸੂਰਜ ਦਾ ਹਿੱਸਾ ਹੈ, ਬੁਲਬਲਾ ਪਾਣੀ ਦਾ ਹਿੱਸਾ ਹੈ, ਇਸੇ ਤਰ੍ਹਾਂ ਜੀਵ ਆਤਮਾ, ਪਰਮਾਤਮਾ ਦਾ ਹਿੱਸਾ ਹੈ, ਜਦੋਂ ਆਤਮਾ ਨੂੰ ਪਰਮਾਤਮਾ ਵਿਚ ਅਭੇਦ ਹੋਣ ਦਾ ਅਨੁਭਵ ਹੋ ਜਾਂਦਾ ਹੈ ਤਾਂ ਉਸ ਪਿਆਰੇ ਸਿੱਖ ਨੂੰ ਸਾਰਾ ਸੰਸਾਰ ਹੀ ਰੱਬ ਦਾ ਰੂਪ ਦਿਸਣ ਲੱਗ ਜਾਂਦਾ ਹੈ।

੪੦. ਵਾਹਿਗੁਰੂ ਜੀ ਦਾ ਨਾਮ ਜਪਣਾ, ਬਾਹਰਮੁਖੀ ਨਹੀਂ ਹੁੰਦਾ ਕਿਉਂਕਿ ਵਾਹਿਗੁਰੂ ਜੀ ਦਾ ਨਾਮ ਮਨੁੱਖ ਦੇ ਹਿਰਦੇ ਅੰਦਰ ਹੈ, ਜਦੋਂ ਨਾਮ-ਸਿਮਰਨ ਦਾ ਅਭਿਆਸੀ ਸਿੱਖ ਆਪਣੇ ਹਿਰਦੇ ਅੰਦਰ ਵੜ ਕੇ, ਸਿਮਰਨ ਦਾ ਅਭਿਆਸ ਕਰਦਾ ਹੈ ਤਾਂ ਇਕ-ਨਾ-ਇਕ ਦਿਨ ਰੱਬ ਉਸ ਦੇ ਰਿਹਦੇ ਅੰਦਰੋਂ ਹੀ ਪ੍ਰਗਟ ਹੋ ਜਾਂਦਾ ਹੈ।

੪੧. ਰੱਬੀ ਪਿਆਰਿਆਂ ਪਾਸ ਨਾਮ-ਸਿਮਰਨ ਦਾ ਵੱਡਾ ਖ਼ਜ਼ਾਨਾ ਹੁੰਦਾ ਹੈ, ਜੋ ਮਨੁੱਖ ਐਸੇ ਸੰਤਾਂ, ਭਗਤਾਂ ਅਤੇ ਰੱਬੀ ਪਿਆਰਿਆਂ ਦੀ ਸੰਗਤ ਕਰਦੇ ਹਨ, ਉਨ੍ਹਾਂ ਦੇ ਹਿਰਦੇ ਅੰਦਰ ਵੀ ਰੱਬੀ ਨਾਮ-ਸਿਮਰਨ ਦੀ ਬਰਕਤ ਆਉਣੀ ਸ਼ੁਰੂ ਹੋ ਜਾਂਦੀ ਹੈ।

੪੨. ਵਾਹਿਗੁਰੂ ਜੀ ਦੇ ਨਾਮ ਜਪਣ ਵਾਲੇ ਅਭਿਆਸੀ ਸਿੱਖ ਨੂੰ ਮੌਤ ਦਾ ਡਰ ਨਹੀਂ ਹੁੰਦਾ, ਸਗੋਂ ਉਸ ਦੇ ਹਿਰਦੇ ਅੰਦਰ ਹਰ ਵਕਤ ਵੱਡਾ ਚਾਅ ਬਣਿਆ ਰਹਿੰਦਾ ਹੈ ਕਿ ਮੈਂ ਛੇਤੀ-ਛੇਤੀ ਆਪਣੇ ਪਿਆਰੇ ਵਾਹਿਗੁਰੂ ਜੀ ਪਾਸ ਉੱਡ ਕੇ ਚਲਿਆ ਜਾਵਾਂ, ਕਿਉਂਕਿ ਉਹ ਦੁਨੀਆ ਵਿਚ ਰਹਿੰਦਾ ਹੋਇਆ ਰੱਬ ਦੀ ਗੋਦ ਵਿਚ ਬੈਠ ਕੇ, ਬੱਚਿਆਂ ਵਾਂਗੂੰ ਨਾਮ-ਸਿਮਰਨ ਦੀਆਂ ਖੇਡਾਂ ਹੀ ਖੇਡ ਰਿਹਾ ਹੁੰਦਾ ਹੈ।

੪੩. ਵਾਹਿਗੁਰੂ ਜੀ ਦੇ ਨਾਮ ਸਿਮਰਨ ਦੇ ਵੱਡੇ ਅਭਿਆਸ ਰਾਹੀਂ ਜਦੋਂ ਅਭਿਆਸੀ ਸਿੱਖ ਦੇ ਚਿਹਰੇ 'ਤੇ ਰੱਬੀ ਨਾਮ ਦਾ ਜਲਾਲ ਪ੍ਰਗਟ ਹੋ ਜਾਂਦਾ ਹੈ ਤਾਂ ਐਸੇ ਸਿਮਰਨ ਅਭਿਆਸੀ ਸਿੱਖ ਨੂੰ ਦੇਵਤੇ ਵੀ ਸਿਜਦਾ ਕਰਨ ਲੱਗ ਜਾਂਦੇ ਹਨ।

੪੪. ਰੱਬੀ ਸੰਤ, ਭਗਤ ਅਤੇ ਗੁਰਮੁਖ ਰੱਬ ਦਾ ਰੂਪ ਹੀ ਹੁੰਦੇ ਹਨ, ਇਨ੍ਹਾਂ ਦਾ ਵੱਡਾ ਸਤਿਕਾਰ ਕਰਨਾ ਮਾਨੋ ਕਿ ਰੱਬ ਦਾ ਹੀ ਸਤਿਕਾਰ ਕਰਨਾ ਹੁੰਦਾ ਹੈ।

੪੫. ਵਾਹਿਗੁਰੂ ਜੀ ਦੇ ਨਾਮ ਸਿਮਰਨ ਦੇ ਅਭਿਆਸੀ ਸਿੱਖ ਦੀ ਆਖ਼ਰੀ ਮੰਜ਼ਲ ਤਾਂ ਰੱਬੀ ਜੋਤ ਵਿਚ ਇਕ ਮਿਕ ਹੋ ਕੇ, ਰੱਬ ਦਾ ਰੂਪ ਹੀ ਬਣਨਾ ਹੁੰਦਾ ਹੈ।

੪੬. ਵਾਹਿਗੁਰੂ ਜੀ ਦੇ ਨਾਮ ਸਿਮਰਨ ਦੇ ਅਭਿਆਸ ਕਰਦੇ-ਕਰਦੇ ਗੁਰੂ ਕੇ ਸਿੱਖ 'ਤੇ ਇਕ-ਨ-ਇਕ ਦਿਨ ਐਸਾ ਵੀ ਆਉਂਦਾ ਹੈ ਜਦੋਂ ਨਵਨਿਧੀਆਂ, ਅਠਾਰਹ ਸਿੱਧੀਆਂ, ਬਰਕਤਾਂ, ਰਹਿਮਤਾਂ ਅਤੇ ਬਖ਼ਸ਼ਿਸ਼ਾਂ ਉਸ ਨੂੰ ਚਾਰ-ਚੁਫੇਰੇ ਤੋਂ ਘੇਰ ਲੈਂਦੀਆਂ ਹਨ।

੪੭. ਜੇ ਨਾਮ ਸਿਮਰਨ ਕਰਨ ਵਾਲੇ ਅਭਿਆਸੀ ਸਿੱਖ ਨੂੰ ਨਾਮ ਦੀ ਦਾਤ ਮਿਲ ਹੀ ਜਾਵੇ ਤਾਂ ਇਹ ਸਮਝੋ ਕਿ ਇਹ ਦਾਤ ਮੈਨੂੰ ਮੇਰੀ ਮਿਹਨਤ ਅਤੇ ਅਭਿਆਸ

ਕਰਕੇ ਨਹੀ ਮਿਲੀ ਸਗੋਂ ਇਹ ਦਾਤ ਤਾਂ ਤੈਨੂੰ ਸਤਿਗੁਰੂ ਜੀ ਦੇ ਤਰਸ ਕਰਕੇ ਮਿਲੀ ਹੈ, ਪਿਆਰਿਆ! ਇਹ ਦਾਤ ਤਾਂ ਤੈਨੂੰ ਸਤਿਗੁਰੂ ਜੀ ਨੇ ਤਰਸ ਕਰਕੇ ਆਪਣੀ ਰਹਿਮਤ ਨਾਲ ਦਿੱਤੀ ਹੈ।

੪੮. ਨਾਮ-ਸਿਮਰਨ ਦਾ ਅਭਿਆਸੀ ਸਿੱਖ ਜਦੋਂ ਵਾਹਿਗੁਰੂ ਜੀ ਦਾ ਨਾਮ ਜਪ-ਜਪ ਕੇ ਰੱਬ ਵਿਚ ਲੀਨ ਹੋ ਜਾਂਦਾ ਹੈ ਤਾਂ ਐਸੇ ਪਿਆਰੇ ਸਿੱਖ ਨੂੰ ਰੱਬ ਸਦਾ ਆਪਣੇ ਭਾਣੇ ਵਿਚ ਹੀ ਰੱਖਦਾ ਹੈ, ਉਹ ਆਪਣੇ ਮਨ ਦੀ ਮਤ ਨੂੰ ਸਦਾ-ਸਦਾ ਲਈ ਤਿਆਗ ਦਿੰਦਾ ਹੈ।

੪੯. ਜਦੋਂ ਕਿਸੇ ਗੁਰੂ ਕੇ ਸਿੱਖ ਦੇ ਹਿਰਦੇ ਅੰਦਰ ਰੱਬ ਦੀ ਤੜਫ ਪੈਦਾ ਹੋ ਜਾਂਦੀ ਹੈ ਤਾਂ ਇਹ ਵਿਛੋੜਾ ਹੀ ਇਕ-ਨਾ-ਇਕ ਦਿਨ ਰੱਬੀ ਪ੍ਰੇਮ ਬਣ ਜਾਂਦਾ ਹੈ।

੫੦. ਜੋ ਮਨੁੱਖ ਸਦਾ ਦੁਨੀਆ ਤੋਂ ਡਰਦਾ ਰਹਿੰਦਾ ਹੈ, ਸਮਝੋ ਕਿ ਇਸ ਦਾ ਅਜੇ ਰੱਬ 'ਤੇ ਭਰੋਸਾ ਨਹੀਂ ਬੱਝਾ।

੫੧. ਨਾਮ-ਸਿਮਰਨ ਦੇ ਅਭਿਆਸੀ ਸਿੱਖ 'ਤੇ ਜਦੋਂ ਰੱਬੀ ਮਿਹਰ ਹੋਣੀ ਸ਼ੁਰੂ ਹੋ ਜਾਂਦੀ ਹੈ ਤਾਂ ਐਸੇ ਸਿੱਖ ਨੂੰ ਰੱਬੀ ਸੰਤ, ਭਗਤ ਅਤੇ ਗੁਰੂ ਕੀਆਂ ਪਿਆਰੀਆਂ ਸੰਗਤਾਂ ਅਥਾਹ ਪਿਆਰ ਕਰਨ ਲੱਗ ਜਾਂਦੀਆਂ ਹਨ।

੫੨. ਗੁਰੂ ਸ਼ਬਦ, ਨਾਮ ਦੇ ਰਸ ਨਾਲ ਭਰਿਆ ਪਿਆ ਹੈ, ਜੋ ਵੀ ਗੁਰੂ ਕਾ ਪਿਆਰਾ ਸਿੱਖ ਆਪਣੀ ਸੁਰਤ ਰਾਹੀਂ ਗੁਰਬਾਣੀ ਦੇ ਗੁਰੂ ਸ਼ਬਦ ਰਾਹੀਂ ਨਾਮ ਦਾ ਰਸ ਚਖਦਾ ਹੈ ਤਾਂ ਉਸ ਨੂੰ ਨਾਮ-ਸਿਮਰਨ ਦਾ ਮਹਾਂ-ਰਸ ਪ੍ਰਾਪਤ ਹੋ ਜਾਂਦਾ ਹੈ ਜੋ ਫਿਰ ਕਦੇ ਟੁੱਟਦਾ ਨਹੀਂ।

੫੩. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦੀ ਅਸਲ ਨਿਸ਼ਾਨੀ, ਗੁਰੂ ਕੇ ਸਿੱਖ ਦਾ ਉੱਚਾ ਆਚਰਨ ਹੁੰਦਾ ਹੈ ਜਿਵੇਂ ਗ਼ੁਲਾਬ ਦੇ ਬੂਟੇ ਤੇ ਸੋਹਣਾ ਖੁਸ਼ਬੂਦਾਰ ਫੁੱਲ ਖਿੜਦਾ ਹੈ ਇਸੇ ਤਰ੍ਹਾਂ ਸਿਮਰਨ ਅਭਿਆਸੀ ਸਿੱਖ ਦੇ ਹਿਰਦੇ ਅੰਦਰ ਵੀ ਨਾਮ ਦੇ ਬੂਟੇ ਰਾਹੀਂ ਉੱਚੇ ਆਚਰਨ ਦਾ ਫੁੱਲ ਖਿੜ ਜਾਂਦਾ ਹੈ।

੫੪. ਵਾਹਿਗੁਰੂ ਜੀ ਦੇ ਸਿਮਰਨ ਅਭਿਆਸੀ ਸਿੱਖ ਨੂੰ ਜਦੋਂ ਰੱਬੀ ਸਿਮਰਨ ਵਿੱਚੋਂ ਨਾਮ ਦਾ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ ਅਤੇ ਨਿਮਰਤਾ ਦਾ ਵਾਸਾ ਹੋਣਾ ਸ਼ੁਰੂ ਹੋ ਜਾਂਦਾ ਹੈ।

੫੫. ਵਾਹਿਗੁਰੂ ਜੀ ਦੇ ਸਿਮਰਨ ਦੀ ਸਮਾਧੀ ਲਾਉਣ ਵਾਲੇ ਸਿੱਖ ਦੀ ਗੁਰੂ, ਨਾਮ ਦੀ ਦਾਤ ਰਾਹੀਂ ਝੋਲੀ ਭਰ ਦਿੰਦੇ ਹਨ ਜਿਸ ਸਦਕਾ ਉਹ ਸਿਮਰਨ ਅਭਿਆਸੀ ਸਿੱਖ ਹੋਰਨਾਂ ਦੀਆਂ ਝੋਲੀਆਂ ਭਰਨ ਦੇ ਵੀ ਲਾਇਕ ਹੋ ਜਾਂਦਾ ਹੈ।

ਚਲਦਾ...

ਦਸੰਬਰ ੨੦੨੫ ਦਾ ਬਾਕੀ

ਰਾਗੁ ਸੋਰਠਿ

*-ਮਾ. ਬਲਬੀਰ ਸਿੰਘ ਹੰਸਪਾਲ**

ਸੋਰਠਿ ਮਹਲਾ ੯
ਰੇ ਮਨ ਰਾਮ ਸਿਉ ਕਰਿ ਪ੍ਰੀਤਿ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥੧॥ਰਹਾਉ॥
ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥
ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥੨॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)

ਰਾਗੁ ਸੋਰਠਿ (ਤਿੰਨ ਤਾਲ) (ਮੱਧ ਲੈਅ)

ਸਥਾਈ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
x				੨				੦				੩			
								ਰੇ	–	ਮਾ	ਪਾ	ਨੀ	–	ਸਾਂ	–
								ਰੇ	S	ਮ	ਨ	ਰਾ	S	ਮ	S
ਨੀ	–	ਸਾਂ	ਰੇਂ	ਨ੍ਹੀ	–	ਧਾ	ਪਾ	ਮਾ	ਰੇ	ਸਾ	ਰੇ	ਨ੍ਹੀ	–	ਸਾ	ਸਾ
ਸਿਉ	S	ਕ	ਰਿ	ਪ੍ਰੀ	S	ਤਿ	S	ਸ੍ਰ	ਵ	ਨ	S	ਗੋ	S	ਬਿੰ	ਦ
ਰੇ	ਮਾ	ਪਾ	ਨ੍ਹੀ	ਧਾ	–	ਪਾ	–	ਮਾ	ਪਾ	ਨੀ	ਸਾਂ	ਰੇਂ	ਨ੍ਹੀ	ਧਾ	ਪਾ
ਗੁ	S	ਨੁ	ਸੁ	ਨਉ	S	S	S	ਅ	S	ਰੁ	S	ਗਾ	S	ਉ	S
ਮਾ	ਪਾ	ਧਾ	ਮਾ	ਰੇ	–	ਨ੍ਹੀ	ਸਾ								
ਰ	ਸ	ਨਾ	S	ਗੀ	S	ਤਿ	S								

* *ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਰਾਗੁ ਸੋਰਠਿ (ਤਿੰਨ ਤਾਲ) (ਮੱਧ ਲੈਅ)

(ਅੰਤਰਾ)

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
x				੨				੦				੩			
								ਮਾ	ਪਾ	ਨੀ	ਨੀ	ਪਾ	ਨੀ	ਸਾਂ	ਸਾਂ
								ਕਰਿ	ਸਾ	S	ਧ	ਸੰ	S	ਗ	ਤਿ
ਪਾ	ਨੀ	ਸਾਂ	ਰੇਂ	ਨੀ	–	ਸਾਂ	–	ਰੇਂ	–	ਮਾਂ	ਰੇਂ	ਸਾਂ	ਰੇਂ	ਨੀ	ਸਾਂ
ਸਿ	ਮ	ਰੁ	S	ਮਾ	S	ਧੋ	S	ਹੋ	S	ਹਿ	S	ਪ	ਭਿ	ਤ	S
ਰੇਂ	ਨੁੀ	ਧਾ	ਪਾ	ਧਾ	ਮਾ	ਰੇ	–								
ਪੁ	ਨੀ	S	S	ਤ	S	S	S								

ਤਾਨਾਂ:-

੧. ਰੇਮਾ ਰੇਰੇ ਸਾਰੇ ਨ਼ੀਸਾ ਰੇਮਾ ਪਾਧਾ ਮਾਰੇ ਨ਼ੀਸਾ

੨. ਰੇਮਾ ਪਾਨੁੀ ਧਾਪਾ ਮਾਪਾ ਧਾਮਾ ਰੇਰੇ ਸਾਰੇ ਨ਼ੀਸਾ

੩. ਮਾਪਾ ਨੀਸਾਂ ਰੇਂਨੁੀ ਧਾਪਾ ਮਾਪਾ ਧਾਮਾ ਰੇਰੇ ਨ਼ੀਸਾ

੪. ਰੇਮਾ ਰੇਰੇ ਸਾਰੇ ਨ਼ੀਸਾ ਰੇਮਾ ਪਾਨੁੀ ਧਾਪਾ ਮਾਪਾ

ਮਾਪਾ ਨੀਸਾਂ ਰੇਂਨੁੀ ਧਾਪਾ ਮਾਪਾ ਧਾਮਾ ਰੇਰੇ ਨ਼ੀਸਾ

੫. ਮਾਪਾ ਨੀਸਾਂ ਰੇਂਸਾਂ ਨੀਸਾਂ ਰੇਂਮਾਂ ਰੇਂਰੇਂ ਸਾਂਰੇਂ ਨੀਸਾਂ

ਰੇਂਨੁੀ ਧਾਪਾ ਪਾਧਾ ਮਾਪਾ ਧਾਮਾ ਰੇਰੇ ਸਾਰੇ ਨੀਸਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ

*-ਸ. ਮਨਦੀਪ ਸਿੰਘ**

ਵਿਸ਼ਾ-ਪ੍ਰਵੇਸ਼

ਕਿਸੇ ਵੀ ਧਰਮ ਦੇ ਸਿਧਾਂਤ, ਸੰਕਲਪ ਉਸ ਨੂੰ ਬਾਕੀ ਵਿਸ਼ਵੀ ਧਰਮਾਂ ਦੇ ਹਾਣੀ ਵੀ ਬਣਾਉਦੇ ਹਨ ਅਤੇ ਵੱਖਰਾ ਵੀ ਕਰਦੇ ਹਨ ਜੋ ਧਰਮਾਂ ਦੀ ਅਸਲੀਅਤ ਨੂੰ ਵਿਵਹਾਰਿਕ ਰੂਪ ਦੇ ਕੇ ਲੋਕਾਂ ਸਾਹਮਣੇ ਪੇਸ਼ ਕਰਦੇ ਹਨ। ਇੱਥੇ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਇਹ ਸਿਧਾਂਤਨੁਮਾ ਸੰਕਲਪ ਹੀ ਧਰਮਾਂ ਦੇ ਮੂਲ ਥੰਮ ਹੁੰਦੇ ਹਨ, ਜਿਨ੍ਹਾਂ ਉੱਤੇ ਧਰਮਾਂ ਦੀ ਨੀਂਹ ਟਿਕੀ ਹੁੰਦੀ ਹੈ। ਹਰੇਕ ਧਰਮ ਵਿਚ ਅਨੇਕਾਂ ਮੁੱਖ ਸੰਕਲਪ ਹਨ, ਜਿਨ੍ਹਾਂ ਵਿੱਚੋਂ ਸ਼ਹਾਦਤ ਦਾ ਸੰਕਲਪ ਆਪਣਾ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਜਬਰ ਤੇ ਜੁਲਮ ਵਿਰੁੱਧ ਸੰਘਰਸ਼ ਕਰਦਿਆਂ, ਇੱਥੇ ਸਿਦਕ ਤੇ ਸਿਰੜ ਜਿਹੇ ਪ੍ਰਤਿਮਾਨ ਸਥਾਪਿਤ ਹੋਏ ਹਨ। ਇਨ੍ਹਾਂ ਪ੍ਰਤਿਮਾਨਾਂ ਵਿੱਚੋਂ ਹੀ ਸ਼ਹਾਦਤ ਦਾ ਸੰਕਲਪ ਪੈਦਾ ਹੋਇਆ ਹੈ। ਵਿਸ਼ਵ ਸਭਿਅਤਾ ਅਤੇ ਸੱਭਿਆਚਾਰ ਦੇ ਇਤਿਹਾਸ ਨੂੰ ਵੇਖਿਆਂ ਪ੍ਰਗਟ ਹੁੰਦਾ ਹੈ ਕਿ ਆਪਣੇ ਧਰਮ ਦੀ ਖਾਤਰ ਤਾਂ ਬਹੁਤ ਸਾਰੇ ਸਿਦਕਵਾਨਾਂ ਨੇ ਜਾਨਾਂ ਵਾਰੀਆਂ ਹਨ, ਪਰੰਤੂ ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ ਕਿ ਕਿਵੇਂ ਧਰਮ ਦੀ ਖਾਤਰ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦਿੱਤੀ। ਸਿੱਖੀ ਅੰਦਰ ਸ਼ਹਾਦਤ ਦੇ ਸੰਕਲਪ ਨੂੰ ਉਜਾਗਰ ਕਰਨ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਸ਼ਹੀਦ ਸ਼ਬਦ ਦੇ ਅਰਥ ਅਤੇ ਸ਼ਹਾਦਤ ਸ਼ਬਦ ਦੇ ਅਰਥਾਂ ਨੂੰ ਵਾਚਿਆ ਜਾਵੇ, ਕਿਉਂਕਿ ਸ਼ਹਾਦਤ ਕੇਵਲ ਸਰੀਰ ਦੀ ਮੌਤ ਹੀ ਨਹੀਂ ਹੁੰਦੀ ਬਲਕਿ ਹੱਕ, ਸੱਚ, ਨਿਆਂ ਵਾਲੀ ਸੋਚ, ਸਿਧਾਂਤਾਂ, ਮਨੁੱਖੀ ਅਧਿਕਾਰਾਂ, ਸਮਾਜਿਕ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਹੁੰਦੀ ਹੈ ਅਤੇ ਇਸ ਦਾ ਸੰਬੰਧ ਸੈ੍ਮਾਣ ਦੀ ਪਹਿਚਾਣ ਨਾਲ ਹੈ।

'ਸ਼ਹਾਦਤ' ਸ਼ਬਦ ਦਾ ਅਰਥ

'ਸ਼ਹਾਦਤ'[੧] ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮੁੱਢਲਾ ਅਰਥ ਸਾਖੀ ਅਤੇ ਗਵਾਹੀ ਹੈ।[੨] ਸ਼ਹਾਦਤ ਸ਼ਬਦ ਦੀ ਜੜ੍ਹ ਯੂਨਾਨੀ ਸ਼ਬਦ ਸ਼ਹੀਦ ਤੋਂ ਹੈ ਜੋ ਗਵਾਹ ਲਈ ਵਰਤਿਆ ਗਿਆ ਹੈ। ਦੂਜੇ ਸ਼ਬਦਾਂ ਵਿਚ ਸ਼ਹੀਦ ਉਹ ਹੁੰਦਾ ਹੈ, ਜੋ ਸ਼ਹਾਦਤ ਦੀ ਗਿਣਤੀ ਕਰਕੇ ਆਪਣੇ ਵਿਸ਼ਵਾਸ ਦੀ ਸੱਚਾਈ ਅਤੇ ਇਸ ਪ੍ਰਤੀ ਆਪਣੀ ਅਟੱਲ ਵਚਨਬੱਧਤਾ ਅਤੇ ਵਫ਼ਾਦਾਰੀ ਦੀ ਗਵਾਹੀ ਦਿੰਦਾ ਹੈ।[੩] ਸ਼ਹਾਦਤ,

* *ਰੀਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ. ੯੯੧੫੮੮੬੦੨੩*

ਧਰਮ ਜਾਂ ਅਸੂਲ ਦੀ ਖਾਤਰ ਜ਼ਿੰਦਗੀ ਵਾਰ ਦੇਣ ਦਾ ਨਾਂ ਹੈ। ਪੰਜਾਬੀ ਭਾਸ਼ਾ ਵਿਚ ਸ਼ਹਾਦਤ ਸ਼ਬਦ ਅਰਬੀ ਭਾਸ਼ਾ ਤੋਂ ਲਿਆ ਗਿਆ ਹੈ ਜਿਸ ਦੇ ਅਰਥ ਤਸਦੀਕ ਜਾਂ ਪੁਸ਼ਟੀ ਕਰਨਾ ਵੀ ਬਣਦੇ ਹਨ।[੪]

ਪੰਜਾਬੀ ਵਿਚ 'ਸ਼ਹਾਦਤ' ਸਬਦ ਲਈ ਆਮ ਤੌਰ 'ਤੇ ਸ਼ਹੀਦੀ ਸ਼ਬਦ ਵਰਤ ਲਿਆ ਜਾਂਦਾ ਹੈ, ਕਿਉਂਕਿ ਸ਼ਹਾਦਤ ਸ਼ਬਦ ਦੀ ਵਰਤੋਂ ਕਿਸੇ ਕਚਹਿਰੀ ਵਿਚ ਦਿੱਤੀ ਗਵਾਹੀ ਲਈ ਵੀ ਕੀਤੀ ਜਾਂਦੀ ਹੈ, ਜਦੋਂ ਕਿ ਸ਼ਹੀਦੀ ਸ਼ਬਦ ਸਿਰਫ ਧਰਮ ਅਤੇ ਮਾਨਵਤਾ ਵਾਸਤੇ ਪ੍ਰਾਣ ਤਿਆਗ ਦੇਣ ਲਈ ਹੀ ਵਰਤਿਆ ਜਾਂਦਾ ਹੈ। ਸਿੱਖ ਸਾਹਿਤ ਵਿਚ ਸ਼ਹੀਦ ਸ਼ਬਦ ਅਰਬੀ ਵਾਂਗ ਬਹੁ-ਅਰਥਕ ਨਹੀਂ, ਸਗੋਂ ਕੇਵਲ ਧਰਮ ਤੋਂ ਕੁਰਬਾਨ ਹੋ ਜਾਣ ਵਾਲੇ ਵਿਅਕਤੀ ਲਈ ਹੀ ਵਰਤਿਆ ਜਾਂਦਾ ਹੈ।[੫]

'ਸ਼ਹਾਦਤ' ਦਾ ਸਿੱਖ ਸੰਕਲਪ

ਗੁਰਮਤਿ ਅਨੁਸਾਰ ਸ਼ਹੀਦ ਦੀ ਪਰਿਭਾਸ਼ਾ ਦੂਜਿਆਂ ਧਰਮਾਂ ਤੋਂ ਵੱਖਰੀ ਹੈ, ਜਾਤੀ-ਪੱਧਰ ਦੀ ਲੜਾਈ ਅਤੇ ਦੁਰਘਟਨਾ ਨਾਲ ਮਰਨ ਵਾਲੇ ਨੂੰ ਸ਼ਹੀਦ ਨਹੀਂ ਕਿਹਾ ਜਾਂਦਾ ਹੈ, ਜਦਕਿ ਇਸਲਾਮ ਅੰਦਰ ਕਈ ਤਰ੍ਹਾਂ ਨਾਲ ਮਰਨ ਵਾਲੇ ਨੂੰ ਸ਼ਹੀਦ ਕਿਹਾ ਗਿਆ ਹੈ। ਧਰਮ, ਦੇਸ਼, ਕੌਮ ਦੇ ਸ਼ੁਭ ਕਾਰਜ ਲਈ ਆਪਾ ਵਾਰਨ ਵਾਲੇ ਵਿਅਕਤੀ ਨੂੰ ਹੀ ਸ਼ਹੀਦ ਕਿਹਾ ਹੈ। ਗੁਰਮਤਿ ਅਨੁਸਾਰ, ਸ਼ਹੀਦ ਦੀ ਮੌਤ ਕੋਈ ਅਚਨਚੇਤ ਘਟਨਾ ਨਹੀਂ, ਸ਼ਹੀਦ ਮਨੁੱਖੀ ਜੀਵਨ ਦੀਆਂ ਗ਼ਲਤ ਕਦਰਾਂ-ਕੀਮਤਾਂ ਨਾਲ ਜੂਝਦਾ ਹੈ ਅਤੇ ਉਸ ਦਾ ਆਦਰਸ਼ ਬੜਾ ਪਵਿੱਤਰ ਹੁੰਦਾ ਹੈ। ਉਸ ਵਿਚ ਸੈ੍ਮਾਣ, ਅਜ਼ਾਦੀ ਦੀ ਸਪਿਰਟ, ਅਣਖ਼ ਤੇ ਗ਼ੌਰਵਮਈ ਜੀਵਨ ਜਿਊਣ ਦਾ ਅਕੀਦਾ ਹੁੰਦਾ ਹੈ।[੬] ਜੋ ਆਪਣੇ ਵਿਸ਼ਵਾਸ ਅਤੇ ਸਿਧਾਂਤਾਂ ਨੂੰ ਤਿਆਗਣ ਤੋਂ ਇਨਕਾਰ ਕਰ ਕੇ ਮੌਤ ਦਾ ਸੰਤਾਪ ਭੋਗਦਾ ਹੈ ਉਹ ਵੀ ਸ਼ਹੀਦ ਹੈ। ਸਿੱਖ ਵਿਚਾਰਧਾਰਾ ਵਿਚ ਕੇਵਲ ਉਹ ਮੌਤ ਸ਼ਹਾਦਤ ਹੈ ਜੋ ਧਰਮ ਦਾ ਗ਼ੌਰਵ ਸਥਾਪਿਤ ਕਰਨ ਵਾਸਤੇ ਹੋਈ ਹੋਵੇ। ਜਿੱਥੇ ਅਧਰਮ ਸਾਹਮਣੇ ਝੁਕਣ ਦੀ ਥਾਂ ਮਰਨਾ ਪ੍ਰਸੰਨਤਾ ਸਹਿਤ ਸਵੀਕਾਰ ਕਰ ਲਿਆ ਜਾਵੇ ਉਹੋ ਸ਼ਹਾਦਤ ਹੈ। ਅਸਲ ਵਿਚ ਸ਼ਹਾਦਤ ਸ਼ਬਦ ਸਿੱਖ ਧਰਮ ਵਿਚ ਉਸ ਅਤਿਅੰਤ ਸਚਿਆਰ ਪੁਰਖ ਵਾਸਤੇ ਵਰਤਿਆ ਜਾਂਦਾ ਹੈ, ਜੋ ਸੱਚ ਦੀ ਖਾਤਰ ਸਿਰ-ਧੜ ਦੀ ਬਾਜੀ ਨਿਸੰਗ ਹੋ ਕੇ ਲਾ ਦੇਵੇ ਅਤੇ ਸੱਚ ਨੂੰ ਦੋਹੀਂ ਜਹਾਨੀਂ ਪ੍ਰਗਟ ਕਰ ਦੇਵੇ।[੭]

ਇਹ ਬਹੁਤ ਦਿਲਚਸਪ ਗੱਲ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਭਾਰਤੀ ਸਭਿਅਤਾ ਵਿਚ ਸ਼ਹਾਦਤ ਦਾ ਸੰਕਲਪ ਹੀ ਮੌਜੂਦ ਨਹੀਂ ਸੀ। ਸਭ ਤੋਂ ਪਹਿਲਾਂ ਸ਼ਹੀਦ ਸ਼ਬਦ 'ਗੁਰੂ ਅਰਜਨ ਦੇਵ ਜੀ' ਵਾਸਤੇ ਵਰਤਿਆ ਗਿਆ। ਸਿੱਖ ਪਰੰਪਰਾ ਨੇ ਵੈਦਿਕ ਧਰਮਾਂ ਵਿਚ ਚੱਲੀ ਆ ਰਹੀ ਬਲੀ ਦੀ ਪ੍ਰਥਾ ਨੂੰ ਪੂਰੀ ਤਰ੍ਹਾਂ ਨਕਾਰਿਆ ਅਤੇ ਸ਼ਹਾਦਤ ਦਾ ਸੰਕਲਪ ਦਿੱਤਾ। ਨਿਰਾ ਸੰਕਲਪ ਹੀ ਨਹੀਂ, ਸਗੋਂ ਸ਼ਹਾਦਤਾਂ ਦੀ ਝੜੀ ਲਾ ਕੇ ਸ਼ਹਾਦਤ ਦੇ ਸੰਕਲਪ ਨੂੰ ਮਜ਼ਬੂਤ ਵਿਵਹਾਰਿਕ ਆਧਾਰ ਪ੍ਰਦਾਨ ਕੀਤਾ।

ਗੁਰਬਾਣੀ ਵਿਚ ਸ਼ਹੀਦ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਦੋ

ਥਾਵਾਂ 'ਤੇ ਹੋਈ ਹੈ। ਇਨ੍ਹਾਂ ਵਿਚੋਂ ਇੱਕ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ, ਜਿਸ ਵਿਚ ਇਸ ਸ਼ਬਦ ਦੀ ਵਰਤੋਂ ਇੰਝ ਹੋਈ ਹੈ –

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥[੮]

ਇਸ ਅਸਟਪਦੀ ਦੀ ਉਪਰੋਕਤ ਤੁਕਾਂ ਵਿਚ ਆਏ ਬਹੁਤੇ ਸ਼ਬਦ ਅਰਬੀ ਫ਼ਾਰਸੀ ਦੇ ਹੋਣ ਕਾਰਨ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਹੀਦ ਸ਼ਬਦ ਭਾਰਤੀ ਭਾਸ਼ਾਵਾਂ ਨੂੰ ਇਸਲਾਮ ਧਰਮ ਜਾਂ ਅਰਬ ਦੀ ਦੇਣ ਹੈ। ਇਸ ਸ਼ਬਦ ਦੀ ਦੂਜੀ ਵਾਰੀ ਵਰਤੋਂ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਹੋਈ ਹੈ

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥[੯]

ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ ਸ਼ਹੀਦ ਭਰਮ ਅਤੇ ਭੈ ਤੋਂ ਮੁਕਤ ਹੁੰਦਾ ਹੈ, ਸਬਰ ਅਤੇ ਸਿਦਕ ਸ਼ਹੀਦ ਦੇ ਦੋ ਬੁਨਿਆਦੀ ਤੱਤ ਹਨ। ਜਿਸ ਵਿਚ ਸਿਦਕ ਨਾ ਹੋਵੇ ਉਹ ਕਿਸੇ ਆਸ਼ੇ ਅਨੁਸਾਰ ਕੁਰਬਾਨੀ ਨਹੀਂ ਕਰ ਸਕਦਾ। ਸਬਰ ਇਕ ਸਵੈ-ਵਿਸ਼ਵਾਸ ਅਤੇ ਦ੍ਰਿੜ੍ਹਤਾ ਹੈ ਜੋ ਸ਼ਹੀਦ ਨੂੰ ਉਸ ਦੇ ਮਹਾਨ ਅਕੀਦੇ ਵਲ ਜਾਣ ਲਈ ਬਲ ਦਿੰਦਾ ਹੈ ਅਤੇ ਸਾਹਸ ਪੈਦਾ ਕਰਦਾ ਹੈ। ਸਬਰ ਸ਼ਹੀਦ ਨੂੰ ਥਿਰਕਣ ਨਹੀਂ ਦਿੰਦਾ:

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।[੧੦]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਨੁਸਾਰ ਜੀਵਨ ਬਸਰ ਕਰਦਿਆਂ ਬੇਅੰਤ ਸਿੱਖਾਂ ਨੇ ਅਣਗਿਣਤ ਸ਼ਹਾਦਤਾਂ ਪ੍ਰਾਪਤ ਕੀਤੀਆਂ। ਪਰ ਪਹਿਲੀ ਮੁੱਖ ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੋਈ ਸੀ, ਜਿਨ੍ਹਾਂ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਕਰਕੇ ਜਹਾਂਗੀਰ ਨੇ ਸਖ਼ਤ ਤਸੀਹੇ ਦੇ ਕੇ ੧੬੦੬ ਈ. ਵਿਚ ਲਾਹੌਰ ਵਿਖੇ ਸ਼ਹੀਦ ਕਰਵਾਇਆ। ਉਨ੍ਹਾਂ ਤੋਂ ਬਾਅਦ ਹੋਈਆਂ ਅਣਗਿਣਤ ਸ਼ਹਾਦਤਾਂ ਦੀ ਲੰਮੀ ਲੜੀ ਹੈ। ਸਿੱਖ ਧਰਮ ਵਿਚ ਸ਼ਹੀਦੀ ਦੀ ਮਹਿਮਾ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਹੜੀ ਅਰਦਾਸ ਸਿੱਖ ਰੋਜ਼ਾਨਾ ਸਵੇਰੇ-ਸ਼ਾਮ ਕਰਦੇ ਹਨ, ਉਸ ਵਿਚ ਸਿੰਘਾਂ-ਸਿੰਘਣੀਆਂ ਦੀ ਸ਼ਹੀਦੀ ਦਾ ਸਮੂਹਿਕ ਗੁਣਗਾਣ ਕੀਤਾ ਜਾਂਦਾ ਹੈ। ਵਾਸਤਵ ਵਿਚ ਜਦੋਂ ਇਹ ਸਭ ਅਰਦਾਸ ਵਿਚ ਦੁਹਰਾਇਆ ਜਾਂਦਾ ਹੈ ਤਾਂ ਇਕ ਢੰਗ ਨਾਲ ਸ਼ਹਾਦਤ ਅਤੇ ਸ਼ਹੀਦ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ:

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ,
ਹਠੀਆਂ, ਜਪੀਆਂ, ਤਪੀਆਂ, ਜਿਹਨਾਂ ਨਾਮ ਜਪਿਆ, ਵੰਡ ਛਕਿਆ,
ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ,
ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ

ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !...[੧੧]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ-

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਾਣੀ ਅਤੇ ਸ਼ਹੀਦੀ ਵਿਚ ਇਕਸਾਰਤਾ ਵੀ ਤੇ ਬਰਾਬਰਤਾ ਵੀ ਹੈ, ਗੁਰੂ ਸਾਹਿਬ ਸ਼ੁਰੂ ਤੋਂ ਹੀ ਈਰਖਾ ਨਫ਼ਰਤ ਤੋਂ ਉੱਪਰ ਉੱਠ ਕੇ ਉੱਚਾ ਤੇ ਵੱਡਾ ਸੋਚਣ ਦੇ ਮੁਦਈ ਸਨ। ਉਨ੍ਹਾਂ ਵਿਚ ਤਿਆਗ ਨਿਮਰਤਾ, ਵੈਰਾਗ਼, ਬਹਾਦਰੀ, ਪਰਉਪਕਾਰੀ ਅਤੇ ਮਾਨਵ-ਹਿਤੈਸ਼ੀ ਹੋਣ ਦੇ ਵੱਡੇ ਗੁਣ ਸਨ, ਅਜਿਹੇ ਜੀਵਨ ਮੁੱਲਾਂ ਪ੍ਰਤੀ ਗੁਰੂ ਸਾਹਿਬ ਵਾਰ-ਵਾਰ ਆਪਣੀ ਬਾਣੀ ਵਿਚ ਜ਼ੋਰ ਦੇਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਤੇ ਬਾਣੀ ਹੀ ਨਹੀਂ ਉਨ੍ਹਾਂ ਦੀ ਸ਼ਹੀਦੀ ਵੀ ਦੂਜਿਆਂ ਦੇ ਮਨੁੱਖੀ (ਮਾਨਵੀ) ਹੱਕਾਂ ਦੀ ਰਾਖੀ ਲਈ ਵੱਡੀ ਮਿਸਾਲ ਹੈ। ਹਰ ਧਰਮ ਦੇ ਪਹਿਰੇਦਾਰਾਂ ਨੇ ਆਪਣੇ ਧਰਮ ਜਾਂ ਆਪਣੀ ਕੌਮ ਲਈ ਤਾਂ ਕੁਰਬਾਨੀਆਂ ਕੀਤੀਆਂ, ਪਰ ਸਿੱਖ ਧਰਮ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੋਖੀ ਤੇ ਵਿਲੱਖਣ ਮਿਸਾਲ ਹਨ, ਜਿਨ੍ਹਾਂ ਨੇ ਦੂਜੇ ਧਰਮ ਦੀ ਰੱਖਿਆ ਅਤੇ ਮਾਨਵੀ ਹੱਕਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਡਾ. ਵਿਸ਼ਵਾਨਾਥ ਤਿਵਾੜੀ ਨੇ ਇਸ ਇਤਿਹਾਸਿਕ ਵਾਕੇ ਨੂੰ ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਪੇਸ਼ ਕੀਤਾ ਹੈ-

"ਨੌਂ ਵਰ੍ਹਿਆਂ ਦੇ ਨਾਨਕ ਨੇ ਆਪ ਜੰਞੂ ਨਹੀਂ ਪਾਇਆ
ਨੌਂ ਵਰ੍ਹਿਆਂ ਦੇ ਗੋਬਿੰਦ ਨੇ
ਨੌਵੇਂ ਨਾਨਕ ਨੂੰ ਜੰਞੂ ਦੀ ਰੱਖਿਆ ਲਈ
ਵਿਦਾ ਕੀਤਾ ਤੇ ਮੁਸਕਾਇਆ।"[੧੨]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਇਕ ਨਵੀਂ ਦਿਸ਼ਾ ਦਿੱਤੀ, ਕਿਉਂਕਿ ਉਨ੍ਹਾਂ ਦੀ ਸ਼ਹਾਦਤ ਆਪਣੇ ਧਾਰਮਿਕ ਵਿਸ਼ਵਾਸਾਂ ਵਾਸਤੇ ਨਹੀਂ ਸੀ ਸਗੋਂ ਦੂਜੀ ਕੌਮ ਦੇ ਧਾਰਮਿਕ ਹੱਕਾਂ ਦੀ ਰਖਵਾਲੀ ਵਾਸਤੇ ਸੀ।[੧੩] ਉਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਵ ਦੇ ਕਮਜ਼ੋਰ ਵਰਗ ਦੀ ਸਹਾਇਤਾ ਕਰਨੀ ਅਤੇ ਉਨ੍ਹਾਂ ਨੂੰ ਜ਼ੋਰਾਵਰ-ਜ਼ਾਲਮ ਦੀ ਧੱਕੇਸ਼ਾਹੀ ਤੋਂ ਸੁਰੱਖਿਅਤ ਕਰਨਾ ਸਭ ਤੋਂ ਅਹਿਮ ਧਰਮ-ਕਰਮ ਦੱਸਿਆ ਹੈ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨਾ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥[੧੪]
ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥[੧੫]

ਬਚਿਤ੍ਰ ਨਾਟਕ ਵਿਚ ਇਸ ਬਿਰਤਾਂਤ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ

ਪਿਤਾ ਸ੍ਰੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਅਕੀਦਤ ਦਾ ਪ੍ਰਗਟਾਵਾ ਕੀਤਾ ਹੈ। ਇਤਿਹਾਸ ਦੀ ਤਵਾਰੀਖ ਵਿਚ ਸ਼ਾਇਦ ਅਜਿਹਾ ਸਾਕਾ ਪਹਿਲੀ ਵਾਰ ਹੋਇਆ ਸੀ, ਜਿਸਦੀ ਗਵਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕਹਿ ਕੇ ਭਰੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਵਿਸ਼ਵ ਦੇ ਇਤਿਹਾਸ ਵਿਚ ਹੋਈਆਂ ਸ਼ਹਾਦਤਾਂ ਵਿਚ ਨਿਵੇਕਲਾ ਸਥਾਨ ਪ੍ਰਾਪਤ ਹੈ। ਸ਼ਹਾਦਤ ਪਿੱਛੇ ਚੱਲ ਰਿਹਾ ਸਗਲ ਵਰਤਾਰਾ ਕਿਸੇ ਨਿਸ਼ਚਿਤ ਜਾਂ ਖਾਸ ਧਰਮ ਦੇ ਹਿੱਤਾਂ ਜਾਂ ਹੋਂਦ ਦੀ ਰਾਖੀ ਵੱਲ ਸੇਧਿਤ ਨਾ ਹੋ ਕੇ, ਮਾਨਵੀ ਧਰਮ ਦੇ ਸਾਂਝੇ ਦਰਦ ਦੀ ਪੈਰਵਾਈ ਸੀ। ਗੁਰੂ ਜੀ ਦੀ ਇਹ ਸ਼ਹਾਦਤ ਧਰਮ ਦੀ ਰਾਖੀ, ਮਨੁੱਖੀ ਅਧਿਕਾਰਾਂ, ਅਜ਼ਾਦੀ, ਸਮਾਜਿਕ ਬਰਾਬਰੀ, ਨਿਆਂ, ਸ੍ਵੈ-ਹੋਂਦ ਅਤੇ ਸ੍ਵੈ-ਮਾਣ ਦੀ ਹਮਾਇਤ ਕਰਨ ਵਾਲੇ ਲੋਕਾਂ ਦੀ ਭਾਵਨਾ ਦਾ ਵੀ ਇਜ਼ਹਾਰ ਹੈ। ਭਾਰਤੀ ਚੇਤਨਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਬਿੰਬ 'ਤਿਲਕ ਜੰਞੂ ਦੇ ਰਾਖੇ' ਅਤੇ 'ਧਰਮ ਦੀ ਚਾਦਰ' ਵਾਲਾ ਹੀ ਹੈ। ਨਿਰਸੰਦੇਹ ਸੰਸਾਰ ਦੇ ਵੱਖਰੇ-ਵੱਖਰੇ ਧਾਰਮਿਕ ਪੈਗੰਬਰਾਂ ਨੇ ਆਪਣੇ ਧਰਮ ਅਤੇ ਕੌਮ ਖ਼ਾਤਰ ਕੁਰਬਾਨੀਆਂ ਦਿੱਤੀਆਂ ਹਨ, ਪਰ ਗੁਰੂ ਜੀ ਦੀ ਸ਼ਹਾਦਤ ਨੇ ਆਪਣੇ ਤੋਂ ਵੱਖਰੇ ਧਰਮ ਜਾਂ ਅਕੀਦੇ ਵਾਲੇ ਸਮੁਦਾਇ ਦੇ ਮਾਨਵੀ ਹੱਕਾਂ-ਹਕੂਕਾਂ ਲਈ ਆਪਣੇ ਸਮੇਂ ਦੀ ਦਮਨਕਾਰੀ (ਮੁਗ਼ਲ ਸਲ਼ਤਨਤ) ਸੱਤਾ ਨੂੰ ਵੰਗਾਰਿਆ। ਡਾ. ਹਰਭਜਨ ਸਿੰਘ ਅਨੁਸਾਰ ਗੁਰੂ ਜੀ ਦੀ ਸ਼ਹਾਦਤ ਇਤਿਹਾਸਿਕ ਪੱਖੋਂ ਇਸ ਕਰਕੇ ਵੀ ਲਾਸਾਨੀ ਹੈ ਕਿ ਉਨ੍ਹਾਂ ਨੇ ਭਾਰਤ ਦੀ ਬਹੁ-ਕੌਮੀ, ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਸੱਭਿਆਚਾਰੀ ਸਹਿ-ਹੋਂਦਵਾਦੀ ਸੰਸਕ੍ਰਿਤੀ ਨੂੰ ਮਜ਼ਬੂਤ ਵਿਚਾਰਧਾਰਾ ਦਾ ਆਧਾਰ ਪ੍ਰਦਾਨ ਕੀਤਾ।

ਗੁਰੂ ਸਾਹਿਬ ਦੀ ਸ਼ਹਾਦਤ ਪਿੱਛੇ 'ਨਿਰਭਉ ਨਿਰਵੈਰ' ਦੀ ਬਿਰਤੀ ਅਤੇ ਸਿਧਾਂਤ ਪ੍ਰਕਾਸ਼ਮਾਨ ਸੀ ਜੋ *ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ* ਦੇ ਆਸ਼ੇ ਤੇ ਕੇਂਦ੍ਰਿਤ ਸੀ। ਨਾ ਡਰੋ ਅਤੇ ਨਾ ਡਰਾਉ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਕੇਂਦਰੀ ਧੁਰਾ ਹੈ।[੧੬] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮੁਗ਼ਲ ਸਲਤਨਤ ਨਾਲ ਵਿਰੋਧ ਇਤਿਹਾਸ ਵਿਚ ਹੋਏ ਰਾਜੇ ਮਹਾਰਾਜਿਆਂ/ਸ਼ਾਸ਼ਕਾਂ ਦੇ ਵਿਰੋਧ ਦੀ ਤਰ੍ਹਾਂ ਦਾ ਨਹੀਂ ਸੀ। ਉਨ੍ਹਾਂ ਦਾ ਤੁਅਸਬੀ ਵਿਚਾਰਧਾਰਾ ਵਾਲੇ ਔਰੰਗਜ਼ੇਬ ਦੀਆਂ ਦੂਸਰੇ ਧਰਮਾਂ, ਕੌਮਾਂ ਪ੍ਰਤੀ ਅਸਹਿਣਸ਼ੀਲ ਤੇ ਦਮਨਕਾਰੀ ਨੀਤੀਆਂ ਅਤੇ ਫ਼ਿਰਕੂ ਤੇ ਫ਼ਾਸ਼ੀਵਾਦੀ ਵਿਚਾਰਧਾਰਾ ਦਾ ਵਿਰੋਧ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਤੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਸਮਾਜਿਕ ਬਰਾਬਰੀ ਦੇ ਮੁਦਈ ਸਨ। ਇਸ ਕਰਕੇ ਗੁਰੂ ਜੀ ਦੀ ਸ਼ਹਾਦਤ ਨੂੰ ਸਿਰਫ ਇਤਿਹਾਸ ਦੇ ਇਕਹਿਰੇ ਪਰਿਪੇਖ (ਹਿੰਦ ਦੀ ਚਾਦਰ) ਵਿਚ ਨਹੀਂ ਸਮਝਣਾ ਚਾਹੀਦਾ ਕਿਉਂਕਿ ਰਾਸ਼ਟਰ ਪ੍ਰੇਮ ਹਿੱਤ ਕੀਤੀ ਕੁਰਬਾਨੀ ਦੇ ਅਰਥ ਸੀਮਿਤ ਹੋ ਸਕਦੇ ਹਨ, ਪਰੰਤੂ ਗੁਰੂ ਸਾਹਿਬ ਦੀ ਸ਼ਹਾਦਤ ਦੇ ਨਿਰਭਉ-ਨਿਰਵੈਰ ਬਿਰਤੀ ਵਾਲੇ ਬ੍ਰਹਿਮੰਡੀ ਆਸ਼ੇ ਨੂੰ ਇਤਿਹਾਸ ਦੇ ਤੱਥਾਂ ਤਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਜੀ ਦੀ

ਸ਼ਹਾਦਤ ਨੂੰ ਸਿਰਫ਼ ਇਤਿਹਾਸਿਕ ਦ੍ਰਿਸ਼ਟੀ ਤੋਂ ਦੇਖਿਆਂ ਦੇਸ਼-ਪ੍ਰੇਮ ਦੇ ਸੀਮਤ ਦਾਇਰੇ ਅਧੀਨ ਰਹਿਣ ਕਾਰਨ ਸਿੱਖ ਸ਼ਹਾਦਤ ਸੰਬੰਧੀ ਸੀਮਤ ਵਿਆਖਿਆ ਦੀ ਭਾਵਨਾ ਬਣੀ ਰਹਿੰਦੀ ਹੈ, ਜਦਕਿ ਗੁਰੂ ਸਾਹਿਬ ਦੀ ਸ਼ਹਾਦਤ ਸਮੁੱਚੀ ਮਾਨਵਤਾ ਦੇ ਦਰਦ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਕਰਕੇ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉੱਦਾਤ ਸ਼ਹਾਦਤ ਹੈ, ਜਿਸ ਨੂੰ ਇਤਿਹਾਸ ਦੇ ਕੇਵਲ ਕੁਝ ਸੀਮਿਤ ਤੱਥਾਂ ਨਾਲ ਨਹੀਂ ਜੋੜਿਆ ਜਾ ਸਕਦਾ। ਡਾ. ਗੁਰਭਗਤ ਸਿੰਘ ਨੇ ਗੁਰੂ ਜੀ ਦੀ ਸ਼ਹਾਦਤ ਨੂੰ ਕੇਵਲ ਇਤਿਹਾਸਿਕ ਤੱਥਾਂ ਦੀ ਬਜਾਏ ਪਰਮਸੱਤ ਦੀ ਜੋਤ ਹੋ ਕੇ ਸ਼ਹੀਦ ਹੋਣ ਵਲ ਕੇਂਦ੍ਰਿਤ ਕੀਤਾ ਹੈ। ਜੋਤ ਹੋਣਾ ਅਤੇ ਜੋਤ ਦਾ ਸਾਖੀ ਬਣਨਾ ਪਰਮ ਰੋਸ਼ਨੀ ਦੇ ਹੀ ਦੋ ਪੱਖ ਹਨ, ਕੇਵਲ ਵਿਅਕਤਿਤਵ ਮਿਟਾਉਣਾ ਜਾਂ ਫ਼ਨਾਹ ਹੋਣਾ ਇੱਥੇ ਕਾਫ਼ੀ ਨਹੀਂ। ਪਰਮ ਰੋਸ਼ਨੀ ਦੇ ਇਨ੍ਹਾਂ ਦੋਹਾਂ ਪੱਖਾਂ ਨੂੰ ਸਾਕਾਰ ਕਰਨਾ, ਇਨ੍ਹਾਂ ਨਾਲ ਇਤਿਹਾਸ ਨੂੰ ਮੋੜਨਾ ਇਸ ਦੇ ਖਾਲੀਪਣ ਨੂੰ ਭਰਪੂਰ ਕਰਨਾ ਹੀ ਸਿੱਖ ਸ਼ਹਾਦਤ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵੀ ਇਨ੍ਹਾਂ ਵੱਡੇ ਅਰਥਾਂ ਵਿਚ ਹੀ ਸਮਝਣੀ ਚਾਹੀਦੀ ਹੈ।

ਇਹ ਇਕ ਇਤਿਹਾਸਿਕ ਤੱਥ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਕੁਝ ਬ੍ਰਾਹਮਣ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਆਏ ਜਿਨ੍ਹਾਂ ਨੇ ਗੁਰੂ ਸਾਹਿਬ ਕੋਲ ਹਿੰਦੂ ਧਰਮ ਦੀ ਰੱਖਿਆ ਲਈ ਬੇਨਤੀ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆਈ ਲੋਕਾਈ ਦੀ ਫਰਿਆਦ ਮੰਨ ਕੇ, ਬਾਦਸ਼ਾਹ ਦਾ ਅੱਤਿਆਚਾਰਾਂ ਵਿਰੁਧ ਉਨ੍ਹਾਂ ਦੇ ਧਰਮ ਦੀ ਰੱਖਿਆ ਕਰਨ ਦਾ ਫੈਸਲਾ ਕੀਤਾ। ਮੁਸਲਮਾਨ ਇਤਿਹਾਸਕਾਰ ਮੁਹੰਮਦ ਲਤੀਫ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗ੍ਰਿਫਤਾਰ ਹੋ ਕੇ ਜਦੋਂ ਦਿੱਲੀ ਵਿਖੇ ਗਏ ਤਾਂ ਉਨ੍ਹਾਂ ਦੀਆਂ ਤੁਅਸਬੀ ਬਾਦਸ਼ਾਹ ਔਰੰਗਜ਼ੇਬ ਨਾਲ ਕਈ ਤਰਕ-ਵਿਤਰਕਾਂ ਹੋਈਆਂ ਅਤੇ ਬਾਦਸ਼ਾਹ ਨੇ ਗੁਰੂ ਜੀ ਨੂੰ ਆਖਿਆ ਜੇਕਰ ਤੁਸੀਂ ਸੱਚੇ ਗੁਰੂ ਹੋ ਤਾਂ ਕਰਾਮਾਤਾਂ ਵਿਖਾਉ ਜਾਂ ਫਿਰ ਇਸਲਾਮ ਕਬੂਲ ਕਰੋ।[੧੭] ਪਰ ਗੁਰੂ ਜੀ ਨੇ ਧਾਰਮਿਕ ਵਿਸ਼ਵਾਸਾਂ ਦੀ ਬਹਾਲੀ ਵਾਸਤੇ ਪੈਰਵਾਈ ਕਰਦਿਆਂ ਸ਼ਹਾਦਤ ਦਿੱਤੀ। ਔਰੰਗਜ਼ੇਬ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸੀਸ ਧੜ ਨਾਲੋਂ ਜ਼ੁਦਾ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।[੧੮] ਗੁਰੂ ਕੀਆਂ ਸਾਖੀਆਂ[੧੯] ਅਤੇ ਭੱਟ ਵਹੀ ਤਲਾਉਂਡਾ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਮੱਘਰ ਸੁਦੀ ੫, ਸੰਮਤ ੧੭੩੨ ਬਿਕ੍ਰਮੀ (੧੧ ਨਵੰਬਰ, ੧੬੭੫ ਈ.) ਦਿਨ ਵੀਰਵਾਰ ਵਾਲੇ ਦਿਨ ਹੋਈ। ਅੱਜ ਤਕ ਇਹ ਤਾਂ ਹੋਇਆ ਹੈ ਕਿ ਕਾਤਲ ਮਕਤੂਲ ਪਾਸ ਜਾਏ ਪਰ ਇਹ ਨਹੀਂ ਹੋਇਆ ਕਿ ਮਕਤੂਲ ਕਾਤਲ ਪਾਸ ਜਾਏ, ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਾਤਲ (ਔਰੰਗਜ਼ੇਬ) ਪਾਸ ਜਾ ਕੇ ਉਲਟੀ ਗੰਗਾ ਚਲਾ ਦਿੱਤੀ।[੨੦]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੇ ਹਿੰਦੂ, ਜੈਨੀ, ਬੋਧੀ, ਇਸਾਈ ਅਤੇ ਇਸਲਾਮ ਧਰਮਾਂ ਦੇ ਹੰਢਣਸਾਰ ਸ੍ਵੈ ਅੰਦਰ ਇਕ ਅਨੁਪਾਤ ਲਿਆਂਦਾ,

ਉਨ੍ਹਾਂ ਦੀਆਂ ਰੱਬੀ ਕੀਮਤਾਂ ਅੰਦਰ ਇਕ ਦੂਰ-ਰਸ ਦੀਘਰਤਾ ਲਿਆਂਦੀ ਅਤੇ ਉਨ੍ਹਾਂ ਦੀ ਪਹਿਲ-ਤਾਜਗੀ ਦੇ ਪ੍ਰਾਚੀਨ ਸੋਮਿਆਂ ਨੂੰ ਨਿਖਰੀ ਚੰਨ-ਚਾਨਣੀ ਦੇ ਵਾਂਗ ਛੋਹਿਆ। ਇਹ ਆਖਣਾ ਕਿ ਗੁਰੂ ਜੀ ਕਿਸੇ ਇਕ ਖਾਸ ਧਰਮ ਦੀ ਰੱਖਿਆ ਕਰਦੇ ਸ਼ਹੀਦ ਹੋਏ ਸਨ, ਉਨ੍ਹਾਂ ਦਾ ਅਪਮਾਨ ਹੈ।[੨੧] ਇੰਞ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖ ਸ਼ਹਾਦਤ ਨੂੰ ਨਵੇਂ ਅਰਥਾਂ ਨਾਲ ਭਰਪੂਰ ਕੀਤਾ ਅਤੇ ਮੌਤ ਦੇ ਅਧਿਆਤਮਿਕ ਸਰੂਪ ਵਿਚ ਇਕ ਨਵੀਂ ਤਾਸੀਰ ਪੈਦਾ ਕੀਤੀ, ਇਸ ਨਾਲ ਗੁਰੂ ਜੀ ਦੀ ਸ਼ਹੀਦੀ ਆਪਣੇ ਆਪ ਵਿਚ ਹੋਰ ਵੱਡਾ ਉਦੇਸ਼ ਤੇ ਵਿਸਥਾਰ ਹਾਸਿਲ ਕਰਦੀ ਹੈ। ਸ਼ਹਾਦਤ ਵਰਗੇ ਫ਼ੈਸਲੇ ਵਕਤੀ ਨਹੀਂ ਹੁੰਦੇ ਸਗੋਂ ਸਿਧਾਂਤ ਅਤੇ ਇਕਸੁਰਤਾ ਦਾ ਅਦੁੱਤੀ ਪ੍ਰਗਟਾਵਾ ਹੁੰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੇ ਅਜਿਹੇ ਇਨਕਲਾਬੀ ਮਾਹੌਲ ਦੀ ਸਿਰਜਣਾ ਕੀਤੀ, ਜਿਸ ਨੇ ਸਦੀਆਂ ਤੋਂ ਗ਼ੁਲਾਮ ਚਲੇ ਆ ਰਹੇ ਲੋਕਾਂ ਵਿਚ ਜੀਵਨ ਜੀਉਣ ਦੀ ਇਕ ਨਵੀਂ ਰੂਹ ਫੂਕੀ ਅਤੇ ਉਨ੍ਹਾਂ ਨਾ ਸਿਰਫ਼ ਬਾਹਰੋਂ ਆਉਣ ਵਾਲੇ ਲੁਟੇਰਿਆਂ ਦਾ ਮੂੰਹ ਹੀ ਨਹੀਂ ਮੋੜਿਆ ਸਗੋਂ ਮੁਗਲ਼ਈ ਹਕੂਮਤ ਨਾਲ ਟੱਕਰ ਲਈ ਅਤੇ ਆਪਣਾ ਸੁਤੰਤਰ ਰਾਜ ਕਾਇਮ ਕੀਤਾ। ਸਿੱਖੀ ਸਿਦਕ ਵਿਚ ਅਡੋਲ ਦ੍ਰਿੜ੍ਹਤਾ ਅਤੇ ਪਰਪੱਕਤਾ ਦੀ ਜਿਹੜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੇ ਟੁੰਬ ਜਗਾਈ ਉਹ ਹਕੂਮਤ ਦੇ ਜ਼ੁਲਮ ਸਾਹਮਣੇ ਇਕ ਅਟੱਲ ਚੱਟਾਨ ਸਾਬਤ ਹੋਈ, ਜਿਸ ਨੇ ਉਸ ਸ਼ਾਸਨ ਵਿਵਸਥਾ ਨੂੰ ਜੋ ਸੁਤੰਤਰਤਾ, ਸਾਂਝੀਵਾਲਤਾ ਅਤੇ ਮਾਨਵਤਾ ਦੇ ਅਧਿਕਾਰਾਂ ਤੋਂ ਵੰਚਿਤ ਰੱਖਣ ਵਿਚ ਹੀ ਆਪਣੀ ਵਡਿਆਈ ਸਮਝਦੀ ਸੀ, ਖ਼ਤਮ ਕਰ ਦਿਤਾ। ਗੁਰੂ ਜੀ ਦੀ ਸ਼ਹੀਦੀ ਹਕੂਮਤ ਦੀ ਧੱਕਾਸ਼ਾਹੀ ਅਤੇ ਜ਼ੁਲਮ ਵਿਰੁੱਧ ਧਰਮ ਤੇ ਆਧਾਰਿਤ ਸਚਿਆਰਤਾ ਦੀ ਬਗ਼ਾਵਤ ਅਤੇ ਫ਼ਤਹਿ ਸੀ।[੨੨] ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹਾਦਤ ਤੋਂ ਪਿੱਛੋਂ ਸ਼ਹੀਦਾਂ ਦੀ ਇਕ ਅਟੁੱਟ ਲੜੀ ਚੱਲ ਪਈ ਜਿਹੜੀ ਸਦੀਆਂ ਦੀ ਗ਼ੁਲਾਮੀ ਤੋੜਨ ਵਿਚ ਕਾਮਯਾਬ ਹੋਈ।[੨੩]

ਸਾਰ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਤਿਆਗ, ਤਪੱਸਿਆ, ਸਾਧਨਾ, ਪਰਮਾਤਮਾ-ਭਗਤੀ, ਵੈਰਾਗ, ਪਰਉਪਕਾਰ, ਕਰੁਣਾ, ਦਯਾ, ਸੰਯਮ, ਸ਼ਹਾਦਤ ਅਤੇ ਖਿਮਾ ਲਈ ਸੰਸਾਰ-ਪ੍ਰਸਿੱਧ ਹੋਏ ਅਤੇ ਮਾਨਵਤਾ ਨੂੰ ਅੱਗੇ ਲਿਜਾਣ ਲਈ ਰੰਗ, ਜ਼ਾਤ, ਨਸਲ, ਕੌਮ, ਧਰਮ, ਦੇਸ਼, ਖ਼ੇਤਰ ਅਤੇ ਮੂਲਵਾਦੀ ਕੱਟੜਪੰਥੀ ਸੋਚ ਨੂੰ ਖ਼ਤਮ ਕਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ *'ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ'* ਦੇ ਆਸ਼ੇ ਤਹਿਤ 'ਨਾ ਡਰੋ ਅਤੇ ਨਾ ਡਰਾਉ' ਦੇ ਸਿਧਾਂਤ ਦੀ ਹਾਮੀ ਭਰਦੇ ਬੰਧਨ ਮੁਕਤ ਨਿਰਭੈਅ ਸਮਾਜ ਦਾ ਮਾਡਲ ਪੇਸ਼ ਕੀਤਾ ਹੈ। ਉਨ੍ਹਾਂ ਦੀ ਸ਼ਹੀਦੀ ਦੇ ਰਕਤ-ਦਾਨ ਦੇ ਸਿੰਜਣ ਨਾਲ ਸਿੱਖ ਧਰਮ ਨਵੀਨ ਢੰਗ ਨਾਲ ਪ੍ਰਫੁਲਿਤ ਹੋਇਆ। ਸਮਾਜ ਵਿਚ ਮਨੁੱਖ ਨਾਲ ਕਿਸੇ ਰੰਗ, ਧਰਮ, ਖ਼ੇਤਰ ਦਾ ਵਿਤਕਰਾ ਕੀਤੇ ਬਿਨਾ ਇਸ ਮਾਡਲ ਨੂੰ ਅਪਣਾਉਣਾ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਬਹੁ-ਸਭਿਆਚਾਰੀ ਦੇਸ਼ਾਂ

ਲਈ ਬਹੁਤ ਮਹੱਤਵਪੂਰਨ ਹੈ ਅਤੇ ਵਿਵਹਾਰਕ ਰੂਪ ਵਿਚ ਗੁਰੂ ਸਾਹਿਬ ਜੀ ਦੁਆਰਾ ਸਮਝਾਏ ਮਾਡਲ ਦੇ ਸਮਾਜ ਦੀ ਸਿਰਜਣਾ ਹੋਵੇਗੀ। ਗੁਰੂ ਸਾਹਿਬ ਸ਼ਾਂਤੀ, ਤਿਆਗ, ਜੀਵਨ-ਮੁਕਤੀ ਦੇ ਸਾਕਾਰ ਸਰੂਪ ਸਨ।

ਹਵਾਲੇ :

੧. The sufferings and death of a martyr; act of becoming on the condition of being martyr. *(Shorter Oxford English Dictionary,* Vth Edition, Vol. 1, Oxford University Press, p. 709)

੨. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੬੦, ਪੰਨਾ ੧੦੪.

੩. The term 'martyrdom' has roots in the Greek word 'martyrs' which stands for witness. In other words, a martyr or shahid is an who by counting martyrdom bears witness to the truth of his faith and to his own unswearing commitment and allegiance to it. (Prithipal Singh Kapoor, *Guru Arjan's, Contribution,* Martyrdom amd Legacy, P. 138)

੪. ਜੋਧ ਸਿੰਘ ਡਾ. (ਸੰਪਾ.), *ਸਿੱਖ ਧਰਮ ਵਿਸ਼ਵਕੋਸ਼,* ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੦੮, ਪੰਨਾ ੫੯੪.

੫. ਹਰਭਜਨ ਸਿੰਘ (ਡਾ.), *ਸ਼ਹੀਦ ਅਤੇ ਸ਼ਹਾਦਤ-ਸੰਕਲਪਾਤਮਿਕ ਵਿਵੇਚਨ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਸਹਾਦਤ ਵਿਸ਼ੇਸ਼ ਅੰਕ, ਜੂਨ ੨੦੦੨, ਪੰਨਾ ੨੩.

੬. Encyclopedia of Religion and Ethics, Vol. XI, 1967, p. 66.

੭. ਸਰਬਜਿੰਦਰ ਸਿੰਘ (ਡਾ.), *ਸ਼ਹਾਦਤ ਦਾ ਸੰਕਲਪ,* ਨਾਨਕ ਪ੍ਰਕਾਸ਼ ਪੱਤ੍ਰਿਕਾ, ਸਹਾਦਤ ਵਿਸ਼ੇਸ਼ ਅੰਕ, ਜੂਨ ੨੦੦੨, ਪੰਨਾ ੧੨.

੮. *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗ ਮਹਲਾ ੧, ਅਸਟਪਦੀ, ਪੰਨਾ ੫੩.

੯. ਉਹੀ, ਮਲਾਰ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ ੧੨੯੩.

੧੦. *ਵਾਰਾਂ* ਭਾਈ ਗੁਰਦਾਸ ਜੀ, ਵਾਰ ੩, ਪਉੜੀ ੧੮.

੧੧. *ਸਿੱਖ ਰਹਿਤ ਮਰਯਾਦਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੫.

੧੨. ਵਿਸ਼ਵਾਨਾਥ ਤਿਵਾੜੀ, ਸਿਮਰਨ ਤੋਂ ਸ਼ਹਾਦਤ ਤੀਕ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ੧੯੭੯, ਪੰਨਾ ੫੬.

੧੩. ਹਰਭਜਨ ਸਿੰਘ (ਡਾ.), ਸ਼ਹੀਦ ਅਤੇ ਸ਼ਹਾਦਤ-ਸੰਕਲਪਾਤਮਿਕ ਵਿਵੇਚਨ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਸ਼ਹਾਦਤ ਵਿਸ਼ੇਸ਼ ਅੰਕ, ਜੂਨ ੨੦੦੨, ਪੰਨਾ ੨੪.

੧੪. *ਬਚਿਤ੍ਰ ਨਾਟਕ*

੧੫. *ਬਚਿਤ੍ਰ ਨਾਟਕ*

੧੬. ਵਿਸ਼ਵਾਨਾਥ ਤਿਵਾੜੀ, *ਸਿਮਰਨ ਤੋਂ ਸ਼ਹਾਦਤ ਤੀਕ,* ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ੧੯੭੯, ਪੰਨਾ ੪੮.

੧੭. Mohamad Latif, History of the Punjab, 1964, Page 260.

੧੮. ਪਿਆਰਾ ਸਿੰਘ ਪਦਮ, *ਤੇਗ ਬਹਾਦਰ ਸਿਮਰੀਐ,* ੧੯੮੬, ਪੰਨਾ ੪੩.

੧੯. ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ,* ੧੯੮੬, ਪੰਨਾ ੮੨.

੨੦. ਦਲੀਪ ਸਿੰਘ ਦੀਪ, *ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਵਨ ਦਰਸ਼ਨ ਅਤੇ ਰਚਨਾ,* ੧੯੭੫, ਪੰਨਾ ੩੫.

੨੧. ਹਰਿੰਦਰ ਸਿੰਘ ਮਹਿਬੂਬ (ਪ੍ਰੋ.), *ਸਹਿਜੇ ਰਚਿਓ ਖ਼ਾਲਸਾ,* ਪੰਨਾ ੨੨੯.

੨੨. ਟੀ. ਐਸ. ਸੋਢੀ (ਡਾ.), *ਗੁਰੂ ਨਾਨਕ ਦਾ ਵਿਦਿਅਕ ਫਲਸਫਾ,* ਬਾਵਾ ਪਬਲਿਸ਼ਰਜ, ਪੰਨਾ ੨੮੮.

੨੩. ਬਿਕਰਮ ਸਿੰਘ ਘੁੰਮਣ (ਡਾ.), *ਗੁਰੂ ਤੇਗ ਬਹਾਦਰ,* ਵਾਰਿਸ ਸ਼ਾਹ ਫਾਊਂਡੇਸ਼ਨ, ਪੰਨਾ ੩੯.

ਕਵਿਤਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਉਪਕਾਰ

*-ਸ. ਸੁਰਜੀਤ ਸਿੰਘ**

ਲੈ ਕੇ ਮਜ਼ੂਬ ਦੀ ਆੜ ਸੀ ਜ਼ੁਲਮ ਕੀਤਾ,
ਝੂਠੇ ਫਤਵੇ ਲਾ ਧਰਮ ਦੀ ਹਾਨੀ ਕੀਤੀ।
ਲੱਖਾਂ ਤਿਲਕ ਉਸ ਮੱਥੇ ਤੋਂ ਪੁੰਝ ਦਿੱਤੇ,
ਅਉਖੀ ਹਿੰਦੂਆਂ ਦੀ ਜ਼ਿੰਦਗਾਨੀ ਕੀਤੀ।
ਫੜ ਫੜ ਬੇਦੋਸ਼ੇ ਕਈ ਉਹ ਜਾਏ ਮਾਰੀ,
ਮੰਦਰ ਢਾਹ ਢਾਹ ਬੜੀ ਵੈਰਾਨੀ ਕੀਤੀ।
ਜਨਤਾ ਨਾਲ ਏ ਇਨਸਾਫ ਨਹੀਂ ਕੀਤਾ,
ਤਖ਼ਤ ਬੈਠ ਔਰੰਗਜ਼ੇਬ ਬੇਈਮਾਨੀ ਕੀਤੀ।
ਸੁਣ ਕੇ ਪੁਕਾਰ ਕਸ਼ਮੀਰ ਦੇ ਪੰਡਤਾਂ ਦੀ,
ਹਿੰਦ ਵਾਸੀਆਂ ਉੱਤੇ ਮੇਹਰਬਾਨੀ ਕੀਤੀ।
ਗੁਰੂ ਤੇਗ ਬਹਾਦਰ ਮਹਾਰਾਜ ਜੀ ਨੇ,
ਤਿਲਕ ਜੰਞੂ ਦੇ ਲਈ ਕੁਰਬਾਨੀ ਕੀਤੀ।
ਕਿਹਾ ਪੰਡਤਾਂ 'ਧਰਮ ਨੂੰ ਹੈ ਬੜਾ ਖ਼ਤਰਾ',
ਮੁਗ਼ਲ ਸੈਨਾ ਬੜਾ ਅੱਤਿਆਚਾਰ ਕਰਦੀ।
ਮੰਦਰਾਂ ਵਿਚ ਟੱਲ ਨਹੀਂ ਵਜਾਉਣ ਦੇਂਦੇ,
ਪਾਠ ਪੂਜਾ ਤੋਂ ਵੀ ਬੜਾ ਲਚਾਰ ਕਰਦੀ।
ਰਾਹ ਜਾਂਦਿਆਂ ਦੇ ਜਨੇਊ ਲਾਹੀ ਜਾਵੇ,
ਕਤਲ ਖਲ੍ਹਾਰ ਕੇ ਵਿਚ ਬਜ਼ਾਰ ਕਰਦੀ।
ਔਰੰਗਜ਼ੇਬ ਦੀ ਦਾਤਾ ਸਰਕਾਰ ਜ਼ਾਲਮ,
ਜੋ ਨਾ ਸ਼ਰ੍ਹਾ ਮੰਨੇ ਉਹਨੂੰ ਪਾਰ ਕਰਦੀ।
ਪਾਤਸ਼ਾਹ ਜੀ ! ਐਵੇਂ ਮਾਰ ਕੇ ਬੇਦੋਸ਼ਿਆਂ ਨੂੰ,
ਜ਼ਾਲਮਾਂ ਨੇ ਸਾਨੂੰ ਬੜੀ ਪ੍ਰੇਸ਼ਾਨੀ ਕੀਤੀ।
ਦੁਖੀ ਪੰਡਤਾਂ ਦੇ ਦੁਖਾਂ ਨੂੰ ਨਾ ਸਹਾਰ ਸਕੇ,
ਤਿਲਕ ਜੰਞੂ ਦੇ ਲਈ ਕੁਰਬਾਨੀ ਕੀਤੀ।
ਨੌਵੇਂ ਪਾਤਸ਼ਾਹ ਜੀ ਕਰਨ ਵਿਚਾਰ ਕਿੱਦਾਂ,
ਜ਼ਾਲਮ ਕੋਲੋਂ ਮਜ਼ਲੂਮ ਬਚਾਇਆ ਜਾਵੇ।
ਖ਼ਤਰਾ ਬਣਿਆ ਏ ਜੋ ਹਿੰਦੂ ਧਰਮ ਉੱਤੇ,
ਸਦਾ ਵਾਸਤੇ ਕਿਸ ਤਰ੍ਹਾਂ ਹਟਾਇਆ ਜਾਵੇ।
ਜਿਹੜਾ ਸਦੀਆਂ ਤੋਂ ਠੰਡਾ ਸੀਤ ਹੋਇਆ,
ਖ਼ੂਨ ਕਿਸ ਤਰ੍ਹਾਂ ਫੇਰ ਗਰਮਾਇਆ ਜਾਵੇ।
ਜੋ ਸੱਚ ਧਰਮ ਦੇ ਰਾਹ ਨੂੰ ਸਨ ਛੱਡ ਬੈਠੇ ,
ਸਚਾ ਉਪਦੇਸ਼ ਕਿਵੇਂ ਏ ਦ੍ਰਿੜ੍ਹਾਇਆ ਜਾਵੇ।
ਪੱਤਾ ਪੱਤਾ ਕੀਤੇ ਪਾੜ ਕੇ ਵੇਦ ਜਾਲਮਾਂ ਨੇ,
ਮੰਦਰਾਂ 'ਤੇ ਪਾਬੰਦੀ ਲਾ ਕੇ ਪਰੇਸ਼ਾਨੀ ਕੀਤੀ।
ਸਤਿਗੁਰੂ ਉਪਕਾਰੀ ਦੁਖ ਨਾ ਜਰ ਸਕੇ,
ਤਿਲਕ ਜੰਞੂ ਦੇ ਲਈ ਕੁਰਬਾਨੀ ਕੀਤੀ।
ਪੁੱਛਿਆ ਬਾਲ ਗੋਬਿੰਦ ਤਾਂ ਗੁਰੂ ਜੀ ਬੋਲੇ,
ਔਰੰਗਜ਼ੇਬ ਨੇ ਬੜ੍ਹਾ ਸਤਾਇਆ ਹੋਇਆ।
ਤਲਵਾਰ ਨਾਲ ਇਕ ਇਸਲਾਮ ਕਰਨਾ,
ਹਿੰਦੂ ਜਾਤੀ ਨੂੰ ਉਸ ਡਰਾਇਆ ਹੋਇਆ।
ਮਹਾਂਪੁਰਸ਼ ਹੀ ਕੋਈ ਧਰਮ ਬਚਾ ਸਕਦਾ,
ਇਹ ਖੇਲ ਕਰਤਾਰ ਰਚਾਇਆ ਹੋਇਆ।
ਖਾਤਰ ਧਰਮ ਦੀ ਸ਼ਹਾਦਤ ਆਪ ਦੇਵੇ,
ਸਮਾਂ ਜਗ ਉੱਤੇ ਐਸਾ ਆਇਆ ਹੋਇਆ।
ਗੋਬਿੰਦ ਰਾਏ ਕਿਹਾ ਪਿਤਾ ਜੀ ਜਗ ਉੱਤੇ,
ਦਰ ਆਇਆਂ ਦੀ ਤੁਸੀਂ ਮੇਜ਼ਬਾਨੀ ਕੀਤੀ।
ਕਰੋ ਉਪਕਾਰ ਐਸਾ ਕਰੇ ਯਾਦ ਦੁਨੀਆ,
ਤਿਲਕ ਜੰਞੂ ਦੇ ਲਈ ਕੁਰਬਾਨੀ ਕੀਤੀ।
ਆਏ ਸ਼ਰਨ ਜੋ ਗੁਰੂ ਨਾਨਕ ਪਾਤਸ਼ਾਹ ਦੀ,
ਸੀਨੇ ਉਨ੍ਹਾਂ ਨੂੰ ਲਾ ਕੇ ਸੀ ਪਿਆਰ ਕੀਤਾ।

**#L-6/1317, ਗਲੀ ਨੰ. ੨, ਬਾਜ਼ਾਰ ਨੰ. ੩, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ. +੯੧੯੨੧੬੫੪੭੫੬੩*

ਤਿਲਕ ਜੰਞੂ ਨਾਲ ਨਹੀਂ ਏ ਸਰੋਕਾਰ ਭਾਵੇਂ,
ਪਰਉਪਕਾਰੀ ਦਾਤਾ ਜੀ ਨੇ ਉਪਕਾਰ ਕੀਤਾ।
ਧਰਮ ਬਚਾਉਣ ਦੇ ਬਦਲੇ ਸ਼ਹੀਦੀ ਦੇਣਾ,
ਸਤਿਗੁਰੂ ਤੇਗ ਬਹਾਦਰ ਨੇ ਪ੍ਰਚਾਰ ਕੀਤਾ।
ਧਰਤੀ ਡੋਲੀ ਅਤੇ ਅਸਮਾਨ ਕੰਬਿਆ ਸੀ,
ਜਦੋਂ ਗੁਰਾਂ ਨੂੰ ਜਾਲਮਾਂ ਨੇ ਗ੍ਰਿਫ਼ਤਾਰ ਕੀਤਾ।
ਜ਼ੁਲਮ ਖਤਮ ਕੀਤਾ ਵਾਰ ਕੇ ਸੀਸ ਆਪਣਾ,
ਤੁਸੀਂ ਮਜ਼ਲੂਮਾਂ ਉੱਤੇ ਮਿਹਰਬਾਨੀ ਕੀਤੀ।
ਸੁਰਜੀਤ ਸਿੰਘਾ! ਚਾਂਦਨੀ ਚੌਕ ਵਿਚ ਸਤਿਗੁਰੂ ਜੀ,
ਤਿਲਕ ਜੰਞੂ ਵਾਸਤੇ ਵੱਡੀ ਕੁਰਬਾਨੀ ਕੀਤੀ।

■

ਕਵਿਤਾ

ਕਿਤਾਬ ਬੋਲਦੀ ਹਾਂ...

-ਭਾਈ ਹਰਪ੍ਰੀਤ ਸਿੰਘ*

ਮੈਂ ਅੱਖਰਾਂ 'ਚੋਂ ਗਿਆਨ ਦਾ ਖ਼ਿਤਾਬ ਬੋਲਦੀ ਹਾਂ,
ਦਿੰਦੀ ਸੱਚ ਦਾ ਸੁਨੇਹਾ ਓਹ ਖ਼ਿਆਲ ਬੋਲਦੀ ਹਾਂ,
ਮੈਂ ਅੱਜ ਫੇਰ ਭੁੱਬਾਂ ਮਾਰ, ਵਾਰ-ਵਾਰ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਜਿਨ੍ਹਾਂ ਭੇਦ-ਭਾਵ ਵਾਲੇ ਕਾਲੇ ਅੱਖਰਾਂ ਨੂੰ ਖਿੱਚਿਆ,
ਕੁਝ ਦੌਲਤਾਂ ਨੇ ਵੰਡ ਮੈਨੂੰ ਮਹਿੰਗੇ ਮੁੱਲ ਲਿਖਿਆ,
ਉਨ੍ਹਾਂ ਦੱਸਣਾ ਗ਼ਰੀਬੀ ਵਾਲਾ ਮੈਂ ਹਾਲ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਕਈ ਸਦੀਆਂ ਤੋਂ ਮੇਰੇ ਨਾਲੋਂ ਵੱਖ ਜੋ ਤੂੰ ਹੋਇਓਂ,
ਕੀਤੇ ਵਾਅਦਿਆਂ ਦੇ ਫੇਰ ਤੋਂ ਸਲਾਮ ਮੋੜਦੀ ਹਾਂ,
ਮੈਂ ਤੇਰੀ ਹੋਣ ਵਾਲੀ ਜ਼ਿੰਦਗੀ ਦਾ ਸਾਰ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੈਂ ਬੁੱਢੇ ਰੁੱਖਾਂ ਨਾਲ ਜ਼ਿੰਦਗੀ ਦਾ ਢੰਗ ਸਿੱਖਿਆ ਹੈ,
ਜਿਉਂਦਿਆਂ ਤੇ ਮੋਇਆਂ ਆਪਾ ਰੰਗ ਲਿਖਿਆ ਹੈ,
ਮੈਂ ਮਿੱਟੀ ਵਿੱਚੋਂ ਕਾਗਜ਼ਾਂ ਦੀ ਜੀ-ਜਾਨ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੇਰੇ ਅੱਖਰਾਂ 'ਚ ਬੰਦ ਰੱਖੇ ਤੂੰ ਫ਼ਕੀਰਾਂ ਵਾਲੇ ਬੋਲ,
ਛੱਡ ਆਪਣੀ ਕਿਤਾਬ, ਕਦੇ ਮੇਰਾ ਵਰਕਾ ਫਰੋਲ,
ਮੈਂ ਤਾਂ ਉੱਚਾ ਤੇਰਾ ਸੋਹਣਾ ਕਿਰਦਾਰ ਲੋੜਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੈਂ ਓਸ ਦੀ ਵੀਚਾਰੀ ਹਾਂ ਜਿਹੜਾ ਪਰਉਪਕਾਰੀ ਹੈ,
ਮੇਰੇ ਸੀਨੇ ਉੱਤੇ ਅੱਖਰਾਂ ਦੀ ਕਲਮ ਜਿਸ ਮਾਰੀ ਹੈ,
ਤੇ ਮੈਂ ਇਸ਼ਕ ਹਕੀਕੀ ਵਾਲਾ ਸੱਚਾ ਰਾਹ ਖੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੇਰੇ ਅੱਖਰਾਂ ਨੂੰ ਸੋਹਣਾ ਘੜ੍ਹ ਲਿਖਿਆ ਲਿਖਾਰੀਆਂ,
ਹੱਕ-ਸੱਚ ਨਾਲ ਜੂਝਣਾ ਏਹ ਲਿਖ ਕੇ ਸ਼ਿੰਗਾਰੀਆਂ,
ਮੈਂ ਓਹ ਪਿਆਰ ਤੇ ਪੁਕਾਰ ਵਾਲਾ ਸਾਜ਼ ਖੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

■

* ਹਜ਼ੂਰੀ ਦਿਲਰੁਬਾ ਵਾਦਕ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
ਮੋ. ੬੮੫੭੨੦੦੮੮੦

ਸਿੱਖ ਸਾਹਿਤ ਦੇ ਰੂ-ਬ-ਰੂ (੬)

*-ਡਾ. ਰਣਜੀਤ ਕੌਰ ਪੰਨਵਾਂ**

ਪੁਸਤਕ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਵਨ, ਸੰਦੇਸ਼ ਤੇ ਸ਼ਹਾਦਤ
ਸੰਪਾਦਕ : ਡਾ. ਤਾਰਨ ਸਿੰਘ
ਪ੍ਰਕਾਸ਼ਕ : ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪ੍ਰਕਾਸ਼ਨ ਸਾਲ : ੧੯੯੭ (ਪਹਿਲੀ ਵਾਰ)
ਪੰਨੇ : ੨੭੫
ਕੀਮਤ : ੧੪੫ ਰੁਪਏ (੧੯੯੭ ਵਾਲੇ ਐਡੀਸ਼ਨ ਦੀ ਕੀਮਤ)

ਡਾ. ਤਾਰਨ ਸਿੰਘ (੮ ਫਰਵਰੀ ੧੯੨੩ - ੩੦ ਜਨਵਰੀ ੧੯੮੧) ਦੁਆਰਾ ਇਸ ਪੁਸਤਕ ਨੂੰ ਸੰਪਾਦਿਤ ਕੀਤਾ ਗਿਆ ਹੈ। ਆਪ ਜੀ ਦੁਆਰਾ ਵੱਖ-ਵੱਖ ਸੰਸਥਾਵਾਂ ਵਿਚ ਨੌਕਰੀ ਕਰਨ ਦੇ ਨਾਲ-ਨਾਲ ੧੯੬੪-੬੬ ਈ. ਦੇ ਦਰਮਿਆਨ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਵਜੋਂ ਵੀ ਕਾਰਜਸ਼ੀਲ ਰਹੇ ਉਪਰੰਤ ੧੯੬੬ ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਵਜੋਂ ਕਾਰਜਰਤ ਹੋਏ। ਆਪ ਦੁਆਰਾ ਸਿੱਖ ਧਰਮ, ਸਿਧਾਂਤ, ਗੁਰੂ ਸਾਹਿਬਾਨ ਜੀ ਦੇ ਜੀਵਨ, ਇਤਿਹਾਸ, ਪੰਜਾਬੀ ਸਾਹਿਤ 'ਤੇ ਪੰਜਾਬੀ ਭਾਸ਼ਾ ਵਿਚ ਲਗਪਗ ੩੧ (ਇਕੱਤੀ) ਪੁਸਤਕਾਂ ਅਤੇ ਅੰਗਰੇਜ਼ੀ ਭਾਸ਼ਾ ਵਿਚ ੭ (ਸਤ) ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ। ਆਪ ਜੀ ਨੇ ਆਪਣੀ ਹਯਾਤੀ 'ਚ ਅਤੇ ਬਾਅਦ ਵਿਚ ਵੀ ਕਈ ਮਾਣ/ਸਨਮਾਨ ਪ੍ਰਾਪਤ ਕੀਤੇ ਸਨ। ਆਪ ਜੀ ਦੇ ਜੀਵਨ, ਰਚਨਾਵਾਂ ਅਤੇ ਯੋਗਦਾਨ ਬਾਰੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਡਾ. ਤਾਰਨ ਸਿੰਘ ਸਿਮਰਤੀ ਗ੍ਰੰਥ (ਸੰਪਾ. ਡਾ. ਮਲਕਿੰਦਰ ਕੌਰ) ਪ੍ਰਕਾਸ਼ਿਤ ਕੀਤਾ ਗਿਆ ਹੈ ਜੋ ਕਿ ਇਸ ਪ੍ਰਬੁੱਧ ਵਿਦਵਾਨ ਨੂੰ ਸੱਚੀ ਸ਼ਰਧਾਂਜਲੀ ਹੈ।

ਵਿਚਾਰ-ਅਧੀਨ ਪੁਸਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ। ਪੰਜਾਬੀ ਯੂਨੀਵਰਸਿਟੀ ਵੱਲੋਂ ਬਣਾਈ ਸ਼ਤਾਬਦੀ ਕਮੇਟੀ ਦੁਆਰਾ ਜੋ ਅਕਾਦਮਿਕ ਪੱਧਰ ਦੀਆਂ ਵੱਖ-ਵੱਖ ਯੋਜਨਾਵਾਂ ਉਲੀਕੀਆਂ ਸਨ ਉਨ੍ਹਾਂ ਵਿੱਚੋਂ ਇਹ ਪੁਸਤਕ ਪ੍ਰਕਾਸ਼ਿਤ ਕਰਨ ਦੀ ਯੋਜਨਾ ਉਲੀਕੀ ਗਈ, ਜਿਸ ਦਾ ਸੰਪਾਦਕ ਡਾ. ਤਾਰਨ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ। ਇਸ ਪੁਸਤਕ ਵਿਚ ਪ੍ਰੌੜ੍ਹ ਵਿਦਵਾਨਾਂ ਦੇ ੨੦

* *ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਦੇ ਕਰੀਬ ਲੇਖ ਹਨ। ਜਿਨ੍ਹਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਾਣੀ ਸੰਦੇਸ਼, ਸ਼ਹਾਦਤ ਦੇ ਇਤਿਹਾਸ ਨੂੰ ਤੱਥਮੂਲਕ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਨੂੰ ਸੰਪਾਦਕ ਵੱਲੋਂ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ, **ਪਹਿਲਾ ਭਾਗ** ਗੁਰੂ ਸਾਹਿਬ ਦੇ ਜੀਵਨ ਬਾਬਤ ਹੈ, ਜਿਸ ਅਧੀਨ ਪੰਜ ਖੋਜ-ਪੱਤਰਾਂ ਨੂੰ ਦਰਜ ਕੀਤਾ ਗਿਆ ਹੈ- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜੀਵਨੀ (ਪ੍ਰੋ. ਪ੍ਰਕਾਸ਼ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦੇਸ ਰਟਣ ਅਤੇ ਪ੍ਰਚਾਰ ਦੌਰੇ (ਡਾ. ਕਿਰਪਾਲ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ : ਜੀਵਨ, ਸ਼ਹੀਦੀ ਤੇ ਉਸ ਦਾ ਸਿੱਖ ਸੰਗਤਾਂ ਪੁਰ ਅਸਰ (ਭਾਈ ਜੋਧ ਸਿੰਘ), ਸਾਖੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੀ (ਪ੍ਰਿੰ. ਸਤਬੀਰ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ (ਸ. ਨਰੈਣ ਸਿੰਘ)। **ਦੂਜਾ ਭਾਗ:** ਬਾਣੀ ਤੇ ਸੰਦੇਸ਼ ਬਾਬਤ ਹੈ, ਜਿਸ ਅਧੀਨ ਸੱਤ (੭) ਖੋਜ-ਪੱਤਰਾਂ ਨੂੰ ਦਰਜ ਕੀਤਾ ਗਿਆ ਹੈ- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਸਰਵੇਖਣ (ਵਿਚਾਰਤਮਿਕ ਤੇ ਕਲਾਤਮਿਕ ਪੱਖ ਤੋਂ) (ਡਾ. ਕਾਲਾ ਸਿੰਘ ਬੇਦੀ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਦਾਰਸ਼ਨਿਕ ਪੱਖ (ਪ੍ਰੋ. ਗੁਰਬਚਨ ਸਿੰਘ ਤਾਲਿਬ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਵੈਰਾਗ (ਯੋਗ ਵਸ਼ਿਸ਼ਟ ਨਾਲ ਇਕ ਤੁਲਨਾਤਮਕ ਅਧਿਐਨ) (ਡਾ. ਸੁਰਿੰਦਰ ਸਿੰਘ ਕੋਹਲੀ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਮਨੋਵਿਗਿਆਨਕ ਪੱਖ (ਡਾ. ਦੀਵਾਨ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਸੌਂਦਰਯ (ਪ੍ਰੋ. ਰਾਮ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ (ਭਾਸ਼ਾ ਵਿਗਿਆਨਿਕ ਵਿਸ਼ਲੇਸ਼ਣ) (ਡਾ. ਬਲਦੇਵ ਰਾਜ ਗੁਪਤਾ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਬਿੰਬ ਵਿਧਾਨ (ਡਾ. ਮਹਿੰਦਰਪਾਲ ਕੋਹਲੀ)। **ਭਾਗ ਤੀਜਾ:** ਇਤਿਹਾਸ ਤੇ ਸ਼ਹਾਦਤ ਬਾਰੇ ਹੈ, ਜਿਸ ਵਿਚ ੮ (ਅੱਠ) ਖੋਜ ਪੇਪਰ ਦਰਜ ਹਨ- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਿੱਖ ਲਹਿਰ ਨੂੰ ਦੇਣ (ਪ੍ਰੋ. ਜੋਗਿੰਦਰ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਰਧਾਲੂ ਸਿੱਖ ਤੇ ਸਨੇਹੀ (ਪ੍ਰੋ. ਪਿਆਰਾ ਸਿੰਘ ਪਦਮ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮੁੱਖੀ ਸਿੱਖ (ਡਾ. ਗੁਰਚਰਨ ਸਿੰਘ), ਗੁਰੂ ਤੇਗ ਬਹਾਦਰ ਦੇ ਯਾਦਗਾਰੀ ਸਥਾਨ (ਪ੍ਰਿੰ. ਹਰਿਭਜਨ ਸਿੰਘ), ''ਤਿਲਕ ਜੰਞੂ ਰਾਖਾ ਪ੍ਰਭ ਤਾ ਕਾ'' (ਡਾ. ਗੋਪਾਲ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ (ਸ. ਹੁਕਮ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ-ਸਿਧਾਂਤਕ ਪੱਖ (ਡਾ. ਫ਼ੌਜਾ ਸਿੰਘ), ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਸਾਕੇ ਦੀ ਸਚੀ ਸਾਖੀ (ਡਾ. ਤਾਰਨ ਸਿੰਘ)।

ਇਸ ਪੁਸਤਕ ਵਿਚ ਦਰਜ ਸਾਰੇ ਹੀ ਲੇਖ ਗੁਰੂ ਬਾਬੇ ਦੀਆਂ ਬਾਤਾਂ ਪਾਉਂਦੇ ਹੋਏ ਬਹੁਤ ਜੀ ਸਟੀਕ ਸਿਧਾਂਤਕ/ਇਤਿਹਾਸਿਕ ਗਿਆਨ ਪ੍ਰਦਾਨ ਕਰਦੇ ਹਨ। ਇਹ ਪੁਸਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ੩੫੦ ਸਾਲਾ ਦਿਵਸ ਮੌਕੇ ਆਮ/ਅਕਾਦਮਿਕ ਪਧਰ ਦੇ ਸਾਰੇ ਪਾਠਕਾਂ ਨੂੰ ਜ਼ਰੂਰ ਪੜ੍ਹਣੀ ਚਾਹੀਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ ੨੭-੧੧-੨੦੨੫ (੧੨ ਮੱਘਰ ਸੰਮਤ ਨਾਨਕਸ਼ਾਹੀ ੫੫੪) ਦੇ ਮਤਾ ਨੰ.੪੩ ਦੀ ਨਕਲ:-

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ੨੫ ਨਵੰਬਰ ੨੦੨੫ ਨੂੰ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਨਯੋਗ ਪ੍ਰਧਾਨ ਸਾਹਿਬ ਵੱਲੋਂ ਸੰਗਤਾਂ ਦੇ ਵੱਡੇ ਇਕੱਠ ਸਮੇਂ ਇੱਕ ਵਿਸ਼ੇਸ਼ ਮਤਾ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਸ ਮਤੇ ਨੂੰ ਰਿਕਾਰਡ ਦਾ ਹਿੱਸਾ ਬਨਾਉਣ ਲਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪੇਸ਼ ਕਰਨ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਹੇਠ ਲਿਖੇ ਇਸ ਮਤੇ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ:-**

"ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਤ੍ਰਾਰਵੀਂ ਸਦੀ ਵਿਚ ਹਿੰਦੋਸਤਾਨ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਵਲੋਂ ਕੀਤੇ ਜਾ ਰਹੇ ਜਬਰ-ਜ਼ੁਲਮ ਦੇ ਵਿਰੁੱਧ, ਜਬਰੀ ਲਾਹੇ ਜਾ ਰਹੇ ਤਿਲਕ-ਜੰਞੂ ਨੂੰ ਬਚਾਉਣ ਦੀ ਖ਼ਾਤਰ ਆਪਣਾ ਸੀਸ ਦੇ ਕੇ ਸੰਸਾਰ ਵਿਚ ਬੇਨਜ਼ੀਰ ਸ਼ਹਾਦਤ ਦਾ ਇਤਿਹਾਸ ਰਚਿਆ ਹੈ। ਵਿਸ਼ਵ ਵਿਚ ਆਪਣੇ ਅਕੀਦੇ ਲਈ ਮਰ-ਮਿਟਣ ਵਾਲੇ ਰਹਿਬਰ ਤੇ ਸੂਰਬੀਰ-ਸ਼ਹੀਦ ਬੇਸ਼ੁਮਾਰ ਹੋਣਗੇ, ਪਰ ਦੂਜਿਆਂ ਦੇ ਧਾਰਮਿਕ ਅਧਿਕਾਰਾਂ ਲਈ ਆਪਣਾ ਸੀਸ ਦੇਣ ਵਾਲੇ ਕੇਵਲ ਤੇ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਏ ਹਨ, ਜਿਨ੍ਹਾਂ ਦਾ ਜੀਵਨ ਤੇ ਸ਼ਹਾਦਤ ਸਮੁੱਚੀ ਮਾਨਵਤਾ ਲਈ ਸਿਦਕ, ਸਚਿਆਰਤਾ, ਭਰੋਸੇ, ਅਡੋਲ ਇਰਾਦੇ ਅਤੇ ਮਨੁੱਖੀ ਹੱਕਾਂ ਦੀ ਸੁਤੰਤਰਤਾ ਦਾ ਵਿਲੱਖਣ ਅਧਿਆਇ ਹੈ ਜੋ ਸਮੁੱਚੀ ਮਾਨਵ ਜਾਤੀ ਨੂੰ ਸਵੈਮਾਣ ਅਤੇ ਦਲੇਰੀ ਦੇ ਸਦਗੁਣਾਂ ਦਾ ਰਾਹਗੀਰ ਬਣਾਉਂਦਾ ਹੈ"

ਧਰਮ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਅੱਜ ਗੁਰਦੁਆਰਾ ਸੀਸਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਤਰ ਹੋਇਆ ਵੈਰਾਗ, ਸ਼ਰਧਾ ਤੇ ਸਤਿਕਾਰ ਦਾ ਇਹ ਵਿਸ਼ਾਲ ਸਮੂਹ ਨੌਵੇਂ ਪਾਤਸ਼ਾਹ ਦੇ ਅਦੁੱਤੀ ਪਰਉਪਕਾਰਾਂ ਅਤੇ ਅਜ਼ੀਮ ਸ਼ਹਾਦਤ ਨੂੰ ਰੋਮ-ਰੋਮ ਕਰਕੇ ਸੀਸ ਝੁਕਾਉਂਦਾ ਹੈ।

੧. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਹੁੰਦਿਆਂ ਅੱਜ ਗੁਰੂ ਸਾਹਿਬ ਜੀ ਦਾ ੩੫੦-ਸਾਲਾ ਸ਼ਹੀਦੀ ਦਿਹਾੜਾ ਮਨਾਉਂਦਿਆਂ

ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਪ੍ਰਚਾਰਨ ਲਈ ਆਪਣੀ ਵਚਨਬੱਧਤਾ ਪ੍ਰਗਟਾਉਂਦੀ ਹੈ। ਇਸ ਸੇਧ ਵਿਚ ਅਗਲਾ ਪੂਰਾ ਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਕਰਦਿਆਂ ਧਰਮ ਪ੍ਰਚਾਰ ਦੀ ਲਹਿਰ ਪ੍ਰਚੰਡ ਕਰਨ ਅਤੇ ਘਰ-ਘਰ ਤਕ ਸਤਿਗੁਰਾਂ ਦੇ ਪਾਵਨ ਉਪਦੇਸ਼ਾਂ ਅਤੇ ਫ਼ਲਸਫ਼ੇ ਨੂੰ ਪਹੁੰਚਾਉਣ ਲਈ ਵੱਡੇ ਯਤਨ ਕੀਤੇ ਜਾਣਗੇ। ਸੰਗਤ ਨੂੰ ਅਪੀਲ ਹੈ ਕਿ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਬੱਚਿਆਂ ਨੂੰ ਜੋੜਨ ਦਾ ਉੱਦਮ ਕੀਤਾ ਜਾਵੇ।

੨. ਅੱਜ ਦਾ ਇਹ ਪੰਥਕ ਇਕੱਠ ਇਹ ਵੀ ਮੰਗ ਕਰਦਾ ਹੈ ਕਿ ਰਾਜਨੀਤਕ ਕਾਰਨਾਂ ਕਰਕੇ ਜੇਲ੍ਹਾਂ ਵਿਚ ਦਹਾਕਿਆਂ ਤੋਂ ਨਜ਼ਰਬੰਦ ਬੰਦੀ ਸਿੰਘਾਂ ਨੂੰ, ਉਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਕਰਕੇ ਤੁਰੰਤ ਰਿਹਾਅ ਕੀਤਾ ਜਾਵੇ। ਕੇਂਦਰ ਸਰਕਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਸਾਲ ੨੦੧੯ ਵਿਚ ਜਾਰੀ ਕੀਤੀ ਆਪਣੀ ਨੋਟੀਫ਼ਿਕੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕਰਦਿਆਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਕੇ ਉਨ੍ਹਾਂ ਸਮੇਤ ਸਾਰੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਸਰਕਾਰ ਵੱਲੋਂ ਇਸ ਮਾਮਲੇ ਵਿਚ ਸਿੱਖ ਭਾਵਨਾਵਾਂ ਨੂੰ ਦਰਕਿਨਾਰ ਕਰਦਿਆਂ ਅਪਣਾਈ ਜਾ ਰਹੀ ਨਕਾਰਾਤਮਕ ਪਹੁੰਚ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਹੀ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਸਿੱਖਾਂ ਦੀਆਂ ਦੇਸ਼ ਲਈ ਵੱਡੀਆਂ ਕੁਰਬਾਨੀਆਂ ਹਨ ਅਤੇ ਇਸ ਦੇਸ਼ ਦਾ ਸਭਿਆਚਾਰਕ ਖਾਸਾ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ ਹੀ ਕਾਇਮ ਹੈ। ਕੇਂਦਰ ਸਰਕਾਰ ਇਸ ਮਾਮਲੇ ਵਿਚ ਵੱਡਾ ਦਿਲ ਦਿਖਾਵੇ ਅਤੇ ਮਨੁੱਖੀ ਸੰਵੇਦਨਾ ਦੀ ਕਦਰ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰੇ।

੩. ਇਸ ਦੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੩੫੦ਵੇਂ ਸ਼ਹੀਦੀ ਦਿਹਾੜੇ 'ਤੇ ਦੇਸ਼ ਦੀ ਸਰਕਾਰ ਕੋਲੋਂ ਮੰਗ ਕਰਦੇ ਹਾਂ ਕਿ ਗੁਰੂ ਸਾਹਿਬ ਵਲੋਂ ਧਰਮ ਦੀ ਆਜ਼ਾਦੀ ਲਈ ਦਿੱਤੀ ਮਹਾਨ ਸ਼ਹਾਦਤ ਨੂੰ ਸਿਜਦਾ ਕਰਦਿਆਂ ਦੇਸ਼ ਵਿਚ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਸਿੱਖੀ ਪਛਾਣ ਲਈ ਰੁਕਾਵਟ ਬਣਨ ਵਾਲੇ ਅਮਲਾਂ ਨੂੰ ਤੁਰੰਤ ਬੰਦ ਕਰਕੇ ਸਿੱਖਾਂ ਨੂੰ ਆਪਣੇ ਨਿਆਰੇ ਸਰੂਪ, ਕਕਾਰਾਂ ਅਤੇ ਫ਼ਲਸਫ਼ੇ ਨੂੰ ਧਾਰਨ ਕਰਦਿਆਂ ਜੀਣ ਦਾ ਸੁਖਾਵਾਂ ਮਾਹੌਲ ਦਿੱਤਾ ਜਾਵੇ।

■

ਖ਼ਬਰਨਾਮਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਦੀ ਵੈਰਾਗ ਤੇ ਰੂਹਾਨੀਅਤ ਭਰੇ ਮਾਹੌਲ ਵਿਚ ਅਰੰਭਤਾ

ਸ੍ਰੀ ਅਨੰਦਪੁਰ ਸਾਹਿਬ, ੨੧ ਨਵੰਬਰ- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਅਨਿਨ ਸੇਵਕ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਗੁਰਿਆਈ ਦਿਵਸ ਦੇ ਸਮਾਗਮਾਂ ਦੀ ਅੱਜ ਗੁਰਦੁਆਰਾ ਗੁਰਿਆਈ ਅਸਥਾਨ, ਪਾ. ਦਸਵੀਂ, ਗੁਰੂ ਕੇ ਮਹਿਲ, ਭੋਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਦੇ ਨਾਲ ਵੈਰਾਗ ਅਤੇ ਰੂਹਾਨੀਅਤ ਭਰੇ ਮਾਹੌਲ ਵਿਚ ਸ਼ੁਰੂਆਤ ਹੋ ਗਈ ਹੈ।

ਸਮਾਗਮਾਂ ਦੀ ਅਰੰਭਤਾ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵੱਲੋਂ ਕੀਤੀ ਗਈ। ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਏ, ਜਿਨ੍ਹਾਂ ਦੇ ਭੋਗ ੨੩ ਨਵੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਗੁਰਿਆਈ ਦਿਹਾੜੇ ਮੌਕੇ ਪੈਣਗੇ। ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਬਲਵਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਬਾਬਾ ਗੁਰਦੇਵ ਸਿੰਘ ਤਰਨਾ ਦਲ ਸ਼ਹੀਦੀ ਬਾਗ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਮੀਤ ਸਕੱਤਰ ਸ. ਗੁਰਨਾਮ ਸਿੰਘ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਗੁਰਦੁਆਰਾ ਇੰਸਪੈਕਟਰ ਚੀਫ ਸ. ਜਗਦੀਸ਼ ਸਿੰਘ ਬੁੱਟਰ, ਮੈਨੇਜਰ ਸ. ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਸ. ਤਲਵਿੰਦਰ ਸਿੰਘ ਬੁੱਟਰ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਸਰਬਜੀਤ ਸਿੰਘ ਲੁਧਿਆਣਾ, ਮੀਤ

ਮੈਨੇਜਰ ਸ. ਭੁਪਿੰਦਰ ਸਿੰਘ ਬੀਕਾਪੁਰ, ਐਡਵੋਕੇਟ ਜਸਬੀਰ ਸਿੰਘ ਅਤੇ ਭਾਈ ਸਰਬਜੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ੩੫੦ਵੀਂ ਸ਼ਹੀਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਸਮਾਗਮ

ਸ੍ਰੀ ਅਨੰਦਪੁਰ ਸਾਹਿਬ, ੨੫ ਨਵੰਬਰ– ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ੩੫੦–ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਜ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਧਾਰਮਿਕ, ਪੰਥਕ, ਰਾਜਨੀਤਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਭਰ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅਜ਼ੀਮ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਵਿਸ਼ਾਲ ਸਮਾਗਮ ਦੌਰਾਨ ਜਿੱਥੇ ਵੱਖ–ਵੱਖ ਆਗੂਆਂ ਨੇ ਅੱਜ ਸਿੱਖਾਂ ਨਾਲ ਹੋ ਰਹੇ ਅਨਿਆਂ ਦਾ ਮੁਕਾਬਲਾ ਕਰਨ ਲਈ ਪੰਥਕ ਏਕਤਾ 'ਤੇ ਜ਼ੋਰ ਦਿੱਤਾ, ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਇਕ ਵਿਸ਼ੇਸ਼ ਮਤਾ ਪੇਸ਼ ਕਰਕੇ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਸਤਿਕਾਰ ਦੇਣ ਦੇ ਨਾਲ–ਨਾਲ ਬੰਦੀ ਸਿੰਘਾਂ ਦੀ ਰਿਹਾਈ ਅਤੇ ਦੇਸ਼ ਅੰਦਰ ਸਿੱਖਾਂ ਦੀ ਧਾਰਮਿਕ ਅਜ਼ਾਦੀ ਤੇ ਸਿੱਖ ਪਛਾਣ ਵਿਚ ਰੁਕਾਵਟ ਪਾਉਣ ਵਾਲੇ ਅਮਲਾਂ ਨੂੰ ਤੁਰੰਤ ਰੋਕ ਕੇ ਸਿੱਖਾਂ ਨੂੰ ਆਪਣੇ ਨਿਆਰੇ ਸਰੂਪ, ਕਕਾਰਾਂ ਅਤੇ ਫ਼ਲਸਫ਼ੇ ਦੇ ਅਨੁਸਾਰੀ ਹੋ ਕੇ ਜੀਉਣ ਲਈ ਸੁਖਾਵਾਂ ਮਾਹੌਲ ਦੇਣ ਦੀ ਕੇਂਦਰ ਸਰਕਾਰ ਕੋਲੋਂ ਮੰਗ ਵੀ ਕੀਤੀ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਤਾਬਦੀ ਸਮਾਗਮਾਂ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਇਤਿਹਾਸ ਅਤੇ ਸਿਧਾਂਤ ਬਾਰੇ ਬੋਲਦਿਆਂ ਕਿਹਾ ਕਿ ਜਿਸ ਤਰ੍ਹਾਂ ਔਰੰਗਜ਼ੇਬ ਦੂਜੇ ਧਰਮਾਂ ਦੀ ਅਜ਼ਾਦੀ ਖੋਹ ਕੇ ਆਪਣੇ ਰਾਜ ਨੂੰ ਕਾਇਮ ਰੱਖਣਾ ਚਾਹੁੰਦਾ ਸੀ, ਅੱਜ ਵੀ ਅਜਿਹੇ ਹਮਲੇ ਹੋ ਰਹੇ ਹਨ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਦੂਜਿਆਂ ਦਾ ਧਰਮ ਬਚਾਉਣ ਵਾਲੇ ਸਿੱਖਾਂ ਨੂੰ ਹੀ ਜਜ਼ਬ ਕਰਨ ਲਈ ਸਾਜ਼ਿਸ਼ਾਂ ਤੇਜ਼ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਉੱਤੇ ਅਜਿਹੇ ਹਮਲੇ ਇਸ ਕਰਕੇ ਹੋ ਰਹੇ ਹਨ ਕਿਉਂਕਿ ਸਿੱਖਾਂ ਵਿਚਕਾਰ ਆਪਸੀ ਫੁੱਟ ਹੈ ਅਤੇ ਇਸ ਦਾ ਲਾਹਾ ਦੁਸ਼ਮਣ ਸ਼ਕਤੀਆਂ ਲੈ ਰਹੀਆਂ ਹਨ। ਉਨ੍ਹਾਂ ਆਖਿਆ ਕਿ ਪੰਥ ਦੀਆਂ ਸੰਸਥਾਵਾਂ ਪੰਥ ਦੀ ਵਿਰਾਸਤ ਹਨ ਅਤੇ ਇਨ੍ਹਾਂ ਨੂੰ

ਕਮਜ਼ੋਰ ਕਰਨ ਵਾਲੇ ਲੋਕ ਸਮਝ ਲੈਣ ਕਿ ਪੰਥ ਇਨ੍ਹਾਂ ਦੇ ਮਨਸੂਬੇ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗਾ।

ਉਨ੍ਹਾਂ ਕਿਹਾ ਕਿ ਧਾਰਮਿਕ ਸ਼ਤਾਬਦੀਆਂ ਮਨਾਉਣਾ ਸਾਰਿਆਂ ਦਾ ਸਾਂਝਾ ਫ਼ਰਜ਼ ਹੈ, ਪਰ ਇਸ ਮੌਕੇ ਗੁਰੂ ਸਾਹਿਬਾਨ ਦੇ ਸਿਧਾਂਤ ਦੀ ਅਵੱਗਿਆ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਸ਼ਤਾਬਦੀ ਬਾਰੇ ਬੋਲਦਿਆਂ ਕਿਹਾ ਕਿ ਜਿਨ੍ਹਾਂ ਮਨੁੱਖੀ ਅਧਿਕਾਰਾਂ ਅਤੇ ਜ਼ਮੀਰ ਦੀ ਅਜ਼ਾਦੀ ਲਈ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ, ਅੱਜ ਉਨ੍ਹਾਂ ਦੀ ਸ਼ਹੀਦੀ ਸ਼ਤਾਬਦੀ ਮੌਕੇ ਸਰਕਾਰਾਂ ਦਾ ਫ਼ਰਜ਼ ਹੈ ਕਿ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਸਿਧਾਂਤਾਂ 'ਤੇ ਪਹਿਰਾ ਦੇਣ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਬੀਤੇ ਦਿਨ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੂੰ ਸਮਰਪਿਤ ਇਸ ਇਜਲਾਸ ਵਿਚ ਸਰਕਾਰ ਦੇ ਆਗੂਆਂ ਵੱਲੋਂ ਨੰਗੇ ਸਿਰ ਸ਼ਾਮਲ ਹੋਣਾ ਗੁਰੂ ਸਾਹਿਬ ਦੇ ਅਦਬ-ਸਤਿਕਾਰ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਨੁਮਾਇੰਦਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਨੂੰ ਚੁਣੌਤੀ ਦੇਣ ਦੀਆਂ ਕੋਸ਼ਿਸ਼ਾਂ ਨੂੰ ਪੰਥ ਕਦੇ ਵੀ ਸਹਿਣ ਨਹੀਂ ਕਰੇਗਾ। ਉਨ੍ਹਾਂ ਕੌਮ ਨਾਲ ਵਾਅਦਾ ਕੀਤਾ ਕਿ ਉਹ ਪੰਥ ਅੱਗੇ ਹਜ਼ਾਰ ਵਾਰ ਝੁਕਣਗੇ ਲੇਕਿਨ ਜਿਹੜੀਆਂ ਸਰਕਾਰਾਂ ਸਿੱਖਾਂ ਦੀ ਪਛਾਣ ਨੂੰ ਖ਼ਤਮ ਅਤੇ ਗੁਰਦੁਆਰਾ ਸਾਹਿਬਾਨ ਉੱਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ, ਇਨ੍ਹਾਂ ਨਾਲ ਕਰੜੀ ਲੜਾਈ ਲੜੀ ਜਾਵੇਗੀ।

ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਸਿੱਖਾਂ ਦੀ ਕੌਮੀ ਮੰਗ ਨੂੰ ਦੁਹਰਾਉਂਦਿਆਂ ਸੰਗਤ ਪਾਸੋਂ ਜੈਕਾਰੇ ਲੁਆ ਕਿ ਇਸ ਮਾਮਲੇ ਸਬੰਧੀ ਸਮਰਥਨ ਪ੍ਰਾਪਤ ਕੀਤਾ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਪਾਸ ਕੀਤੇ ਮਤੇ ਦੀ ਪ੍ਰੋੜ੍ਹਤਾ ਕੀਤੀ। ਉਨ੍ਹਾਂ ਸੰਗਤ ਨੂੰ ੨੮ ਅਤੇ ੨੯ ਨਵੰਬਰ ਨੂੰ ਗੁਰਦੁਆਰਾ ਬਿਬਾਣਗੜ੍ਹ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਅਤੇ ਵਿਸ਼ੇਸ਼ ਨਗਰ ਕੀਰਤਨ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ, ਸਮੂਹ ਪੰਥਕ ਸ਼ਖ਼ਸੀਅਤਾਂ, ਸੰਪਰਦਾਵਾਂ ਤੇ ਨਿਹੰਗ ਸਿੰਘ ਦਲ ਪੰਥਾਂ ਦੇ ਮੁਖੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਸੰਗਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਗੁਰੂ ਦੀ ਬਖ਼ਸ਼ਿਸ਼ ਨਾਲ ਪੰਥ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇਗਾ ਅਤੇ ਸਾਰੇ ਸਿੱਖ ਗੁਰੂ ਦੇ ਸਿਧਾਂਤਾਂ 'ਤੇ ਚੱਲਦਿਆਂ ਕੌਮ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਗੇ।

ਸ਼ਤਾਬਦੀ ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ

ਆਪਣੇ ਸੰਬੋਧਨ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਦੁਨੀਆ ਦੇ ਇਤਿਹਾਸ ਅੰਦਰ ਧਰਮ ਦੀ ਰਖਵਾਲੀ ਲਈ ਵੱਡੀ ਉਦਾਹਰਨ ਕਰਾਰ ਦਿੰਦਿਆਂ ਕੌਮ ਨੂੰ ਆਪਣੇ ਅੰਦਰ ਧਰਮ ਦੀਆਂ ਕਦਰਾਂ-ਕੀਮਤਾਂ ਪ੍ਰਤੀ ਅਜਿਹੀ ਹੀ ਦ੍ਰਿੜ੍ਹ ਸ਼ਕਤੀ ਪੈਦਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਸਰਕਾਰਾਂ ਨੂੰ ਵੀ ਗੁਰੂ ਸਾਹਿਬ ਦੀ ਸ਼ਹਾਦਤ ਦੇ ਮੰਤਵ ਤੋਂ ਪ੍ਰੇਰਣਾ ਲੈਣ ਦੀ ਗੱਲ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਜਿਸ ਦਿੱਲੀ ਵਿਚ ਖ਼ੁਦ ਜਾ ਕੇ ਮਨੁੱਖਤਾ ਨੂੰ ਜ਼ਿੰਦਾ ਰੱਖਣ ਦੀ ਸਭ ਤੋਂ ਮਹਿੰਗੀ ਕੀਮਤ ਅਦਾ ਕੀਤੀ ਸੀ, ਸਰਕਾਰਾਂ ਦਾ ਫ਼ਰਜ਼ ਹੈ ਕਿ ਅੱਜ ਉਨ੍ਹਾਂ ਦੇ ਅਨਿਆਈ ਸਿੱਖਾਂ ਦੇ ਹੱਕ-ਹਕੂਕ ਖੋਹੇ ਨਾ ਜਾਣ। ਉਨਾਂ ਕਿਹਾ ਕਿ ਸਿੱਖਾਂ ਅਤੇ ਪੰਜਾਬ ਦੇ ਹੱਕਾਂ ਨਾਲ ਨਾਇਨਸਾਫ਼ੀ ਸਰਕਾਰਾਂ ਲਈ ਠੀਕ ਨਹੀਂ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਪੰਜਾਬ ਯੂਨੀਵਰਸਿਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਅਤੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨਾਲ ਛੇੜਛਾੜ ਦੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਹੋ ਰਹੀਆਂ ਹਰਕਤਾਂ ਕੀ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦੇ ਵਿਰੁੱਧ ਨਹੀਂ ਹਨ। ਉਨ੍ਹਾਂ ਆਖਿਆ ਕਿ ਸਰਕਾਰਾਂ ਦਾ ਕੰਮ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਹਰ ਇਕ ਦੇ ਹਿੱਤਾਂ ਦਾ ਖ਼ਿਆਲ ਰੱਖਣਾ ਹੁੰਦਾ ਹੈ, ਜਦਕਿ ਇੱਥੇ ਵਿਸ਼ੇਸ਼ ਤੌਰ 'ਤੇ ਸਿੱਖਾਂ ਅਤੇ ਪੰਜਾਬੀਆਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਸਿੱਖ ਕੌਮ ਅਰਸੇ ਤੋਂ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ, ਪਰ ਸਰਕਾਰਾਂ ਐਲਾਨ ਅਤੇ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਵੀ ਮੁਨਕਰ ਹੋ ਰਹੀਆਂ ਹਨ। ਉਨ੍ਹਾਂ ਆਖਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਬੰਦੀ ਸਿੰਘ ਦੀ ਰਿਹਾਈ ਲਈ ਸਰਕਾਰ ਨੂੰ ਵੱਡਾ ਦਿਲ ਦਿਖਾ ਕੇ ਗੁਰੂ ਸਾਹਿਬ ਨੂੰ ਸੱਚੀ ਸ਼ਰਧਾ ਭੇਟ ਕਰਨੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕੇਂਦਰ ਸਰਕਾਰ ਪਾਸੋਂ ਇਹ ਵੀ ਮੰਗ ਕੀਤੀ ਕਿ ਦੇਸ਼ ਅੰਦਰ ਸਿੱਖਾਂ ਦੀ ਧਾਰਮਿਕ ਅਜ਼ਾਦੀ ਅਤੇ ਸਿੱਖੀ ਪਛਾਣ ਲਈ ਰੁਕਾਵਟ ਬਣਨ ਵਾਲੇ ਅਮਲਾ ਨੂੰ ਤੁਰੰਤ ਬੰਦ ਕਰ ਕੇ ਸਿੱਖਾਂ ਨੂੰ ਪੂਰੇ ਦੇਸ਼ ਅੰਦਰ ਆਪਣੇ ਨਿਆਰੇ ਸਰੂਪ ਅਤੇ ਕਕਾਰਾਂ ਨੂੰ ਧਾਰਨ ਕਰਦਿਆਂ ਜੀਉਣ ਦਾ ਸੁਖਾਵਾਂ ਮਾਹੌਲ ਦਿੱਤਾ ਜਾਵੇ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ ਦੌਰਾਨ ਅਗਲਾ ਪੂਰਾ ਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਇਕ ਜ਼ੋਰਦਾਰ ਧਰਮ ਪ੍ਰਚਾਰ ਲਹਿਰ ਪ੍ਰਚੰਡ ਕਰਨ ਦਾ ਐਲਾਨ ਵੀ ਕੀਤਾ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ ਦੇ ਸ਼ਾਨਾਂਮਤੇ ਇਤਿਹਾਸ ਨੂੰ ਪ੍ਰਚਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਚਨਬਤਾ ਪ੍ਰਗਟਾਉਂਦੀ ਹੈ ਅਤੇ ਇਸੇ ਤਹਿਤ ਘਰ-ਘਰ ਤਕ ਪਹੁੰਚ ਕਰਕੇ ਗੁਰੂ ਸਾਹਿਬ ਦੇ

ਉਪਦੇਸ਼ਾਂ ਅਤੇ ਫ਼ਲਸਫ਼ੇ ਨੂੰ ਪਹੁੰਚਾਉਣ ਦੇ ਵੱਡੇ ਯਤਨ ਕੀਤੇ ਜਾਣਗੇ। ਉਨ੍ਹਾਂ ਨੌਵੇਂ ਪਾਤਸ਼ਾਹ ਦੇ ੩੫੦ਵੇਂ ਸ਼ਹੀਦੀ ਦਿਹਾੜੇ ਨੂੰ ਯਾਦਗਾਰੀ ਬਣਾਈ ਰੱਖਣ ਲਈ ਗੁਰੂ ਪਾਤਸ਼ਾਹ ਜੀ ਦੇ ਨਾਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ੧੦੦੦ ਕਮਰਿਆਂ ਦੇ ਸੰਗਤ ਲਈ ਰਿਹਾਇਸ਼ ਵਾਲਾ ਕੰਪਲੈਕਸ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਸ ਵਿਚ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਂ 'ਤੇ ਵੀ ਬਲਾਕ ਬਣਾਏ ਜਾਣਗੇ। ਉਨ੍ਹਾਂ ਨੇ ਸੰਨ ੨੦੨੭ ਵਿਚ ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ੪੫੦ਵਾਂ ਸਥਾਪਨਾ ਦਿਵਸ ਵੀ ਕੌਮੀ ਜਾਹੋ-ਜਲਾਲ ਨਾਲ ਮਨਾਉਣ ਦਾ ਐਲਾਨ ਵੀ ਕੀਤਾ।

ਇਸ ਮੌਕੇ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦੂਜੇ ਧਰਮ ਨੂੰ ਬਚਾਉਣ ਲਈ ਦਿੱਤੀ ਸ਼ਹਾਦਤ ਦੁਨੀਆ ਭਰ ਵਿਚ ਲਾਸਾਨੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੀ ਬਦੌਲਤ ਹੀ ਅੱਜ ਦੁਨੀਆ ਭਰ 'ਚ ਸਿੱਖ ਜਿੱਥੇ ਆਪਣੀ ਮਿਹਨਤ, ਇਮਾਨਦਾਰੀ ਅਤੇ ਦ੍ਰਿੜ੍ਹਤਾ ਕਰਕੇ ਬੁਲੰਦੀਆਂ ਛੂਹ ਰਹੇ ਹਨ, ਉੱਥੇ ਔਖੇ ਵੇਲੇ ਦੂਜਿਆਂ ਦੀ ਸਹਾਇਤਾ, ਸੇਵਾ ਅਤੇ ਕੁਰਬਾਨੀਆਂ ਕਰਕੇ ਵਿਸ਼ਵ ਭਰ ਵਿਚ ਵੱਖਰੀ ਪਛਾਣ ਬਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਦੁਨੀਆ ਭਰ ਵਿਚ ਕਿਤੇ ਵੀ ਕੁਦਰਤੀ ਆਫ਼ਤ ਆ ਜਾਵੇ ਤਾਂ ਸਿੱਖ ਮਨੁੱਖਤਾ ਦੀ ਸੇਵਾ ਲਈ ਸਭ ਤੋਂ ਅੱਗੇ ਹੁੰਦੇ ਹਨ। ਉਨ੍ਹਾਂ ਜਿੱਥੇ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਸਿਜਦਾ ਕੀਤਾ, ਉੱਥੇ ਇਸ ਗੱਲ 'ਤੇ ਦੁੱਖ ਵੀ ਜਤਾਇਆ ਕਿ ਦੂਜੇ ਧਰਮ ਨੂੰ ਬਚਾਉਣ ਵਾਲੇ ਧਰਮ ਨੂੰ ਖ਼ਤਮ ਕਰਨ ਲਈ ਅੱਜ ਵੱਡੇ ਪੱਧਰ 'ਤੇ ਸਾਜ਼ਿਸ਼ਾਂ ਹੋ ਰਹੀਆਂ ਹਨ ਅਤੇ ਸਿੱਖਾਂ ਦੀ ਤਾਕਤ ਨੂੰ ਖ਼ਤਮ ਕਰਨ ਲਈ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਅਤੇ ਜਥੇਬੰਦੀਆਂ ਉੱਤੇ ਕਬਜ਼ੇ ਕਰਨ ਦੀਆਂ ਸਰਕਾਰੀ ਸਾਜ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਪਿਛਲੇ ਸਮੇਂ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਉੱਤੇ ਮਹਾਰਾਸ਼ਟਰ ਸਰਕਾਰ ਦੇ ਕਬਜ਼ੇ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਕੋਲੋਂ ਖੋਹਣ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਸਿੱਖਾਂ ਨੂੰ ਅਜੇ ਵੀ ਜਾਗਣ ਦੀ ਲੋੜ ਹੈ ਕਿਉਂਕਿ ਸਿੱਖ ਦੋਖੀ ਤਾਕਤਾਂ ਦਾ ਅਗਲਾ ਨਿਸ਼ਾਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿਚ ਕਿਤੇ ਵੀ ਸਿੱਖਾਂ ਨੂੰ ਕੋਈ ਸਮੱਸਿਆ ਆਵੇ ਤਾਂ ਹਮੇਸ਼ਾ ਸਿੱਖਾਂ ਦੀਆਂ ਨੁਮਾਇੰਦਾ ਸੰਸਥਾਵਾਂ ਤੇ ਜਥੇਬੰਦੀਆਂ ਹੀ ਉਨ੍ਹਾਂ ਦੀ ਪਿੱਠ 'ਤੇ ਖੜ੍ਹਦੀਆਂ ਹਨ, ਪਰ ਜੇ ਸਿੱਖ ਸ਼ਕਤੀ ਦੀਆਂ ਇਹ ਸੰਸਥਾਵਾਂ ਹੀ ਖ਼ਤਮ ਹੋ ਗਈਆਂ ਤਾਂ ਸਿੱਖਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ

ਰਹੇਗਾ। ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੩੫੦ ਸਾਲਾ ਸ਼ਹੀਦੀ ਦਿਹਾੜੇ ਦੇ ਸੰਦਰਭ 'ਚ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੀਵਨ ਵਿਚ ਕਮਾਉਣਾ ਅੱਜ ਦੀ ਵੱਡੀ ਲੋੜ ਹੈ, ਕਿਉਂਕਿ ਗੁਰੂ ਸਾਹਿਬ ਨੇ ਹੱਕ ਸੱਚ ਲਈ ਅਵਾਜ਼ ਬੁਲੰਦ ਕੀਤੀ ਸੀ ਅਤੇ ਅੱਜ ਵੀ ਹੱਕ-ਸੱਚ ਨੂੰ ਜ਼ਿੰਦਾ ਰੱਖਣ ਲਈ ਸਿਦਕ ਅਤੇ ਦ੍ਰਿੜ੍ਹਤਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਥਕ ਸੰਸਥਾਵਾਂ ਤੇ ਜਮਾਤਾਂ ਸਿੱਖੀ ਲਈ ਹਮੇਸ਼ਾ ਵੱਡਾ ਯਤਨ ਕਰਦੀਆਂ ਰਹੀਆਂ ਹਨ ਅਤੇ ਇਸੇ ਤਹਿਤ ਹੀ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਰਕਾਰ ਵੇਲੇ ਜਿੱਥੇ ਸਿੱਖ ਸ਼ਤਾਬਦੀਆਂ ਕੌਮੀ ਜਾਹੋ-ਜਲਾਲ ਨਾਲ ਮਨਾਈਆਂ, ਉੱਥੇ ਹੀ ਨੌਜੁਆਨੀ ਨੂੰ ਵਿਰਸੇ ਨਾਲ ਜੋੜਨ ਲਈ ਯਾਦਗਾਰਾਂ ਸਥਾਪਿਤ ਕਰਨ ਵਰਗੇ ਕਈ ਵੱਡੇ ਇਤਿਹਾਸਿਕ ਕਾਰਜ ਕੀਤੇ। ਅੱਜ ਦੀਆਂ ਸਰਕਾਰਾਂ ਕੇਵਲ ਲੋਕਾਂ ਨੂੰ ਗੁੰਮਰਾਹ ਕਰ ਕੇ ਆਪਣੇ ਮਨਸੂਬੇ ਸਿੱਧ ਕਰਨ ਦੇ ਆਹਰ ਵਿਚ ਹਨ, ਪਰ ਪੰਜਾਬ ਦੇ ਲੋਕ ਸਭ ਜਾਣਦੇ ਹਨ।

ਸ਼ਤਾਬਦੀ ਦੇ ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸ. ਬਲਵਿੰਦਰ ਸਿੰਘ ਭੁੰਦੜ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਲੱਖਾ ਸਿੰਘ ਨਾਨਕਸਰ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥਾ ਯੂਕੇ, ਬਾਬਾ ਅਮੀਰ ਸਿੰਘ ਜਵੱਦੀ ਟਕਸਾਲ ਅਤੇ ਬਾਬਾ ਸੁਰਜਨ ਸਿੰਘ ਨੇ ਵੀ ਸੰਬੋਧਨ ਕੀਤਾ। ਇਨ੍ਹਾਂ ਆਪਣੇ ਸੰਬੋਧਨ ਵਿਚ ਪੰਥ ਨੂੰ ਇਕੱਠਿਆਂ ਹੋ ਕੇ ਇਤਿਹਾਸ, ਸਿਧਾਂਤ ਅਤੇ ਪਰੰਪਰਾਵਾਂ ਦੀ ਪਹਿਰੇਦਾਰੀ ਲਈ ਯਤਨਸ਼ੀਲ ਰਹਿਣ ਲਈ ਕਿਹਾ। ਉਨ੍ਹਾਂ ਆਖਿਆ ਕਿ ਕੌਮੀ ਜਲੌ ਪੰਥਕ ਸ਼ਕਤੀ ਦੇ ਇਕੱਠਿਆਂ ਰਹਿਣ ਵਿਚ ਹੀ ਹੈ। ਬੁਲਾਰਿਆਂ ਨੇ ਨੌਵੇਂ ਪਾਤਸ਼ਾਹ ਜੀ ਦੀ ਮਹਾਨ ਸ਼ਹਾਦਤ ਨੂੰ ਸਮੁੱਚੀ ਮਾਨਵਤਾ ਲਈ ਰਾਹ-ਦਸੇਰਾ ਕਰਾਰ ਦਿੱਤਾ।

ਇਸ ਤੋਂ ਪਹਿਲਾਂ ਸਵੇਰੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਸਮਾਗਮ ਦੌਰਾਨ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਅਤੇ ਬਾਬਾ ਬੰਤਾ ਸਿੰਘ ਨੇ ਕਥਾ-ਵਿਚਾਰਾਂ ਦੀ ਸਾਂਝ ਪਈ ਅਤੇ ਗਿਆਨੀ ਨਿਰਮਲ ਸਿੰਘ ਨੂਰ ਦੇ ਢਾਡੀ ਜਥੇ ਤੇ ਸ. ਕੇਵਲ ਸਿੰਘ ਮਹਿਤਾ ਦੇ ਕਵੀਸ਼ਰੀ ਜਥੇ ਨੇ ਸਿੱਖ ਇਤਿਹਾਸ ਸਰਵਣ ਕਰਵਾਇਆ।

ਸਮਾਗਮ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਮੁਖੀ ਬਾਬਾ ਜੋਗਾ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ

ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸ. ਤਜਿੰਦਰ ਸਿੰਘ ਮਿੱਡੂਖੇੜਾ, ਸਾਬਕਾ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ, ਸ. ਸੁੱਚਾ ਸਿੰਘ ਲੰਗਾਹ, ਸ. ਸੁਰਜੀਤ ਸਿੰਘ ਭਲਵਾਨ, ਸ. ਅਰਸ਼ਦੀਪ ਸਿੰਘ ਕਲੇਰ, ਸ. ਰਣਬੀਰ ਸਿੰਘ ਢਿੱਲੋਂ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਬਾਬਾ ਜਗਜੀਤ ਸਿੰਘ ਹਰਖੋਵਾਲ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਵਾਲੇ, ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਰਣਜੀਤ ਸਿੰਘ ਕਾਹਲੋਂ, ਸ. ਭੁਪਿੰਦਰ ਸਿੰਘ ਭਲਵਾਨ, ਸ. ਪਰਮਜੀਤ ਸਿੰਘ ਲੱਖੇਵਾਲ, ਸ. ਬਲਜੀਤ ਸਿੰਘ ਜਲਾਲਉਸਮਾ, ਭਾਈ ਗੁਰਬਖਸ਼ ਸਿੰਘ ਖਾਲਸਾ, ਜਥੇਦਾਰ ਕੌਰ ਸਿੰਘ, ਸ. ਰਘਬੀਰ ਸਿੰਘ ਸਹਾਰਨਮਾਜਰਾ, ਭਾਈ ਅਜੈਬ ਸਿੰਘ ਅਭਿਆਸੀ, ਸ. ਅਵਤਾਰ ਸਿੰਘ ਰੀਆ, ਸ. ਅਮਰਜੀਤ ਸਿੰਘ ਬੰਡਾਲਾ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਹਰਪਾਲ ਸਿੰਘ ਜੱਲਾ, ਸ. ਨਵਤੇਜ ਸਿੰਘ ਕਾਉਣੀ, ਸ. ਅਵਤਾਰ ਸਿੰਘ ਵਣਵਾਲਾ, ਬਾਬਾ ਬੂਟਾ ਸਿੰਘ, ਸ. ਪਰਮਜੀਤ ਸਿੰਘ ਖਾਲਸਾ, ਸ. ਸੁਖਵਰਸ਼ ਸਿੰਘ ਪੰਨੂ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਜਸਵਿੰਦਰ ਸਿੰਘ ਜੱਸੀ, ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਬਾਬਾ ਸੁੱਚਾ ਸਿੰਘ, ਸਵਾਮੀ ਜੀ ਹੁਸ਼ਿਆਰਪੁਰ ਵਾਲੇ, ਬਾਬਾ ਜੀਤ ਸਿੰਘ ਜੌਲਾਂ ਵਾਲੇ, ਬਾਬਾ ਗੁਰਦੇਵ ਸਿੰਘ ਹੁਸ਼ਿਆਰਪੁਰ, ਬਾਬਾ ਬਲਕਾਰ ਸਿੰਘ ਹਨੂੰਮਾਨਗੜ੍ਹ, ਬਾਬਾ ਲੱਖਾ ਸਿੰਘ ਕੋਟੇ ਵਾਲੇ, ਬਾਬਾ ਸੁਰਿੰਦਰ ਸਿੰਘ ਮਿੱਠਾ ਟਿਵਾਣਾ, ਮਹੰਤ ਤੀਰਥ ਸਿੰਘ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਸੁਖਦੇਵ ਸਿੰਘ ਭੁੱਚੋਂ ਵਾਲਿਆਂ ਵੱਲੋਂ ਬਾਬਾ ਨਾਨਕ ਸਿੰਘ, ਬਾਬਾ ਸੁਰਜਨ ਸਿੰਘ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਮੋਹਨ ਸਿੰਘ, ਸਿੱਖ ਧਰਮਾ ਇੰਟਰਨੈਸ਼ਨਲ ਵੱਲੋਂ ਸ. ਸਤਪਾਲ ਸਿੰਘ ਯੂਐਸਏ, ਸ. ਤਿਰਮੀਤ ਸਿੰਘ ਬੇਦੀ ਕੋਟਾ ਸੈਂਟਰਲ ਕਮੇਟੀ, ਬਾਬਾ ਧੰਨਾ ਸਿੰਘ ਬੜੂੰਦੀ ਵਾਲੇ, ਜਥੇਦਰ ਬਾਬਾ ਨਾਗਰ

ਸਿੰਘ, ਪ੍ਰਿੰਸੀਪਲ ਚਰਨਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਬਾਬਾ ਭਾਗ ਸਿੰਘ ਨਾਨਕਸਰ ਕਲੇਰਾਂ, ਸ. ਸੁਖਪਾਲ ਸਿੰਘ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਗਿਆਨੀ ਅਵਤਾਰ ਸਿੰਘ ਭੈਲ, ਬਾਬਾ ਜੋਗਿੰਦਰ ਸਿੰਘ ਅਮਰੀਕਾ, ਗਿਆਨੀ ਸੁਖਵਿੰਦਰ ਸਿੰਘ, ਬਾਬਾ ਸਰੂਪ ਸਿੰਘ ਡੁੰਮੇਵਾਲ, ਬਾਬਾ ਪ੍ਰੇਮ ਸਿੰਘ, ਬਾਬਾ ਅਜੀਤ ਸਿੰਘ ਗੁਜਰਾਤ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਜੀ ਭੂਰਾਕੋਹਨਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਵੀਸੀ ਸ. ਪ੍ਰਿਤਪਾਲ ਸਿੰਘ, ਸ. ਰਾਮ ਸਿੰਘ ਮੁੰਬਈ ਆਨਰੇਰੀ ਇੰਚਾਰਜ, ਸਿੱਖ ਮਿਸ਼ਨ ਮਹਾਂਰਾਸ਼ਟਰ ਤੇ ਗੁਜਰਾਤ, ਸ. ਦਿਲਸਾਦ ਸਿੰਘ ਅਨੰਦ, ਆਨਰੇਰੀ ਇੰਚਾਰਜ ਸਿੱਖ ਮਿਸ਼ਨ ਆਂਧਰਾ ਪ੍ਰਦੇਸ਼, ਸ. ਬਲਬੀਰ ਸਿੰਘ ਚੰਗਿਆੜਾ, ਸਿੱਖ ਚਿੰਤਕ ਸ. ਤਲਵਿੰਦਰ ਸਿੰਘ ਬੁੱਟਰ, ਇੰਚਾਰਜ ਸ. ਮੇਜਰ ਸਿੰਘ, ਸ. ਬਲਦੇਵ ਸਿੰਘ ਚੀਫ ੮੫, ਸ. ਜਗਦੀਸ਼ ਸਿੰਘ ਬੁੱਟਰ, ਮੈਨੇਜਰ ਸ. ਗੁਰਦੀਪ ਸਿੰਘ ਕੰਗ, ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੇ ਮੈਨੇਜਰ ਸ. ਜਗੀਰ ਸਿੰਘ, ਸ. ਧਰਮਿੰਦਰ ਸਿੰਘ, ਸ. ਬਲਦੇਵ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ ਰਿਆੜ, ਸ. ਸਤਿੰਦਰ ਸਿੰਘ, ਸ. ਨਿਸ਼ਾਨ ਸਿੰਘ ਜ਼ਫਰਵਾਲ, ਸ. ਸੁਰਜੀਤ ਸਿੰਘ ਬਰਨਾਲਾ, ਵਧੀਕ ਮੈਨੇਜਰ ਸ. ਹਰਦੇਵ ਸਿੰਘ, ਸ. ਸੰਦੀਪ ਸਿੰਘ ਕਲੋਤਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਅਤੇ ਭਾਈ ਸਰਬਜੀਤ ਸਿੰਘ ਢੋਟੀਆਂ ਸਮੇਤ ਵੱਡੀ ਗਿਣਤੀ ਸੰਗਤ ਹਾਜ਼ਰ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਸ਼ਰਧਾ ਅਤੇ ਵੈਰਾਗਮਈ ਮਾਹੌਲ 'ਚ ਹੋਏ ਸਮਾਪਤ

ਸ੍ਰੀ ਅਨੰਦਪੁਰ ਸਾਹਿਬ, ੨੯ ਨਵੰਬਰ- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦੀ ਪ੍ਰਾਪਤ ਕਰਨ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮਾਂ ਦੀ ਸਮਾਪਤੀ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਚ ਰੂਹਾਨੀਅਤ ਭਰੇ ਮਾਹੌਲ ਵਿਚ ਹੋਈ। ਅੱਜ ਦੇ ਸਮਾਗਮ 'ਸੀਸ ਸਸਕਾਰ ਦਿਵਸ' ਵਜੋਂ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਦੀ ਸਦੀਵੀ ਯਾਦ ਵਜੋਂ ਮਨਾਏ ਗਏ। ਇਸ ਤੋਂ ਪਹਿਲਾਂ 'ਸੀਸ ਮਾਰਗ ਨਗਰ ਕੀਰਤਨ' ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ। ਇਹ ਨਗਰ ਕੀਰਤਨ ਦਿੱਲੀ ਤੋਂ ਬੀਤੇ ਦਿਨੀਂ

ਅਰੰਭ ਹੋਇਆ ਸੀ ਜੋ ਪੜਾਅ-ਦਰ-ਪੜਾਅ ਲੰਘੀ ਰਾਤ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੁੱਜਾ ਸੀ।

ਅੱਜ ਸ੍ਰੀ ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤਕ ਸਜਾਏ ਸੀਸ ਮਾਰਗ ਨਗਰ ਕੀਰਤਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਸ਼ਰਧਾ ਭਾਵ ਨਾਲ ਹਿੱਸਾ ਲਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਦਸ਼ਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ ਸਮੇਤ ਹੋਰ ਪੰਥਕ ਹਸਤੀਆਂ ਨੇ ਹਾਜ਼ਰੀ ਭਰੀ।

ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਘੋੜਿਆਂ, ਹਾਥੀਆਂ ਨਾਲ ਭਰਵੀਂ ਸ਼ਮੂਲੀਅਤ ਕੀਤੀ ਗਈ ਅਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਹੱਥਾਂ ਵਿਚ ਖਾਲਸਈ ਨਿਸ਼ਾਨ ਫੜ੍ਹ ਕੇ ਨਗਰ ਕੀਰਤਨ ਵਿਚ ਭਰਵੀਂ ਹਾਜ਼ਰੀ ਲਗਵਾਈ। ਭਾਈ ਜੈਤਾ ਜੀ ਵੱਲੋਂ ਗੁਰੂ ਸਾਹਿਬ ਦਾ ਪਾਵਨ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੀ ਯਾਦ ਵਿਚ ਇਹ ਨਗਰ ਕੀਰਤਨ ਸੰਗਤ ਨੂੰ ਭਾਵੁਕ ਕਰ ਰਿਹਾ ਸੀ। ਸੰਗਤਾਂ ਸ਼ਰਧਾ, ਸਮਰਪਣ ਅਤੇ ਵੈਰਾਗ ਦੀ ਭਾਵਨਾ ਨਾਲ ਸਤਿਨਾਮ-ਵਾਹਿਗੁਰੂ ਦਾ ਉਚਾਰਨ ਕਰਦਿਆਂ ਨਾਲ-ਨਾਲ ਚੱਲ ਰਹੀਆਂ ਸਨ।

ਇਸੇ ਦੌਰਾਨ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸਜੇ ਦੀਵਾਨ ਵਿਚ ਸ਼੍ਰੋਮਣੀ ਰਾਗੀ, ਪਦਨ ਸ੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਨੈਲ ਸਿੰਘ, ਭਾਈ ਸ਼ੌਕੀਨ ਸਿੰਘ ਅਤੇ ਭਾਈ ਕਾਰਜ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ, ਜਦੋਂਕਿ ਪੰਥ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਸ਼ਹਾਦਤ ਦਾ ਅਦੁੱਤੀ ਬਿਰਤਾਂਤ ਸੰਗਤ ਨਾਲ ਸਾਂਝਾ ਕੀਤਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ

ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਸਮਾਗਮ ਸਿਰਫ਼ ਇੱਕ ਯਾਦਗਾਰ ਦਿਹਾੜਾ ਹੀ ਨਹੀਂ, ਸਗੋਂ ਧਰਮ ਇਨਸਾਨੀਅਤ ਅਤੇ ਨਿਆਂ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਦਿੱਤੀ ਗਈ ਸਰਬੋਤਮ ਕੁਰਬਾਨੀ ਨੂੰ ਹਿਰਦੇ ਵਿਚ ਵਸਾਉਣ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਉਣ ਦੀ ਇੱਕ ਪ੍ਰੇਰਨਾ ਵਜੋਂ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਤਾਬਦੀ ਸਮਾਗਮਾਂ ਅਤੇ ਨਗਰ ਕੀਰਤਨਾਂ ਵਿਚ ਸਹਿਯੋਗ ਕਰਨ ਲਈ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਤਖ਼ਤ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਮੂਹ ਨਿਹੰਗ ਸਿੰਘ ਦਲਾਂ, ਟਕਸਾਲਾਂ, ਸਿੱਖ ਜਥੇਬੰਦੀਆਂ, ਨਿਰਮਲੇ, ਉਦਾਸੀਨ ਸੰਪ੍ਰਦਾਵਾਂ, ਕਾਰ-ਸੇਵਾ ਵਾਲੇ ਮਹਾਂਪੁਰਖਾਂ, ਲੰਗਰਾਂ ਲਈ ਸਹਿਯੋਗ ਕਰਨੀ ਵਾਲੀਆਂ ਸੰਸਥਾਵਾਂ, ਵੱਖ-ਵੱਖ ਸੂਬਿਆਂ ਦੀਆਂ ਗੁਰਦੁਆਰਾ ਕਮੇਟੀਆਂ ਸਮੇਤ ਵੱਖ-ਵੱਖ ਧਰਮਾਂ ਦੇ ਲੋਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਅੱਗੋਂ ਵੀ ਸਿੱਖ ਸੰਸਥਾ ਨਾਲ ਸਹਿਯੋਗ ਦੀ ਆਸ ਵੀ ਪ੍ਰਗਟਾਈ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਬੋਧਨ ਕਰਦਿਆਂ ਨੌਵੇਂ ਪਾਤਸ਼ਾਹ ਜੀ ਦੇ ਸੀਸ ਸਸਕਾਰ ਦਿਵਸ ਮੌਕੇ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤਕ ਹਰ ਸਾਲ ਨਗਰ ਕੀਰਤਨ ਸਜਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਵੱਲੋਂ ਆਏ ਸੁਝਾਅ ਅਨੁਸਾਰ ਇਹ ਨਗਰ ਕੀਰਤਨ ਹਰ ਸਾਲ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਸਵੇਰੇ ੯:੦੦ ਵਜੇ ਅਰੰਭ ਹੋਇਆ ਕਰੇਗਾ ਜੋ ਦੁਪਹਿਰ ੧:੦੦ ਵਜੇ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਜਪੁਜੀ ਸਾਹਿਬ ਤੇ ਕੀਰਤਨ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਅਰਦਾਸ ਨਾਲ ਸੰਪੂਰਨ ਹੋਇਆ ਕਰੇਗਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਦਾ ਇਕੱਠ ਇਹ ਦਰਸਾਅ ਰਿਹਾ ਹੈ ਕਿ ਸਿੱਖ ਦਾ ਮੁਖ਼ ਅੱਜ ਵੀ ਗੁਰੂ ਵੱਲ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਾਡੀ ਪਹਿਚਾਣ ਨੂੰ ਜਜ਼ਬ ਕਰਨ ਦੀ ਸੋਚ ਰੱਖਦਾ ਹੈ ਉਹ ਇਹ ਜ਼ਰੂਰ ਯਾਦ ਰੱਖੇ ਕਿ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਵਾਰਸ ਹਨ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਵੀ ਕੀਤੀ।

ਨਗਰ ਕੀਰਤਨ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਗਿਆਨੀ

ਹਰਪਾਲ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਫਤਹਿਗੜ੍ਹ ਸਾਹਿਬ, ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥਾ ਯੂ.ਕੇ, ਬਾਬਾ ਨਰਿੰਦਰ ਸਿੰਘ ਹਜੂਰ ਸਾਹਿਬ ਵਾਲੇ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਬਾਬਾ ਗੁਰਮੀਤ ਸਿੰਘ, ਬਾਬਾ ਲੱਖਾ ਸਿੰਘ ਨਾਨਕਸਰ, ਬਾਬਾ ਸੁੱਖਾ ਸਿੰਘ ਸਰਿਹਾਲੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ. ਦਰਬਾਰਾ ਸਿੰਘ ਗੁਰੂ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੁਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਸੁਰਜੀਤ ਸਿੰਘ ਤੁਗਲਵਾਲ, ਬੀਬੀ ਹਰਜਿੰਦਰ ਕੌਰ, ਡਾ. ਜੰਗ ਬਹਾਦਰ ਸਿੰਘ ਰਾਏ, ਸ. ਬਲਦੇਵ ਸਿੰਘ ਕਾਇਮਪੁਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਪਰਮਜੀਤ ਸਿੰਘ ਲੱਖੇਵਾਲ, ਸ. ਰਣਜੀਤ ਸਿੰਘ ਕਾਹਲੋਂ, ਸ. ਅਵਤਾਰ ਸਿੰਘ ਰਿਆ, ਸ. ਫੂੰਮਣ ਸਿੰਘ, ਸ. ਜਰਨੈਲ ਸਿੰਘ ਡੋਗਰਾਂਵਾਲ, ਸ. ਗੁਰਬਖਸ਼ ਸਿੰਘ ਖਾਲਸਾ, ਸ. ਕੇਵਲ ਸਿੰਘ ਬਾਦਲ, ਸ. ਸਤਪਾਲ ਸਿੰਘ ਤਲਵੰਡੀ ਭਾਈ, ਭਾਈ ਅਜੈਬ ਸਿੰਘ ਅਭਿਆਸੀ, ਸ. ਅਮਰੀਕ ਸਿੰਘ ਕੋਟਸ਼ਮੀਰ, ਸ. ਬਲਜੀਤ ਸਿੰਘ ਜਲਾਲਉਸਮਾ, ਸ. ਅਮਰਜੀਤ ਸਿੰਘ ਭਲਾਈਪੁਰ, ਬਾਬਾ ਬੂਟਾ ਸਿੰਘ ਗੁਰਥੜੀ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਬੀਬੀ ਜੋਗਿੰਦਰ ਕੌਰ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਗੁਰਦਿਆਲ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ. ਸੁਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਗਿਆਨੀ ਬਲਬੀਰ ਸਿੰਘ ਚੰਗਿਆੜਾ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਰਜਨ ਸਿੰਘ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਅਮਨਦੀਪ ਸਿੰਘ ਸ੍ਰੀ ਅੰਮ੍ਰਿਤਸਰ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਬਲਦੇਵ ਸਿੰਘ ਵੱਲ੍ਹਾ, ਬਾਬਾ ਬਲਦੇਵ ਸਿੰਘ

ਮੁਸਤਾਫਾਪੁਰ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਸਪਾਲ ਸਿੰਘ ਮੁਕਤਸਰ ਸਾਹਿਬ, ਬਾਬਾ ਕਸ਼ਮੀਰ ਸਿੰਘ ਬਟਾਲਾ, ਬਾਬਾ ਗੁਰਮੇਜ ਸਿੰਘ, ਬਾਬਾ ਸ਼ਮਸ਼ੇਰ ਸਿੰਘ, ਬਾਬਾ ਬਲਕਾਰ ਸਿੰਘ, ਬਾਬਾ ਹਰਜਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਬਾਬਾ ਜਰਨੈਲ ਸਿੰਘ, ਬਾਬਾ ਨੌਨਿਹਾਲ ਸਿੰਘ, ਗੁਰਦੁਆਰਾ ਪਾਉਂਟਾ ਸਾਹਿਬ ਦੇ ਮੈਨੇਜਰ ਸ. ਜਗੀਰ ਸਿੰਘ, ਸਵਾਮੀ ਜੀ ਹੁਸ਼ਿਆਰਪੁਰ ਵਾਲੇ, ਬਾਬਾ ਗੁਰਦੇਵ ਸਿੰਘ, ਪ੍ਰਿੰਸੀਪਲ ਡਾ ਜਸਵੀਰ ਸਿੰਘ, ਸੁਪਰਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਮੇਜਰ ਸਿੰਘ, ਸ. ਗੁਰਮੇਜ ਸਿੰਘ, ਸ. ਬਲਦੇਵ ਸਿੰਘ, ਸ. ਜਗਦੀਸ਼ ਸਿੰਘ ਬੁੱਟਰ ਚੀਫ ੮੫, ਮੈਨੇਜਰ ਸ. ਸਤਨਾਮ ਸਿੰਘ ਰਿਆੜ, ਸ. ਸਤਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਸ. ਨਿਸ਼ਾਨ ਸਿੰਘ ਜ਼ਫਰਵਾਲ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਸ. ਰਣਜੀਤ ਸਿੰਘ, ਤਖਤ ਸ੍ਰੀ ਦਮਦਮਾ ਸਹਿਬ ਦੇ ਮੈਨੇਜਰ ਸ. ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਸ. ਗੁਰਪ੍ਰੀਤ ਸਿੰਘ, ਸ. ਸਤਨਾਮ ਸਿੰਘ ਗੋਸਲ, ਸ. ਸੁਰਜੀਤ ਸਿੰਘ ਬਰਨਾਲਾ, ਵਧੀਕ ਮੈਨੇਜਰ ਸ. ਹਰਦੇਵ ਸਿੰਘ ਐਡਵੋਕੇਟ, ਸ. ਸੰਦੀਪ ਸਿੰਘ ਕਲੋਤਾ, ਸ. ਅਮਰਜੀਤ ਸਿੰਘ ਜਿੰਦਵੜੀ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਬਲਵੰਤ ਸਿੰਘ ਐਨੇਕੋਟ, ਭਾਈ ਸਰਬਜੀਤ ਸਿੰਘ ਲੁਧਿਆਣਾ ਆਦਿ ਵੀ ਹਾਜ਼ਰ ਸਨ। ■

ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

ਡਾਇਰੈਕਟੋਰੇਟ ਆਫ਼ ਐਜੂਕੇਸ਼ਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਸ਼੍ਰੋਮਣੀ ਕਮੇਟੀ ਅਧੀਨ ਸਕੂਲ

1. ਸਾਹਿਬਜਾਦਾ ਬਾਬਾ ਫਤਹਿ ਸਿੰਘ ਪਬਲਿਕ ਸਕੂਲ, ਗੁਰੂ ਕਾ ਬਾਗ਼, ਸ੍ਰੀ ਅੰਮ੍ਰਿਤਸਰ
2. ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਮਲੂਕਾ, ਬਠਿੰਡਾ
3. ਮਾਤਾ ਗੁਜਰੀ ਪਬਲਿਕ ਸਕੂਲ, ਬੇਹੜੀ ਸਾਹਿਬ, ਸ੍ਰੀ ਮੁਕਤਸਰ ਸਾਹਿਬ
4. ਸੰਤ ਬਾਬਾ ਫਤਿਹ ਸਿੰਘ ਪਬਲਿਕ ਸਕੂਲ, ਬੱਲੋ-ਬਦਿਆਲਾ, ਬਠਿੰਡਾ
5. ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਗੰਗਸਰ ਜੈਤੋ, ਫਰੀਦਕੋਟ
6. ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਬਜੀਦਪੁਰ, ਫਿਰੋਜ਼ਪੁਰ
7. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਪਬਲਿਕ ਸਕੂਲ, ਨਡਾਲਾ, ਕਪੂਰਥਲਾ
8. ਭਾਈ ਬਹਿਲੋ ਜੀ ਪਬਲਿਕ ਸਕੂਲ, ਫਫੜੇ ਭਾਈ ਕੇ, ਮਾਨਸਾ
9. ਸਾਹਿਬਜ਼ਾਦਾ ਜੁਝਾਰ ਸਿੰਘ ਪਬਲਿਕ ਸਕੂਲ, ਕੋਟ ਧਰਮੂ, ਮਾਨਸਾ
10. ਮਾਤਾ ਸੁੰਦਰੀ ਪਬਲਿਕ ਸਕੂਲ, ਕੋਟ ਸ਼ਮੀਰ, ਬਠਿੰਡਾ
11. ਸੰਤ ਹਰਚੰਦ ਸਿੰਘ ਲੌਂਗੋਵਾਲ ਪਬਲਿਕ ਸਕੂਲ, ਸ਼ੇਰਪੁਰ, ਸੰਗਰੂਰ
12. ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ, ਗੁਰਦਾਸ ਨੰਗਲ, ਗੁਰਦਾਸਪੁਰ
13. ਭਾਈ ਮਹਾਂ ਸਿੰਘ ਖਾਲਸਾ ਪਬਲਿਕ ਸਕੂਲ, ਜਲਾਲਾਬਾਦ, ਫਾਜ਼ਿਲਕਾ
14. ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਪਬਲਿਕ ਸਕੂਲ, ਸ੍ਰੀ ਹਰਗੋਬਿੰਦਪੁਰ, ਗੁਰਦਾਸਪੁਰ
15. ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਆਨੰਦਪੁਰ ਸਾਹਿਬ, ਰੂਪਨਗਰ
16. ਮਹਾਰਾਜਾ ਰਣਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਰਨ ਤਾਰਨ
17. ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਛਾਜਲੀ, ਸੰਗਰੂਰ
18. ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀ. ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ
19. ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ
20. ਮਾਤਾ ਗੰਗਾ ਕੰਨਿਆ ਸੀਨੀ. ਸੈਕੰਡਰੀ ਸਕੂਲ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ
21. ਸ੍ਰੀ ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ
22. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਕਾ ਬਾਗ, ਅਜਨਾਲਾ, ਸ੍ਰੀ ਅੰਮ੍ਰਿਤਸਰ
23. ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਹਰਿਆਨਾ, ਹੁਸ਼ਿਆਰਪੁਰ
24. ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ, ਖੰਨਾ, ਲੁਧਿਆਣਾ
25. ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਤਖਤੂਪੁਰਾ, ਮੋਗਾ
26. ਭੂਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਮੋਗਾ
27. ਖਾਲਸਾ ਸੀਨੀ. ਸੈਕੰਡਰੀ ਸਕੂਲ, ਬੀੜ ਬਾਬਾ ਬੁੱਢਾ ਸਾਹਿਬ, ਠੱਠਾ, ਤਰਨ ਤਾਰਨ
28. ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ
29. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸੀਨੀ. ਸੈਕੰ. ਸਕੂਲ, ਰਮਦਾਸ, ਸ੍ਰੀ ਅੰਮ੍ਰਿਤਸਰ
30. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਸਾਹਿਬ, ਸ੍ਰੀ ਅੰਮ੍ਰਿਤਸਰ
31. ਗੁਰੂ ਅਰਜਨ ਦੇਵ ਪਬਲਿਕ ਸਕੂਲ, ਬਾਰਠ ਸਾਹਿਬ, ਗੁਰਦਾਸਪੁਰ
32. ਗੁਰੂ ਨਾਨਕ ਦੇਵ ਅਕੈਡਮੀ, ਜਲੰਧਰ ਰੋਡ, ਬਟਾਲਾ, ਗੁਰਦਾਸਪੁਰ
33. ਗੁਰੂ ਨਾਨਕ ਦੇਵ ਅਕੈਡਮੀ, ਓਠੀਆਂ, ਗੁਰਦਾਸਪੁਰ
34. ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਲੱਧੇਵਾਲ, ਮਾਹਿਲਪੁਰ, ਹੁਸ਼ਿਆਰਪੁਰ
35. ਦਸ਼ਮੇਸ਼ ਪਬਲਿਕ ਸੀਨੀ. ਸੈਕੰਡਰੀ ਸਕੂਲ, ਮਾਣੂੰਕੇ, ਤਹਿ. ਜਗਰਾਉਂ, ਲੁਧਿਆਣਾ
36. ਦਸ਼ਮੇਸ਼ ਪਬਲਿਕ ਸੀਨੀ. ਸੈਕੰ. ਸਕੂਲ, ਟਾਹਲੀਆਣਾ ਸਾਹਿਬ, ਰਾਏਕੋਟ, ਲੁਧਿਆਣਾ
37. ਪ੍ਰੀਵਾਰ ਵਿਛੋੜਾ ਪਬਲਿਕ ਸਕੂਲ, ਸਰਸਾ ਨੰਗਲ, ਰੂਪਨਗਰ
38. ਬਾਬਾ ਗੁਰਦਿੱਤਾ ਜੀ ਪਬਲਿਕ ਸਕੂਲ, ਜਿੰਦਵੜੀ, ਅਨੰਦਪੁਰ ਸਾਹਿਬ, ਰੂਪਨਗਰ
39. ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੰਡ ਸਾਹਿਬ, ਰੂਪਨਗਰ
40. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਦਿਆਲਪੁਰਾ, ਤਰਨ ਤਾਰਨ
41. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਰੱਤੋਕੇ, ਤਹਿ. ਪੱਟੀ, ਤਰਨ ਤਾਰਨ
42. ਬੀਬੀ ਰਜਨੀ ਸੀਨੀਅਰ ਸੈਕੰਡਰੀ ਸਕੂਲ, ਪੱਟੀ, ਤਰਨ ਤਾਰਨ
43. ਬਾਬਾ ਬੁੱਢਾ ਪਬਲਿਕ ਸੀਨੀ. ਸੈਕੰਡਰੀ ਸਕੂਲ, ਬੀੜ ਸਾਹਿਬ, ਠੱਠਾ, ਤਰਨ ਤਾਰਨ
44. ਦਸ਼ਮੇਸ਼ ਪਬਲਿਕ ਸਕੂਲ, ਗੁਰਦੁਆਰਾ ਗੁਰਪਲਾਹ ਸਾਹਿਬ, ਊਨਾ, ਹਿਮਾਚਲ ਪ੍ਰਦੇਸ਼
45. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀਨੀ. ਸੈਕੰ. ਪਬਲਿਕ ਸਕੂਲ, ਮੰਜੀ ਸਾਹਿਬ ਕੋਟਾਂ, ਲੁਧਿਆਣਾ
46. ਬਾਬਾ ਅਜਾਪਾਲ ਸਿੰਘ ਖਾਲਸਾ ਪਬਲਿਕ ਸਕੂਲ, ਨਾਭਾ, ਪਟਿਆਲਾ
47. ਮਾਤਾ ਦਮੋਦਰੀ ਖਾਲਸਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਡਰੋਲੀ ਭਾਈ, ਮੋਗਾ
48. ਗੁਰੂ ਅਰਜਨ ਦੇਵ ਪਬਲਿਕ ਸਕੂਲ, ਕਰਤਾਰਪੁਰ, ਜਲੰਧਰ

Press Registrar General of India at No.354

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

GURMAT PARKASH

January 2026

Dharam Parchar Committee, Shiromani Gurdwara Parbandhak Committee, Sri Amritsar Sahib

ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਪਾਤਸ਼ਾਹੀ ਨੌਵੀਂ,
ਬੰਗਾ ਰੋਡ (ਸ਼ਹੀਦ ਭਗਤ ਸਿੰਘ ਨਗਰ)

Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-1-2026